ਸ਼ਨੀਵਾਰ, 1 ਨਵੰਬਰ, 2025
16 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 151

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 1 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸਾਡਾ ਨਾਓਂ ਤੇ ਸਾਡਾ ਕੰਮ : ਗ਼ਦਰ


ਸਾਡਾ ਨਾਓਂ ਤੇ ਸਾਡਾ ਕੰਮ




**ਗੁਰਮੀਤ**

'ਮੇਲਾ ਗ਼ਦਰੀ ਬਾਬਿਆਂ ਦਾ' ਅੱਜ ਆਪਣੀ ਨਿਰੰਤਰਤਾ ਦੇ 34ਵੇਂ ਦੌਰ 'ਚ ਦਾਖਲ ਹੋ ਰਿਹਾ ਹੈ। ਮੇਲਾ ਗ਼ਦਰ ਲਹਿਰ ਦੀ ਸੰਗਰਾਮਣ ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਹੈ। ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਜਿਥੇ ਗ਼ਦਰ ਪਾਰਟੀ ਨੇ ਆਪਣੀ ਭੂਮਿਕਾ ਦੇ ਇਤਿਹਾਸ ਨੂੰ ਆਪਣੇ ਲਹੂ ਨਾਲ ਸਿੰਝ ਕੇ ਵਿਸ਼ਵ ਭਰ ਵਿਚ ਸਾਮਰਾਜੀ ਗੁਲਾਮੀ, ਲੁੱਟ ਅਤੇ ਅਨਿਆਂ ਵਿਰੁੱਧ ਕੀਤੇ ਸੰਘਰਸ਼ ਕਰਕੇ ਬਰਾਬਰੀ ਖੁਸ਼ਹਾਲੀ ਵਾਲੇ ਨਿਆਂ ਭਰੇ ਨਿਜ਼ਾਮ ਦੀ ਉਸਾਰੀ ਦਾ ਹੋਕਾ ਦਿੱਤਾ ਉਥੇ ਏਸੇ ਇਤਿਹਾਸ ਦੇ ਪੰਨੇ 'ਤੇ ਪਹਿਲੀ ਨਵੰਬਰ ਦਾ ਦਿਨ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਸਾਮਰਾਜ ਵਿਰੁੱਧ ਜੰਗ ਦੇ ਬਿਗਲ ਦੀ ਅਵਾਜ਼ ਹੋਰ ਬੁਲੰਦ ਹੁੰਦੀ ਹੈ।....

ਗ਼ਦਰ ਅਖ਼ਬਾਰ ਦੇ ਪਹਿਲੇ ਅੰਕ ਵਿਚ ਐਲਾਨਿਆ ਗਿਆ ਸੀ:

ਅੱਜ ਪੈਹਲੀ ਨਵੰਬਰ ਸਨ (1913) ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸਮੰਤ ਚਲਦਾ ਹੈ। ਕਿਓਂਕਿ ਅੱਜ ਅੰਗਰੇਜ਼ੀ ਰਾਜ ਦੇ ਵਰੁਧ ਪਰਦੇਸ ਵਿਚੋਂ ਦੇਸੀ ਜੁਬਾਨ ਵਿਚ ਜੰਗ ਛਿੜਦੀ ਹੈ। ਅੱਜ ਦਾ ਦਿਨ ਸ਼ੁਭ ਹੈ। ਕਿ ਅੰਗਰੇਜ਼ੀ ਜੁਲਮ ਦੀ ਜੜ ਉਖਾੜਨ ਵਾਲਾ ਅੱਖਰ ਉਰਦੂ ਤੇ ਗੁਰਮੁਖੀ ਅਖਬਾਰ ਉਤੇ ਜਾਹਰ ਹੁੰਦਾ ਹੈ। ਘਰ ਤੋਂ ਦਸ ਹਜਾਰ ਮੀਲ ਦੂਰ ਪ੍ਰਦੇਸ ਵਿਚ ਇਸ ਅਖਬਾਰ ਦਾ ਛੱਪਨਾ ਇਕ ਅਜੇਹਾ ਕੰਮ ਹੈ। ਜਿਸ ਤੇ ਨਿਗਾ ਮਾਰਨ ਤੇ ਦਿਲ ਵਿਚ ਖੁਸ਼ੀ ਭਰੀ ਨਹੀਂ ਸਮਾਉਂਦੀ।

ਅੱਜ ਭਾਰਤ ਦੀ ਕਿਸਮਤ ਹਸ ਰਹੀ ਹੈ। ਨਵੀਂ ਉਮੈਦਾਂ ਤੇ ਨਵੇਂ ਕੰਮਾਂ ਦਾ ਵੇਲਾ ਆਗੇਆ ਹੈ। ਅੱਜ ਚੋਬਰਾਂ ਦੇ ਕੁਮਲਾਏ ਹੋਏ ਦਿਲਾਂ ਤੇ ਜੋਸ਼ ਤੇ ਹਿੱਮਤ ਦਾ ਛਿਟਾ ਦੇ ਕੇ ਉਨਾਂ ਵਿਚ ਨਵੀਂ ਜਾਨ ਪਾਈ ਗਈ ਹੈ। ਅੱਜ ਕਲਮ ਦੀ ਤਾਕਤ ਦੇ ਨਾਲ ਅੰਗਰੇਜ਼ੀ ਰਾਜ ਪੁਰ ਤੋਪ ਬੀੜ ਦਿਤੀ ਹੈ। ਜਿਸਦਾ ਨਾਸ਼ ਕਰੇ ਬਿਨਾਂ ਬੰਦ ਨਾ ਹੋਵੇਗੀ। ਅੱਜ ਹਿੰਦੀ ਭਾਈਆਂ ਦੀ ਗੁਲਾਮੀ ਦੂਰ ਕਰਨ ਦੀ ਖਾਤਰ ਇਕ ਨਵਾਂ ਸੰਦ ਘੜੇਆ ਗਿਆ ਹੈ। ਜਿਸ ਤੋਂ ਸਰਕਾਰ ਦਾ ਲਹੂ ਸੁਕ ਗਿਆ ਹੈ। ਅੱਜ ਓਹ ਕੰਮ ਚਲੇਆ ਹੈ, ਜਿਦੀ ਮੈਹਮਾ ਸਾਰੀ ਦੁਨੀਆ ਵਿਚ ਹੋ ਜਾਓਗੀ। ਜਿਸ ਦੀਆਂ ਗੱਲਾਂ ਸਾਡੇ ਪੁਤ ਤੇ ਪੋਤਰੇ ਬੜੀ ਖੁਸ਼ੀ ਨਾਲ ਕਰੇਆ ਕਰਨਗੇ॥

ਸਾਡਾ ਨਾਓ ਕੀ ਹੈ? "ਗ਼ਦਰ"। ਕੰਮ ਕੀ ਹੈ? "ਗ਼ਦਰ"। ਨਾਓ ਅਤੇ ਕੰਮ ਇਕੋ ਹੈ।....ਕਿਓਂ ਹੋਵੇਗਾ? ਕਿਓਂਕਿ ਅਬ ਅੰਗਰੇਜ਼ਾਂ ਦੇ ਜ਼ੁਲਮ ਤੋਂ ਖਿਲਕੁਤ ਦੁਖੀ ਹੋ ਗਈ ਹੈ ਅਤੇ ਅਜਾਦੀ ਦੀ ਖਾਤਰ ਲੜਨ ਮਰਨ ਨੂੰ ਤਿਆਰ ਹੈ। ਏਸ ਗ਼ਦਰ ਦੀ ਖਾਤਰ ਹਰ ਏਕ ਹਿੰਦੋਸਤਾਨੀ ਦਾ ਤਿਆਰ ਹੋ ਜਾਨਾ ਧਰਮ ਹੈ।....

ਅੱਜ ਫੇਰ ਜਦੋਂ 1 ਨਵੰਬਰ, 2025 ਨੂੰ ਮੁਲਕ ਦੇ ਹਾਲਤਾਂ 'ਤੇ ਨਜ਼ਰ ਮਾਰਦੇ ਹਾਂ, ਤਾਂ ਦੇਸ਼ ਦੇ ਹਾਲਤ ਉਸ ਦੌਰ ਨਾਲੋਂ ਵੀ ਬਦਤਰ ਹੋ ਰਹੇ ਹਨ। ਦੇਸ਼ ਅਜਾਰੇਦਾਰ ਕਾਰਪੋਰੇਟ ਘਰਾਣਿਆਂ ਦੀ ਜਕੜ ਹੇਠ, ਜੋ ਨੰਗੇ ਚਿੱਟੇ ਰੂਪ 'ਚ ਆਮ ਜਨਤਾ ਦਾ ਲਹੂ ਨਿਚੋੜ ਰਹੇ ਹਨ ਅਤੇ ਹਾਕਮ ਇਨ੍ਹਾਂ ਦੇ ਇਸ਼ਾਰਿਆਂ ਤੇ ਨੱਚ ਰਹੇ ਹਨ। ਲੋਕਾਂ ਨੂੰ ਧਰਮ ਦੇ ਨਾਂਅ 'ਤੇ ਲੜਾਉਣ ਦੀਆਂ ਸਾਜ਼ਿਸ਼ ਕਰਕੇ ਦੇਸ਼ ਦੇ ਸਾਂਝੇ ਭਾਈਚਾਰੇ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਹਾਕਮਾ ਦੇ ਜਬਰ ਵਿਰੁੱਧ ਅਵਾਜ਼ ਉਠਾਉਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਨਕਸਲਵਾਦ ਦੇ ਨਾਂਅ 'ਤੇ ਆਦਿਵਾਸੀਆਂ ਦਾ ਨਸਲਘਾਤ ਕੀਤਾ ਜਾ ਰਿਹਾ ਹੈ। ਜ਼ਬਰਦਸਤੀ ਜ਼ਮੀਨਾਂ 'ਤੇ ਕਬਜ਼ੇ ਕਰਕੇ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਹੱਕ ਮੰਗਦੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ।

ਇਨ੍ਹਾਂ ਹਾਲਤਾਂ ਵਿਚ ਗ਼ਦਰੀ ਪਾਰਟੀ ਨੇ ਅਜ਼ਾਦੀ ਦੇ ਨਿਆਂ ਭਰੇ ਖੁਸ਼ਹਾਲ ਸਮਾਜ ਦੀ ਉਸਾਰੀ ਲਈ ਸੰਗਰਾਮ ਦੀ ਰੌਸ਼ਨੀ ਵਿਚ 34ਵਾਂ ਮੇਲਾ ਇਨ੍ਹਾਂ ਕਾਲੀਆਂ ਸ਼ਕਤੀਆਂ ਦੇ ਨਾਸ਼ ਲਈ ਸੰਗਰਮ ਨੂੰ ਪ੍ਰਚੰਡ ਕਰਨ ਦਾ ਹੋਕਾ ਦਏਗਾ। ਮੇਲੇ 'ਤੇ ਚੋਟੀ ਦੇ ਬੁਧੀਜੀਵੀ ਆਪਣੇ ਸੁਨੇਹੇ ਦੇਣਗੇ। ਕਵੀ ਲੜ ਰਹੇ ਲੋਕਾਂ ਦੀ ਧੜਕਨ ਬਨਣਗੇ... ਆਰਟਿਸਟ ਅਤੇ ਸਕੂਲ-ਕਾਲਜ ਦੇ ਵਿਦਿਆਰਥੀ ਆਪਣੀਆਂ ਪੇਂਟਿੰਗਾਂ ਰਾਹੀਂ ਦੇਸ਼ ਦੀ ਮੌਜੂਦਾ ਸਥਿਤੀ ਦਰਸਾਉਣਗੇ। ਕੁਇਜ਼ ਮੁਕਾਬਲੇ ਰਾਹੀਂ ਫਾਸ਼ੀਵਾਦ ਦੇ ਖ਼ੂਨੀ ਇਤਿਹਾਸ ਨੂੰ ਯਾਦ ਕਰਕੇ ਵਰਤਮਾਨ ਵਿਚ ਇਸਦੇ ਖ਼ਤਰਿਆਂ ਦੇ ਰੂਬਰੂ ਹੋਇਆ ਜਾਵੇਗਾ... ਗਦਰ ਪਾਰਟੀ ਦੇ ਸੰਗਰਾਮ ਦਾ ਹੋਕਾ ਦਿੰਦਾ ਇਹ ਮੇਲਾ ਆਪਣੀ ਮੰਜ਼ਿਲ ਦੇ ਅਗਲੇ ਪੜਾਅ ਵੱਲ ਜਾਰੀ ਰਹੇਗਾ...।

**ਸੰਪਰਕ : 98149-64455**




# ਗ਼ਦਰੀ ਬਾਬਿਆਂ ਦੇ ਮੇਲੇ 'ਤੇ ਗ਼ਦਰ ਅਖ਼ਬਾਰ ਦੀ ਮਹੱਤਤਾ

**ਪਿਰਥੀਪਾਲ ਸਿੰਘ ਮਾੜੀਮੇਘਾ**

ਇਤਿਹਾਸ ਅਨੁਸਾਰ ਜਦੋਂ ਲਾਲਾ ਹਰਦਿਆਲ ਅਖ਼ਬਾਰ ਕੱਢਣ ਤੋਂ ਹਿਚਕਚਾ ਰਹੇ ਸਨ ਤੇ ਕਰਤਾਰ ਸਿੰਘ ਸਰਾਭਾ ਹੀ ਸੀ ਜਿਸ ਨੇ ਉਨ੍ਹਾਂ ਨੂੰ ਅਖ਼ਬਾਰ ਦੀ ਜ਼ਿੰਮੇਵਾਰੀ ਸੰਭਾਲਣ ਲਈ ਮਨਾਇਆ। ਗ਼ਦਰ ਅਖ਼ਬਾਰ ਦਾ ਪਲੇਠਾ ਅੰਕ ਪਹਿਲੀ ਨਵੰਬਰ 1913 ਨੂੰ ਉਰਦੂ ਵਿੱਚ ਗ਼ਦਰ ਪਾਰਟੀ ਦੇ ਹੈੱਡਕੁਆਟਰ 5 ਵੁੱਡ ਸਟਰੀਟ ਅਮਰੀਕਾ ਤੋਂ ਛਪਿਆ। ਅਖ਼ਬਾਰ ਦੇ ਪਹਿਲੇ ਸਫ਼ੇ ਦੇ ਉਪਰਲੇ ਪਾਸੇ ਖੱਬੇ ਖੂੰਜੇ ਵਿੱਚ 'ਬੰਦੇ' ਅਤੇ ਸੱਜੇ ਪਾਸੇ ਦੇ ਖੂੰਜੇ ਵਿੱਚ 'ਮਾਤ੍ਰਮ' ਛਾਪਿਆ ਗਿਆ। ਦੋਹਾਂ ਦੇ ਵਿਚਕਾਰ 'ਜੇ ਤਓ ਪ੍ਰੇਮ ਖੇਲਣ ਕਾ ਚਾਓ ਸਿਰ ਧਰਿ ਤਲੀ ਗਲੀ ਮੇਰੀ ਆਉ' ਉਚਰਿਆ ਹੋਇਆ ਸੀ। ਅਖ਼ਬਾਰ ਚਲਾਉਣ ਲਈ ਗ਼ਦਰੀਆਂ ਦੀ ਇੱਕ ਕਮੇਟੀ ਰਾਹੀਂ ਤਿੰਨ ਹਜ਼ਾਰ ਡਾਲਰ ਇਕੱਠਾ ਕੀਤਾ । ਗਦਰ ਪਾਰਟੀ ਅਤੇ ਅਖ਼ਬਾਰ ਲਈ ਕੰਮ ਕਰਨ ਵਾਲਿਆਂ ਨੂੰ ਦੋ ਡਾਲਰ ਪ੍ਰਤੀ ਮਹੀਨਾ ਖ਼ਰਚਾ ਅਤੇ ਕੱਪੜੇ ਦਿੱਤੇ ਜਾਂਦੇ ਸਨ । ਜਲਦੀ ਹੀ ਗ਼ਦਰੀ ਜਵਾਲਾ ਸਿੰਘ ਤੇ ਸੰਤ ਵਿਸਾਖਾ ਸਿੰਘ ਦਦੇਹਰ ਸਾਹਿਬ ਦੇ ਫ਼ਾਰਮ ਤੋਂ ਖਾਣ-ਪੀਣ ਲਈ ਰਾਸ਼ਣ ਆਉਣ ਲੱਗ ਪਿਆ।

ਲਾਲਾ ਹਰਦਿਆਲ ਦੀ ਮਦਦ ਲਈ ਯੂ ਪੀ ਦਾ ਇੱਕ ਪੜ੍ਹਿਆ-ਲਿਖਿਆ ਨੌਜਵਾਨ ਰਘਵੀਰ ਦਿਆਲ ਆ ਗਿਆ। ਕਰਤਾਰ ਸਿੰਘ ਸਰਾਭਾ ਜੋ ਬਰਕਲੇ ਯੂਨੀਵਰਸਿਟੀ ਦਾ ਵਿਦਿਆਰਥੀ ਸੀ, ਉਹ ਵੀ ਪਹੁੰਚ ਗਿਆ। ਗ਼ਦਰ ਅਖ਼ਬਾਰ ਪੰਜਾਬੀ ਭਾਸ਼ਾ ਵਿੱਚ 9 ਦਸੰਬਰ 1913 ਨੂੰ ਛਪਣਾ ਸ਼ੁਰੂ ਹੋਇਆ। ਲਾਲਾ ਹਰਦਿਆਲ ਦੀ ਲਿਖਤ ਦਾ ਉਰਦੂ ਵਿੱਚ ਉਲਥਾ ਰਘਵੀਰ ਦਿਆਲ ਕਰ ਦੇਂਦਾ ਤੇ ਅੱਗੇ ਪੰਜਾਬੀ ਵਿੱਚ ਕਰਤਾਰ ਸਿੰਘ ਸਰਾਭਾ ਕਰਦਾ ਸੀ। ਕਰਤਾਰ ਸਿੰਘ ਆਪ ਵੀ ਅਖ਼ਬਾਰ ਲਈ ਮਜ਼ਬੂਨ ਲਿਖਦਾ । ਹਕੀਕਤ ਇਹ ਸੀ ਕਿ ਗਦਰ ਅਖ਼ਬਾਰ ਲਾਲਾ ਹਰਦਿਆਲ ਦਾ 'ਦਿਮਾਗੀ ਬੱਚਾ' ਸੀ। ਅਖ਼ਬਾਰ ਗੁਜਰਾਤੀ ਵਿੱਚ 1 ਮਈ 1914 ਨੂੰ ਛਪਿਆ। ਅਖ਼ਬਾਰ ਹਿੰਦੀ ਵਿੱਚ ਵੀ ਛਪਦਾ ਸੀ। ਗ਼ਦਰ ਅਖ਼ਬਾਰ ਦੇ ਪਹਿਲੇ ਅੰਕ ਸਾਇਕਲੋਸਟਾਈਲ ਕਰਕੇ ਹੱਥ ਨਾਲ ਚੱਲਣ ਵਾਲੀ ਪ੍ਰਿੰਟਿੰਗ ਮਸ਼ੀਨ 'ਤੇ ਛਾਪੇ ਜਾਂਦੇ ਸਨ। ਅਖ਼ਬਾਰ ਦੀ ਮੰਗ ਵਧਣ ਕਰਕੇ ਬਿਜਲੀ ਨਾਲ ਚੱਲਣ ਵਾਲੀ 'ਲਿੱਥੋ ਪ੍ਰਿੰਟਿੰਗ ਪ੍ਰੈੱਸ' ਦੀ ਵਰਤੋਂ ਸ਼ੁਰੂ ਹੋਈ।

ਲਾਲਾ ਹਰਦਿਆਲ ਦੇ ਨਾਲ ਸਹਾਇਕ ਕਰਤਾਰ ਸਿੰਘ ਸਰਾਭਾ ਅਤੇ ਹਰਨਾਮ ਸਿੰਘ ਟੁੰਡੀਲਾਟ ਸਨ। ਪਿੱਛੋਂ ਸ਼ਹੀਦ ਸੋਹਣ ਲਾਲ ਪਾਠਕ ਪੱਟੀ, ਪਿਰਥਵੀ ਸਿੰਘ, ਜਗਤ ਰਾਮ ਆਦਿ ਵੀ ਅਖ਼ਬਾਰ ਦੇ ਪ੍ਰਬੰਧਕਾਂ ਵਿੱਚ ਸ਼ਾਮਲ ਹੋ ਗਏ।

ਗ਼ਦਰ ਅਖ਼ਬਾਰ ਪੰਜਾਬ ਪਹੁੰਚਾਉਣ ਵਾਸਤੇ ਕਈ ਯਤਨ ਤੇ ਵਿਉਂਤਾਂ ਬਣੀਆਂ, ਪਰ ਨੇਪਰੇ ਨਾ ਚੜ੍ਹਨ। ਅੰਤ 7 ਦਸੰਬਰ 1913 ਨੂੰ ਪਹਿਲੀ ਕਾਪੀ ਲੁਧਿਆਣਾ ਦੇ ਸਰਦਾਰ ਬਹਾਦਰ ਗੱਜਣ ਸਿੰਘ ਕੋਲ ਪਹੁੰਚੀ। ਇਸ ਦੀ ਸੂਹ ਹਿੰਦੁਸਤਾਨ ਦੇ 'ਕੇਂਦਰੀ ਇੰਟੈਲੀਜੈਂਸ ਦੇ ਡਾਇਰੈਕਟਰ' ਨੂੰ ਲੱਗ ਗਈ, ਕਿਉਂਕਿ ਆਮ ਰੂਪ ਵਿੱਚ ਅਮਰੀਕਾ ਤੋਂ ਆਉਂਦੀ ਹਰੇਕ ਡਾਕ ਦੀ ਤਲਾਸ਼ੀ ਲਈ ਜਾਂਦੀ ਸੀ। ਲਾਹੌਰ ਗ਼ਦਰ ਪਾਰਟੀ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਇਨਕਲਾਬੀਆਂ ਦਾ ਕੇਂਦਰ ਬਣ ਚੁੱਕਾ ਸੀ। ਲਾਹੌਰ 24 ਜਨਵਰੀ 1914 ਨੂੰ ਅਖ਼ਬਾਰ ਦੀਆਂ 24 ਕਾਪੀਆਂ ਆਈਆਂ ਅਤੇ ਹਕੂਮਤ ਨੇ ਫੜ ਲਈਆਂ। ਇਸੇ ਤਰ੍ਹਾਂ ਬੰਬਈ ਤੋਂ 30 ਜਨਵਰੀ 1914 ਨੂੰ ਹੱਥ ਲਿਖਤ ਲਿਫਾਫਿਆਂ ਦੀ ਬਿਲਟੀ ਪੰਜਾਬ ਨੂੰ ਭੇਜੀ ਗਈ ਤੇ ਉਹ ਅੰਗਰੇਜ਼ਾਂ ਨੇ ਫੜ ਲਈ। ਇਸ ਲਿਖਤ ਵਿੱਚ 252 ਪੈਕਟਾਂ ਉੱਤੇ ਪੰਜਾਬੀਆਂ ਦੇ ਪਤੇ ਅਤੇ 23 ਫੌਜੀਆਂ ਦੇ ਸਿਰਨਾਵੇਂ ਸਨ। ਫਰਵਰੀ 7,1914 ਨੂੰ ਪੰਜਾਬੀਆਂ ਦੇ ਪਤੇ 'ਤੇ ਭੇਜੀ 104 ਲਿਫਾਫਿਆਂ ਦੀ ਬਿਲਟੀ ਫੜੀ ਗਈ। ਇਸ ਵਿੱਚ 84 ਗ਼ਦਰ ਅਖ਼ਬਾਰ ਦੀਆਂ ਕਾਪੀਆਂ ਸਨ। ਫਰਵਰੀ 13,1914 ਵਿੱਚ 387 ਲਿਫਾਫਿਆਂ ਦੀ ਬਿਲਟੀ ਅਤੇ ਚਾਰ ਪੈਕਟ ਫੜੇ ਗਏ। ਇਨ੍ਹਾਂ ਵਿੱਚ 331 ਉੱਤੇ ਫੌਜੀਆਂ ਦੇ ਸਿਰਨਾਵੇਂ ਸਨ।

ਲਾਲਾ ਹਰਦਿਆਲ ਤੋਂ ਬਾਅਦ ਅਖ਼ਬਾਰ ਵਿੱਚ ਦੂਜੇ ਨੰਬਰ ਦਾ ਕਰਤਾ-ਧਰਤਾ ਸੀ ਰਾਮ ਚੰਦ ਪਸ਼ਾਵਰੀਆ। ਰਾਮ ਚੰਦ ਨੇ ਸਰਦਾਰ ਅਜੀਤ ਸਿੰਘ ਵਾਲੀ 1906-07 ਵਾਲੀ ਪ੍ਰਸਿੱਧ ਕਿਸਾਨ ਲਹਿਰ ਵਿੱਚ ਹਿੱਸਾ ਲਿਆ ਅਤੇ ਹਿੰਦੁਸਤਾਨ ਵਿੱਚੋਂ ਨਿਕਲਦੇ ਅਖ਼ਬਾਰਾਂ ਇੰਡੀਆ ਅਤੇ ਆਕਾਸ਼ ਦੇ ਐਡੀਟਰ ਦੀ ਜ਼ਿੰਮੇਵਾਰੀ ਨਿਭਾਈ ਸੀ। ਕਰਤਾਰ ਸਿੰਘ ਜਲਦੀ ਹੀ ਪ੍ਰੈੱਸ ਦਾ ਸਾਰਾ ਕੰਮ ਸਿੱਖ ਗਿਆ ਅਤੇ ਤਨਖਾਹ 'ਤੇ ਰੱਖੇ ਗੋਰੇ ਦੀ ਛੁੱਟੀ ਕਰ ਦਿੱਤੀ ਗਈ। ਇਤਿਹਾਸ ਅਨੁਸਾਰ ਸਰਾਭੇ ਨੇ ਘਰੋਂ ਜੋ ਪੜ੍ਹਾਈ ਵਾਸਤੇ 200 ਡਾਲਰ ਲਿਆਂਦੇ ਸਨ, ਉਹ ਵੀ ਅਖ਼ਬਾਰ ਚਲਾਉਣ ਲਈ ਹਰਦਿਆਲ ਦੇ ਹਵਾਲੇ ਕਰ ਦਿੱਤੇ। ਲਿਖਤਾਂ ਅਨੁਸਾਰ ਸਰਾਭਾ ਇੱਕ ਬਿਜਲੀ ਦੇ ਇੰਜਣ ਦੀ ਤਰ੍ਹਾਂ ਕੰਮ ਕਰਦਾ ਸੀ। ਗ਼ਦਰੀ ਹਰਨਾਮ ਸਿੰਘ ਟੁੰਡੀਲਾਟ ਅਖ਼ਬਾਰ ਦੇ ਕੰਮ ਵਿੱਚ ਸਹਾਇਤਾ ਦੇ ਨਾਲ ਲਾਲਾ ਹਰਦਿਆਲ ਦੀ ਰਖਵਾਲੀ ਕਰਦਾ ਸੀ, ਕਿਉਂਕਿ ਹਰਦਿਆਲ ਬਿਮਾਰੀ ਦੇ ਕਾਰਨ ਸਿਹਤ ਪੱਖੋਂ ਬਹੁਤ ਕਮਜ਼ੋਰ ਹੋ ਚੁੱਕੇ ਸਨ ।

ਪੰਡਤ ਜਗਤ ਰਾਮ ਬਹੁਤ ਹੀ ਗੁਪਤ ਰੱਖਣ ਵਾਲਾ ਕੰਮ ਗਦਰ ਅਖ਼ਬਾਰ ਭੇਜਣ ਦਾ ਕਰਦੇ ਸਨ, ਇਹ ਇਸ ਲਈ ਕਿ ਦੁਨੀਆ ਭਰ ਦੇ ਗ਼ਦਰ ਪਾਰਟੀ ਨਾਲ ਸੰਬੰਧਤ ਅਖ਼ਬਾਰ ਪਹੁੰਚਾਉਣ ਵਾਲਿਆਂ ਦੇ ਐਡਰੈਸ ਉਨ੍ਹਾਂ ਕੋਲ ਸਨ। ਉਹ ਵੀ ਅੱਗੇ ਗੁਪਤ ਅੱਡੇ ਸਨ। ਅਜਿਹੇ ਗੁਪਤ ਅੱਡਿਆਂ ਦੀ ਗਿਣਤੀ ਹਜ਼ਾਰਾਂ ਵਿੱਚ ਸੀ। ਅਖੀਰ 'ਤੇ ਪੰਡਤ ਜਗਤ ਰਾਮ ਨੇ ਉਹ ਗੁਪਤ ਅੱਡੇ ਜ਼ੁਬਾਨੀ ਯਾਦ ਕਰ ਲਏ ਅਤੇ ਲਿਖਤ ਖ਼ਤਮ ਕਰ ਦਿੱਤੀ।

ਇਹ ਸਪਤਾਹਿਕ ਅਖ਼ਬਾਰ ਗ਼ਦਰ ਪਾਰਟੀ ਦਾ ਬੁਲਾਰਾ ਸੀ। ਅਖ਼ਬਾਰ ਦੀਆਂ ਲਿਖਤਾਂ ਧਰਮਨਿਰਪੱਖ, ਅਫਿਰਕੂ, ਇਨਕਲਾਬੀ ਅਤੇ ਜਮਹੂਰੀ ਸਨ। ਇਸ ਅਖ਼ਬਾਰ ਨੇ ਸਾਮਰਾਜੀ ਬਰਤਾਨੀਆ ਹਕੂਮਤ ਦੀ ਲੁਟੇਰੀ ਤੇ ਜ਼ਾਲਮ ਨੀਤੀ ਦੇ ਸ਼ਰੇਆਮ ਪਰਦੇ ਫਾਸ਼ ਕੀਤੇ। ਗਦਰ ਅਖ਼ਬਾਰ ਦਾ ਘੇਰਾ ਜਲਦੀ ਹੀ ਅਮਰੀਕਾ ਤੋਂ ਇਲਾਵਾ ਮਲਾਇਆ, ਹਾਂਗਕਾਂਗ, ਪੀਨਾਂਗ, ਸਿੰਘਾਪੁਰ, ਸ਼ਿੰਘਾਈ, ਸਿਆਮ, ਪਨਾਮਾ, ਫਿਲਪੀਨ, ਅਰਜਨਟੀਨਾ, ਦੱਖਣੀ ਅਫਰੀਕਾ ਅਤੇ ਹੋਰ ਦੇਸ਼ਾਂ ਵਿੱਚ ਯੋਜਨਾਬੱਧ ਢੰਗ ਨਾਲ ਪੁੱਜਦਾ ਸੀ।

ਇੰਗਲੈਂਡ ਦੇ ਦਬਾਅ ਅਧੀਨ ਅਮਰੀਕਾ ਨੇ ਲਾਲਾ ਹਰਦਿਆਲ 'ਤੇ ਕੇਸ ਦਰਜ ਕਰ ਦਿੱਤਾ ਅਤੇ ਹਰਦਿਆਲ ਨੂੰ ਗ੍ਰਿਫਤਾਰ ਕਰ ਲਿਆ । ਗ਼ਦਰ ਪਾਰਟੀ ਨੇ ਲਾਲਾ ਹਰਦਿਆਲ ਦੀ ਜ਼ਮਾਨਤ ਭਰ ਕੇ ਉਸ ਨੂੰ ਛੁਡਾ ਲਿਆ ਅਤੇ ਅਮਰੀਕਾ 'ਚੋਂ ਬਾਹਰ ਕੱਢ ਦਿੱਤਾ। ਉਨ੍ਹਾਂ ਦੀ ਜਗ੍ਹਾ 'ਤੇ ਅਖ਼ਬਾਰ ਦੇ ਪ੍ਰਬੰਧ ਦਾ ਇੱਕ ਬੋਰਡ ਬਣਾਇਆ ਗਿਆ, ਜਿਸ ਵਿੱਚ ਸ੍ਰੀ ਰਾਮ ਚੰਦ ਪਿਸ਼ਾਵਰੀਆ, ਸ੍ਰੀ ਮੋਹਨ ਲਾਲ, ਪੰਡਤ ਜਗਤ ਰਾਮ, ਸ੍ਰੀ ਕਰਤਾਰ ਸਿੰਘ ਸਰਾਭਾ ਅਤੇ ਸ੍ਰੀ ਹਰਨਾਮ ਸਿੰਘ ਟੁੰਡੀਲਾਟ ਸਨ। ਐਡੀਟਰ ਦਾ ਬਹੁਤਾ ਕੰਮ ਸ੍ਰੀ ਰਾਮ ਚੰਦ ਪਿਸ਼ਾਵਰੀਆ ਸੰਭਾਲਦੇ ਸਨ।

ਗ਼ਦਰ ਪਾਰਟੀ ਦੇ ਕਰਤਿਆਂ ਨੇ ਗ਼ਦਰ ਅਖ਼ਬਾਰ ਤੋਂ ਇਲਾਵਾ ਅੰਗਰੇਜ਼ ਹਕੂਮਤ ਦੀ ਕਰੂਰਤਾ ਭਰੀ ਜ਼ਾਲਮ ਨੀਤੀ ਵਿਰੁੱਧ 'ਫਰੰਗੀ ਦਾ ਫਰੇਬ' ਲਿਖਤ ਰਾਹੀਂ ਅੰਗਰੇਜ਼ਾਂ ਦੇ ਧੋਖੇ ਤੇ ਧੱਕੇ ਦੀ ਨੀਤੀ ਜੱਗ ਜ਼ਾਹਰ ਕੀਤੀ, ਲਿਖਤ 'ਸ਼ਾਬਾਸ਼' ਰਾਹੀਂ ਲਾਰਡ ਹਾਰਡਿੰਗ ਤੇ ਬੰਬ ਸੁੱਟਣ ਵਾਲਿਆਂ ਦੀ ਪ੍ਰਸੰਸਾ, 'ਨੀਮ ਹਕੀਮ ਖਤਰਾ ਏ ਜਾਨ ਅਤੇ ਨਵੇਂ ਜ਼ਮਾਨੇ ਦੇ ਨਵੇਂ ਆਦਰਸ਼', 'ਜ਼ੁਲਮ ਜ਼ੁਲਮ! ਗੋਰੇ ਸ਼ਾਹੀ ਜ਼ੁਲਮ' (1914) ਨਾਂਅ ਦੇ ਕਿਤਾਬਚੇ ਵਿੱਚ ਗਦਰੀ ਭਗਵਾਨ ਸਿੰਘ ਨੂੰ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦੀ ਵਿੱਥਿਆ ਅਤੇ ਗੋਰੇ ਲੋਕਾਂ ਨੂੰ ਮਾਰਨ ਵਾਸਤੇ ਹਿੰਦੀਆਂ ਨੂੰ ਹੋਕਾ ਦਿੱਤਾ ਗਿਆ। ਇਸੇ ਤਰ੍ਹਾਂ 1915 ਵਿੱਚ 'ਰੂਸੀ ਗ਼ਦਰੀਆਂ ਦੇ ਸਮਾਚਾਰ ਅਰਥਾਤ ਰੂਸੀ ਵੀਰਾਂ ਤੇ ਵੀਰਾਂਗਣ ਦੀਆਂ ਕਹਾਣੀਆਂ' ਪੰਜਾਬੀ ਵਿੱਚ ਛਾਪ ਕੇ ਵੰਡੀਆਂ ਗਈਆਂ।

**ਜਨਰਲ ਸਕੱਤਰ**
**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**
**ਫੋਨ-98760-78731**

## ਗ਼ਦਰ ਪਾਰਟੀ ਦਾ ਸੂਹਾ ਗੁਲਾਬ
# ਬੀਬੀ ਗੁਲਾਬ ਕੌਰ

**ਸੁਰਿੰਦਰ ਕੁਮਾਰੀ ਕੋਛੜ**

ਦੇਸ਼ ਦੀ ਆਜ਼ਾਦੀ ਵਿਚ ਗ਼ਦਰ ਪਾਰਟੀ ਦਾ ਵਿਸ਼ੇਸ਼ ਯੋਗਦਾਨ ਹੈ। ਬਾਬਿਆਂ ਵਿੱਚ ਭਾਈ ਭਗਵਾਨ ਸਿੰਘ, ਬਾਬਾ ਗੁਰਦਿੱਤ ਸਿੰਘ, ਭਾਈ ਜੀਵਨ ਸਿੰਘ, ਭਾਈ ਹਾਫ਼ਿਜ਼ ਅਬਦੁੱਲਾ, ਭਾਈ ਬਖ਼ਸ਼ੀਸ਼ ਸਿੰਘ ਖਾਨਪੁਰ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਚੰਦਾ ਸਿੰਘ ਵੜੈਚ ਅਤੇ ਬਾਬਾ ਸੋਹਣ ਸਿੰਘ ਭਕਨਾ ਦਾ ਨਾਂਅ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸੇ ਤਰ੍ਹਾਂ ਗਦਰੀ ਵੀਰਾਂਗਣਾ ਦੀ ਗੱਲ ਕਰੀਏ ਤਾਂ ਬੀਬੀ ਗੁਲਾਬ ਕੌਰ ਨਾਂਅ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਬੀਬੀ ਗੁਲਾਬ ਕੌਰ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਅਨੇਕਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ।

ਗੁਲਾਬ ਕੌਰ ਦਾ ਜਨਮ 1890 ਨੂੰ ਸੁਨਾਮ ਊਧਮ ਸਿੰਘ ਵਾਲਾ ਨੇੜਲੇ ਪਿੰਡ ਬਖ਼ਸ਼ੀਵਾਲਾ ਵਿਖੇ ਗਰੀਬ ਕਿਸਾਨ ਦੇ ਘਰ ਹੋਇਆ। ਇਹ ਪਰਵਾਰ ਦੀ ਇਕਲੌਤੀ ਔਲਾਦ ਸੀ। ਇਨ੍ਹਾਂ ਦਾ ਵਿਆਹ ਨਾਲ ਦੇ ਪਿੰਡ ਜਖੇਪਲ ਦੇ ਹੰਬਲਵਾਸ ਵਿਖੇ ਬਚਿੱਤਰ ਸਿੰਘ ਨਾਲ ਹੋਇਆ। ਬੀਬੀ ਗੁਲਾਬ ਕੌਰ ਭਾਵੇਂ ਸਕੂਲੀ ਵਿੱਦਿਆ ਪ੍ਰਾਪਤ ਨਹੀਂ ਸੀ ਕਰ ਸਕੀ, ਪਰ ਗੁਰਸਿੱਖ ਪਰਵਾਰ ਨਾਲ ਜੁੜੇ ਹੋਣ ਕਰਕੇ ਉਸ ਦੇ ਵਿਚਾਰ ਕ੍ਰਾਂਤੀਕਾਰੀ ਸਨ। ਉਹਨਾਂ ਦਿਨਾਂ ਵਿੱਚ ਰੁਜ਼ਗਾਰ ਲਈ ਹਿੰਦੀ ਆਮ ਅਮਰੀਕਾ ਜਾਂਦੇ ਸੀ। ਬਚਿੱਤਰ ਸਿੰਘ ਦਾ ਅਮਰੀਕਾ ਜਾਣ ਦਾ ਦਾਅ ਨਹੀਂ ਲੱਗ ਰਿਹਾ ਸੀ। ਉਸ ਨੇ ਮਨੀਲੇ ਹੀ ਕੰਮ ਲੱਭ ਕੇ ਗੁਲਾਬ ਕੌਰ ਨੂੰ ਉੱਥੇ ਹੀ ਬੁਲਾ ਲਿਆ। ਉਹ ਆਪਣੇ ਦਿਓਰ ਮਾਨ ਸਿੰਘ ਨੂੰ ਨਾਲ ਲੈ ਕੇ ਮਨੀਲਾ ਚਲੀ ਗਈ। ਅਮਰੀਕਾ ਦੇ ਘਾਟਾਂ ਦੇ ਕਾਨੂੰਨ ਅਨੁਸਾਰ ਜੋ ਆਦਮੀ ਫਿਲਪਾਇਨ ਦਾ ਵਸਨੀਕ ਹੋ ਜਾਵੇ, ਉਹ ਅਮਰੀਕਾ ਦਾ ਵੀ ਵਸਨੀਕ ਬਣ ਜਾਂਦਾ ਸੀ। ਅਮਰੀਕਾ ਜਾਣ ਵਾਲੇ ਹਿੰਦੀ ਮਨੀਲਾ ਆ ਜਾਂਦੇ ਤੇ ਇੱਥੇ ਛੇ ਮਹੀਨੇ ਰਹਿ ਕੇ ਵਸਨੀਕ ਹੋਣ ਦੇ ਕਾਗਜ਼ ਬਣਾ ਲੈਂਦੇ ਸਨ, ਫੇਰ ਉਹ ਅਗਾਂਹ ਅਮਰੀਕਾ ਚਲੇ ਜਾਂਦੇ। ਭਾਰਤ ਵਿਚ ਰੋਜ਼ੀ-ਰੋਟੀ ਦੀ ਥੁੜ ਨਾਲ ਜੂਝਦੇ ਲੋਕ (ਕਦੇ ਖੇਤੀ ਦਾ ਸੰਕਟ ਅਤੇ ਕਦੇ ਅਕਾਲ) ਦਾ ਸਾਹਮਣਾ ਕਰਦੇ ਹੋਏ ਵਿਦੇਸ਼ਾਂ ਨੂੰ ਚਲੇ ਗਏ। ਉਥੇ ਜਾ ਕੇ ਸਖ਼ਤ ਕੰਮ ਕਰਕੇ ਇੱਜ਼ਤ ਦੀ ਜਗ੍ਹਾ ਅਪਮਾਨ ਝੱਲਣਾ ਪਿਆ, ਤਾਂ ਉਨ੍ਹਾਂ ਦੇ ਦੇਸ਼ਾਂ ਦੇ ਲੋਕਾਂ ਦੀ ਜ਼ਿੰਦਗੀ ਦੇਖ ਕੇ ਸਮਝ ਆਈ ਕਿ ਅਸੀਂ ਅਨਪੜ੍ਹ ਹਾਂ, ਗੁਲਾਮ ਹਾਂ, ਇਸ ਲਈ ਆਜ਼ਾਦੀ ਲਈ ਇਕੱਠੇ ਹੋ ਕੇ ਵਿਚਾਰਾਂ ਕੀਤੀਆਂ ਕਿ ਦੇਸ਼ ਵਿਚ ਵਿੱਦਿਆ ਦਾ ਪ੍ਰਸਾਰ ਕੀਤਾ ਜਾਵੇ-

ਵਿਦੇਸ਼ ਪੈਣ ਧੱਕੇ, ਦੇਸ਼ ਮਿਲੇ ਢੋਈ ਨਾ
ਸਾਡਾ ਪ੍ਰਦੇਸੀਆਂ ਦਾ ਦੇਸ਼ ਕੋਈ ਨਾ

ਬੜੀਆਂ ਡੂੰਘੀਆਂ ਵਿਚਾਰਾਂ ਕਰਕੇ ਗ਼ਦਰ ਪਾਰਟੀ ਬਣੀ ਅਤੇ ਦੇਸ਼ ਪਹੁੰਚਣ ਲਈ ਤਿਆਰੀਆਂ ਕਰ ਲਈਆਂ, ਇਨ੍ਹਾਂ ਵਿੱਚ ਹੀ ਇਕ ਭਾਈ ਮਾਨ ਸਿੰਘ ਅਤੇ ਪਤਨੀ ਬੀਬੀ ਗੁਲਾਬ ਕੌਰ ਮਨੀਲਾ ਤੋਂ ਤਿਆਰ ਹੋ ਗਏ, ਨਾਂਅ ਲਿਖੇ ਗਏ, ਪਰ ਤੁਰਨ ਵੇਲੇ ਭਾਈ ਮਾਨ ਸਿੰਘ ਦਾ ਮਨ ਡੋਲ ਗਿਆ, ਪਰ ਬੀਬੀ ਗੁਲਾਬ ਕੌਰ ਨੇ ਮਾਈ ਭਾਗੋ ਦਾ ਰੂਪ ਯਾਦ ਕਰਕੇ ਦ੍ਰਿੜ੍ਹਤਾ ਦਿਖਾਈ ਤੇ ਕਿਹਾ ਕਿ

ਤੇਰੀ ਆਜ਼ਾਦੀ ਤੇਰੀ ਅਤੇ ਮੇਰੀ ਵੀ ਆਜ਼ਾਦੀ ਮੇਰੀ ਹੈ।



ਸੋ ਮੈਂ ਹੁਣ ਗ਼ਦਰ ਪਾਰਟੀ ਦੇ ਵੀਰਾਂ ਨਾਲ ਆਪਣੇ ਗੁਲਾਮ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਾ ਰਹੀ ਹਾਂ ।

ਸੋ ਇਸ ਗ਼ਦਰ ਦੀ ਵੀਰਾਂਗਣਾਂ ਨੇ ਗ਼ਦਰ ਪਾਰਟੀ ਦੁਆਰਾ ਲਿਖੀਆਂ ਗ਼ਦਰ ਗੂੰਜਾਂ ਯਾਦ ਕੀਤੀਆਂ ਅਤੇ ਜਗ੍ਹਾ-ਜਗ੍ਹਾ ਲੋਕਾਂ ਨੂੰ ਜੋਸ਼ ਨਾਲ ਗਾ-ਗਾ ਕੇ ਪ੍ਰੇਰਨਾ ਦੇਣ ਲੱਗੀ । ਆਪਣੀਆਂ ਚੂੜੀਆਂ ਲਾਹ ਕੇ ਕਹਿੰਦੀ ਕਿ ਜੋ ਮਰਦ ਕਮਜ਼ੋਰ ਹਨ, ਉਹ ਚੂੜੀਆਂ ਪਾ ਲੈਣ, ਹੁਣ ਅਸੀਂ ਔਰਤਾਂ ਹੀ ਮੈਦਾਨ ਵਿੱਚ ਆਉਂਦੀਆਂ ਹਾਂ ਅਤੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਮੈਦਾਨ ਵਿਚ ਹਾਂ, ਆਓ! ਜਿਸ ਨੇ ਆਉਣਾ ਹੈ।

ਸੋ ਇਹ ਬਣ ਗਈ ਗ਼ਦਰ ਪਾਰਟੀ ਦਾ ਸੂਹਾ ਗੁਲਾਬ। ਬੀਬੀ ਗੁਲਾਬ ਕੌਰ ਨੇ ਜਿੱਥੇ ਵੀ ਠਹਿਰਾਨਾ ਹੁੰਦਾ ਤਾਂ ਬੀਬੀ ਉਥੇ ਹੀ ਜੋਸ਼ ਵਿੱਚ ਗ਼ਦਰੀ ਗੂੰਜਾਂ ਸੁਣਾ ਕੇ ਪ੍ਰੇਰਦੀ। ਬਾਬੇ ਟੁੰਡੀ ਲਾਟ ਦੀ ਲਿਖੀ ਨਜ਼ਮ ਗਾ ਕੇ ਬੀਬੀ ਜੋਸ਼ ਭਰ ਦਿੰਦੀ...

ਹਿੰਦੋਸਤਾਨੀਓ ਹੋਸ਼ ਨੂੰ ਕਰੋ ਕਾਇਮ, ਐਵੇਂ ਦਿਲ ਘਬਰਾਉਣ ਦੀ ਲੋੜ ਕੀ ਏ

ਇਸ ਤਰ੍ਹਾਂ ਲੋਕਾਂ ਵਿਚ ਹੌਸਲਾ ਭਰ ਜਾਂਦਾ ਅਤੇ ਲੋਕ ਬੀਬੀ ਦੀ ਵਾਹ-ਵਾਹ ਕਰਦੇ। ਭਾਰਤ ਪਹੁੰਚ ਕੇ ਜਦ ਜਹਾਜ਼ 'ਚੋਂ ਬਾਹਰ ਨਿਕਲ ਕੇ ਚੈਕਿੰਗ ਹੋ ਰਹੀ ਸੀ ਅਤੇ ਬੀਬੀ ਤੋਂ ਪਤੀ ਦਾ ਨਾਂਅ ਪੁੱਛਿਆ ਗਿਆ ਤਾਂ ਬੀਬੀ ਨੇ ਬੜੇ ਹੌਸਲੇ ਨਾਲ ਪਿੰਡ ਦੇ ਵੀਰ ਜੀਵਨ ਸਿੰਘ ਦਾ ਨਾਂਅ ਲੈ ਦਿੱਤਾ । ਇਸ ਬਹਾਦਰ ਔਰਤ ਦੇ ਹੌਸਲੇ ਨੇ ਹੀ ਬੀਬੀ ਗੁਲਾਬ ਕੌਰ ਨੂੰ ਗ਼ਦਰ ਪਾਰਟੀ ਦਾ ਸੂਹਾ ਫੁੱਲ ਗੁਲਾਬ ਬਣਾ ਦਿੱਤਾ। ਭਾਰਤ ਪਹੁੰਚ ਕੇ ਜਿੱਥੇ ਵੀ ਡਿਊਟੀ ਕੰਮ ਕਰਨ ਦੀ ਲੱਗੀ ਤਾਂ ਉਥੇ ਹੀ ਹੌਸਲੇ ਨਾਲ ਕੰਮ ਕੀਤਾ । ਲੋਕਾਂ ਵਿਚ ਪਾਰਟੀ ਕੰਮ ਦੀ ਡਿਊਟੀ ਚਰਖਾ ਚਲਾ ਕੇ ਲੋਕਾਂ ਵਿੱਚ ਇਕ ਟੋਕਰੀ ਵਿੱਚ ਪੂਣੀਆਂ ਦੇ ਥੱਲੇ ਹਥਿਆਰ ਰੱਖ ਕੇ ਖੁਫੀਆ ਸੁਨੇਹੇ ਦੇਣ ਦਾ ਕੰਮ ਕੀਤਾ ਅਤੇ ਜਦੋਂ ਬਾਹਰ ਜਾਣਾ ਪੈਂਦਾ ਤਾਂ ਬੀਬੀ ਟੋਕਰੀ ਵਿਚ ਥੱਲੇ ਹਥਿਆਰ ਅਤੇ ਉਪਰ ਖਿਡੌਣੇ ਵੇਚਣ ਵਾਲੀ ਬਣ ਕੇ ਗ਼ਦਰੀਆਂ ਨੂੰ ਸੰਦੇਸ਼ ਪਹੁੰਚਾਉਣ ਦਾ ਕੰਮ ਵੀ ਪੂਰਾ ਕਰਦੀ ਰਹੀ ਜਾਂ ਸਬਜ਼ੀਆਂ ਵੇਚਣ ਵਾਲੀ ਬਣ ਕੇ ਕੰਮ ਕੀਤਾ, ਜਦ ਫੜੀ ਗਈ ਤਾਂ ਪੁਲਸ ਦੇ ਤਸੀਹੇ ਝੱਲ ਕੇ ਮੂੰਹ ਨਹੀਂ ਖੋਲ੍ਹਿਆ, ਜ਼ਿਆਦਾ ਕੁੱਟ ਕਰਕੇ ਹੀ ਬੀਬੀ ਜ਼ਿੰਦਗੀ ਦੇ ਆਖ਼ਰੀ ਪੜਾਅ ਉੱਤੇ ਜਦੋਂ ਨਾਮੁਰਾਦ ਬਿਮਾਰੀ ਕੈਂਸਰ ਨੇ ਜਕੜ ਲਿਆ ਤਾਂ ਕੋਟਲੀ ਨੌਧ ਸਿੰਘ ਵਿਚ ਜਿੱਥੇ ਦੇ ਬਾਬਾ ਟੁੰਡੀ ਲਾਟ ਜੀ ਅਤੇ ਗ਼ਦਰੀ ਬਾਬਾ ਸ਼ਿਵ ਸਿੰਘ ਜੀ ਅਤੇ ਗ਼ਦਰੀ ਬਾਬਾ ਅਮਰ ਸਿੰਘ ਜੀ ਦੇ ਪਿੰਡ ਘਰ ਦੇ ਚੁਬਾਰੇ ਵਿਚ ਜਗ੍ਹਾ ਮਿਲ ਗਈ। ਬਾਬਾ ਅਮਰ ਸਿੰਘ ਜੀ ਨੇ ਆਪਣੇ ਘਰ ਦਾ ਚੁਬਾਰਾ ਬੀਬੀ ਗੁਲਾਬ ਕੌਰ ਨੂੰ ਦੇ ਕੇ ਇੱਜ਼ਤ ਦੀ ਰਾਖੀ ਕੀਤੀ, ਆਪ ਬਾਹਰ ਚਲੇ ਗਏ। ਸੋ ਗ਼ਦਰ ਪਾਰਟੀ ਦੀ ਸ਼ਾਨ ਨੂੰ ਬਣਾਈ ਹੋਈ ਬੀਬੀ ਗੁਲਾਬ ਕੌਰ ਵੀ ਅੰਤ ਵਿਚ ਇਸ ਪਿੰਡ ਦੀ ਸ਼ਾਨ ਬਣ ਗਈ। ਗ਼ਦਰ ਪਾਰਟੀ ਦਾ ਸੂਹਾ ਗੁਲਾਬ ਬੀਬੀ ਗੁਲਾਬ ਕੌਰ ਦੀ ਸ਼ਤਾਬਦੀ ਵਰ੍ਹਾ ਅਸੀਂ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਦੇਸ਼ ਦੇ ਲੋਕ ਜਗ੍ਹਾ-ਜਗ੍ਹਾ ਮਨਾ ਰਹੇ ਹਾਂ, ਸੋ ਇਸ ਵਾਰ ਦਾ 34ਵਾਂ ਗ਼ਦਰੀ ਬਾਬਿਆਂ ਦਾ ਮੇਲਾ ਬੀਬੀ ਗੁਲਾਬ ਕੌਰ ਦੀ ਯਾਦ ਨੂੰ ਸਮਰਪਿਤ ਹੈ।

# ਝੰਡੇ ਦਾ ਗੀਤ : ਗ਼ਦਰੀ ਗੁਲਾਬ ਖਿੜਦੇ ਰਹਿਣਗੇ

**ਅਮੋਲਕ ਸਿੰਘ**

ਝੰਡਾ ਇਹ ਗ਼ਦਰੀ ਲਹਿਰ ਦਾ,
ਸਦਾ ਸਫ਼ਰ ਤੇ, ਨਹੀਂ ਠਹਿਰਦਾ
ਝੰਡਿਆ ਗ਼ਦਰ ਦੇ ਝੰਡਿਆ, ਤਨ, ਮਨ ਤੇ ਧਨ ਤੂੰ ਮੰਗਿਆ
ਆਏ ਤਲੀ ਸਿਰ ਧਰ ਅਸੀਂ, ਪ੍ਰਦੇਸ਼ ਛੱਡ ਤੇ ਘਰ ਅਸੀਂ

ਮਾਨ ਸਿੰਘ : ਗੁਲਾਬ ਕੁਰੇ ਤੂੰ ਫ਼ਿਕਰ ਨਾ ਕਰ ਜਿੰਨੀ ਜਲਦੀ ਹੋ ਸਕਿਆ ਮੈਂ ਤੈਨੂੰ ਅਮਰੀਕਾ ਲੈ ਜਾਣਾ।

ਸਾਡਾ ਨਾਮ ਕੀ, ਸਾਡਾ ਕੰਮ ਕੀ : ਗ਼ਦਰ
ਗ਼ਦਰ ਕਿੱਥੇ ਹੋਵੇਗਾ : ਕਦੋਂ ਹੋਏਗਾ : ਭਾਰਤ ਵਿੱਚ

(**ਝੰਡਾ ਲੈ ਕੇ ਅੱਗੇ ਵਧਦੀ ਹੈ ਗੁਲਾਬ ਕੌਰ**)
ਕਿਹੜਾ ਰੋਕ ਲਊ ਅਸਾਂ ਨੇ ਖਿੜਨਾ
ਗ਼ਦਰੀ ਗੁਲਾਬ ਬਣ ਕੇ
ਲਾਉਣੀ ਜ਼ਿੰਦਗੀ ਗ਼ਦਰ ਦੇ ਲੇਖੇ
ਇਹਤੋਂ ਚੰਗੀ ਕਿਹੜੀ ਜ਼ਿੰਦਗੀ
ਰਾਹ ਜ਼ਿੰਦਗੀ ਦੇ ਆਪ ਪੈਂਦੇ ਲੱਭਣੇ
ਜੀ ਭਾਗੋ ਦੀਆਂ ਵਾਰਸਾਂ ਨੂੰ
ਅਸੀਂ ਰਹੀਏ ਜਾਂ ਅਸੀਂ ਮਰ ਜਾਈਏ
ਇਹ ਗ਼ਦਰਾਂ ਦੇ ਫੁੱਲ ਰਹਿਣਗੇ

* * *

ਗੱਲ ਸੌ ਵਰ੍ਹੇ ਦੀ ਹਾਣੀਓਂ
ਇਹ ਅੱਜ ਵੀ ਰਹੀ ਵੰਗਾਰ
ਜਿਹੜਾ ਗ਼ਦਰ ਗ਼ਦਰ ਸੀ ਆਖਦਾ
ਉਹਦਾ ਨਾਂਅ ਗ਼ਦਰ ਅਖ਼ਬਾਰ
ਕਹਿੰਦੇ ਗ਼ਦਰ ਤੇ ਗ਼ਦਰੀ ਗੂੰਜ ਨੇ
ਸੀ ਦਿੱਤੇ ਲੋਕ ਜਗਾ
ਉਹਨਾਂ ਮਾਰੀ ਲੱਤ ਪ੍ਰਦੇਸ਼ ਨੂੰ
ਉਹ ਦੇਸ਼ ਗਏ ਸੀ ਆ

* * *

(ਸੂਤਰਧਾਰ)
ਗ਼ਦਰੀ ਰੰਗ 'ਚ ਰੰਗੀ ਗੁਲਾਬ ਕੌਰ ਸੂਹੀਆਂ ਏਜੰਸੀਆਂ ਅਤੇ ਪੜਤਾਲੀਆ ਟੀਮਾਂ ਨੂੰ ਝਕਾਨੀ ਦੇਣ ਲਈ ਆਪਣੇ ਆਪ ਨੂੰ ਗ਼ਦਰੀ ਜੀਵਨ ਸਿੰਘ ਦੌਲੇ ਵਾਲਾ ਦੀ ਪਤਨੀ ਦੱਸਿਆ।
ਉਹ ਹੋਰ ਥਾਵਾਂ 'ਤੇ ਹੁੰਦੇ ਹੋਏ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲਾ ਨੌਧ ਸਿੰਘ ਪਹੁੰਚ ਗਏ। ਉਹ ਥਾਂ-ਥਾਂ ਜਾ ਕੇ ਸਭਾਵਾਂ ਕਰਦੀ ਅਤੇ ਗ਼ਦਰ ਦਾ ਸੁਨੇਹਾ ਦਿੰਦੀ।
ਸੁੱਤਿਆ ਤੂੰ ਜਾਗ ਸ਼ੇਰਾ!
ਸੁੱਤਿਆ ਤੂੰ ਜਾਗ ਓਏ
ਸੁੱਤਿਆ ਤੂੰ ਜਾਗ ਸ਼ੇਰਾ...

* * *

ਗ਼ਦਰੀ ਸੂਰਬੀਰਾਂ ਨੇ ਗ਼ਦਰ ਦਾ ਕੇਂਦਰ ਫੌਜੀ ਛਾਉਣੀਆਂ ਨੂੰ ਬਣਾਇਆ। ਅਨੇਕਾਂ ਛਾਉਣੀਆਂ ਵਿੱਚ ਬਗ਼ਾਵਤਾਂ ਦੀ ਚਿੰਗਾੜੀ ਮਘੀ।

ਸਾਡੇ ਝੰਡਿਆ, ਗ਼ਦਰ ਦੇ ਝੰਡਿਆ
ਵੇ! ਤੈਥੋਂ ਰਾਜ ਭਾਗ ਕੰਬਿਆ
ਵੇ! ਤੈਥੋਂ ਰਾਜ ਭਾਗ ਕੰਬਿਆ

ਸੋਹਣ ਸਿੰਘ ਬਾਬੇ ਤੇ ਸਰਾਭੇ ਦਾ ਤੂੰ ਮਾਣ
ਗ਼ਦਰੀ ਗੁਲਾਬ ਕੌਰ ਤੇਰੀ ਆਨ ਸ਼ਾਨ
ਤੈਨੂੰ ਲੱਖ ਪ੍ਰਣਾਮ
ਤੈਨੂੰ ਸੁੱਚੜਾ ਸਲਾਮ
ਜਾਵੇਂ ਲਿਖਦਾ ਗ਼ਦਰ ਦੇ ਗੀਤ ਨੂੰ
ਤੂੰ ਜਿਧਰੋਂ ਦੀ ਜਾਵੇਂ ਲੰਘਿਆ
ਵੇ! ਤੈਥੋਂ ਰਾਜ ਭਾਗ ਕੰਬਿਆ

ਬਖ਼ਸ਼ੀਵਾਲਾ ਦੀ ਜੋ ਗੁਲਾਬ ਕੌਰ ਹੈ
ਅੱਜ ਕੱਲ੍ਹ ਬਣ ਗਈ ਪੰਜਾਬ ਕੌਰ ਹੈ
ਤੈਨੂੰ ਲੱਖ ਵਾਰ ਪ੍ਰਣਾਮ
ਤੈਨੂੰ ਝੰਡਿਆ ਸਲਾਮ
ਪਿੰਡ ਕੋਟਲਾ ਨੌਧ ਸਿੰਘ ਬੋਲਦੈ
ਵੇ! ਅਸਾਂ ਦਿੱਤਾ ਜੋ ਤੂੰ ਮੰਗਿਆ
ਵੇ! ਤੈਥੋਂ ਰਾਜ ਭਾਗ ਕੰਬਿਆ

* * *

ਗ਼ਦਰੀ ਗੁਲਾਬ ਕੌਰ ਝੰਡੇ ਦੇ ਗੀਤ ਗਾਉਂਦੀ ਨੇ ਗ਼ਦਰ ਲਹਿਰ 'ਚ ਕਦੇ ਗੁਲਾਬ ਦੇਵੀ, ਕਦੇ ਬਸੰਤ ਕੌਰ, ਕਦੇ ਕਿਰਪੋ ਦੇ ਨਾਵਾਂ ਹੇਠ ਕੰਮ ਕੀਤਾ। ਉਹ ਅਖੀਰ ਕੈਂਸਰ ਦੀ ਨਾਮੁਰਾਦ ਬਿਮਾਰੀ ਕਾਰਨ ਗ਼ਦਰੀ ਕਾਫ਼ਲੇ 'ਚੋਂ 28 ਜੁਲਾਈ 1925 ਨੂੰ ਸਦਾ ਲਈ ਵਿਛੜ ਗਈ। ਨਗਰ ਦੇ ਗ਼ਦਰੀ ਦੇਸ਼ ਭਗਤਾਂ ਅਤੇ ਪਿੰਡ ਵਾਸੀਆਂ ਨੇ ਅੰਤਿਮ ਵਿਦਾਇਗੀ ਦਿੱਤੀ।

ਓਹੋ ਬਖ਼ਸ਼ੀਵਾਲਾ ਦੀ ਜਾਈ
ਚੱਲ ਕੋਟਲਾ ਨੌਧ ਸਿੰਘ ਆਈ
ਉਹ ਧਰਤੀ ਦੀ ਧੀ ਹੋ ਗਈ
ਵਿਦਾ ਹੋ ਗਈ
ਲੋਕਾਂ ਦੀ ਜਾਈ
ਗ਼ਦਰਾਂ ਦੇ ਬੀਜ ਬੋ ਗਈ।

* * *

ਦੇਸ਼ ਦੀ ਆਜ਼ਾਦੀ ਲਈ ਜੂਝਣ ਵਾਲਿਆਂ 'ਚ ਦਿਖਾਈ ਦਿੰਦੀ ਇੱਕ ਧਾਰਾ ਸੀ ਬਰਤਾਨਵੀ ਸਾਮਰਾਜ ਨਾਲ ਮਿਲ ਕੇ ਚੱਲਣ, ਸੁਲਹ ਸਫ਼ਾਈ ਰੱਖਣ ਦੀ ਧਾਰਾ।
ਦੂਜੀ ਧਾਰਾ ਸੀ ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਲਹਿਰ, ਆਜ਼ਾਦ ਹਿੰਦ ਫੌਜ ਲਹਿਰ।
ਇਹ ਸਚਾਈ ਇਨਕਲਾਬੀਆਂ ਨੇ 1947 ਵਿੱਚ ਬੋਲੀ ਸੀ ਅੱਜ ਵੀ ਬੇਖੌਫ਼ ਹੋ ਕੇ ਗ਼ਦਰੀਆਂ ਦੇ ਵਾਰਸ ਬੋਲ ਰਹੇ ਨੇ:
ਨੀ ਜ਼ਿੰਦੇ ਅਸਾਂ ਮੁੱਖ ਨਾ ਤੱਕਿਆ
ਵਤਨ 'ਚ ਆਈ ਆਜ਼ਾਦੀ ਦਾ
ਉਮਰੋਂ ਲੰਮਾ ਪੈਂਡਾ ਹੋਇਆ
ਪੱਲੇ ਪਈ ਬਰਬਾਦੀ ਦਾ ।

ਲੈ ਲਓ ਇੱਕ ਤਿਰੰਗਾ
ਬੱਚੜੇ ਹਾੜੇ ਕੱਢਦੇ ਨੇ
ਮੈਲ਼ੀਆਂ ਅੱਖੀਆਂ ਵਾਲ਼ੇ
ਧੀ ਤੇ ਨਜ਼ਰਾਂ ਗੱਡਦੇ ਨੇ
ਨਸ਼ਾ ਖੇਡਦੇ ਨੇ ਹੰਕਾਰੀ
ਪੀਤੀ ਖਾਧੀ ਦਾ
ਉਮਰੋਂ ਲੰਮਾ ਪੈਂਡਾ ਹੋਇਆ
ਪੱਲੇ ਪਈ ਬਰਬਾਦੀ ਦਾ

ਮੁਕਤੀ ਦਾ ਰਾਹ ਦੱਸਦੇ ਅੱਜ ਵੀ
ਗ਼ਦਰੀ ਬਾਬੇ ਨੇ
ਕੂਕਾ ਲਹਿਰ ਤੇ ਬੱਬਰ, ਕਿਰਤੀ
ਭਗਤ ਸਰਾਭੇ ਨੇ
ਗ਼ਦਰੀ ਫੁੱਲ ਗੁਲਾਬ ਕੌਰ ਦੇ
ਰਾਹ ਦਸੇਂਦੇ ਚਾਬੀ ਦਾ
ਲੰਮੇ ਪੈਂਡੇ ਮਗਰੋਂ ਤੱਕਣਾ
ਮੁੱਖੜਾ ਲੋਕ ਆਜ਼ਾਦੀ ਦਾ

* * *

ਰੌਸ਼ਨੀਆਂ ਦੇ ਸ਼ਹਿਰ ਵਸੇਂਦਾ
ਤੱਕਿਆ ਘੁੱਪ ਹਨੇਰਾ ਹੈ
ਸਰਘੀ ਵੇਲੇ ਸੂਰਜ ਪੁੱਛਦੈ
ਦੱਸੋ ਕੇਹਾ ਸਵੇਰਾ ਹੈ !

ਮਾਰ ਮੁਕਾਇਆ, ਲਾਂਬੂ ਲਾਇਆ
ਸੂਰਜ ਫਿਰ ਨਾ ਮੋਇਆ ਹੈ
ਅੱਧੀ ਰਾਤੀਂ ਜੰਗਲ ਸਾਰਾ
ਚਾਨਣ ਚਾਨਣ ਹੋਇਆ ਹੈ

ਜੋ ਦੀਵੇ ਨੇ ਚਾਨਣ ਵੰਡਦੇ
ਉਹ ਤਾਂ ਜੇਲ੍ਹੀਂ ਪਾਏ ਨੇ
ਕਲਮ, ਨਗਾਰੇ, ਦਾਤੀ, ਹਥੌੜੇ
ਗੀਤ ਉਹਨਾਂ ਦੇ ਗਾਏ ਨੇ
ਹੋ ਤਿਆਰ ਤੂੰ
ਜਿੱਤ ਸੰਸਾਰ ਤੂੰ
ਇਹ ਜੱਗ ਬੱਲਿਆ ਤੇਰਾ ਹੈ
ਸਰਘੀ ਵੇਲੇ ਸੂਰਜ ਪੁੱਛਦੈ
ਦੱਸੋ ਕੇਹਾ ਸਵੇਰਾ ਹੈ!

* * *

ਜੰਗਲ ਦੇ ਵਿੱਚ ਪੰਛੀ ਰੋਂਦੇ
ਉੱਜੜੇ ਆਦਿਵਾਸੀ ਨੇ
ਧੀਆਂ ਪੁੱਤ ਪੰਜਾਬ ਦੇ ਰੋਂਦੇ
ਹੋਏ ਜੋ ਪਰਵਾਸੀ ਨੇ

* * *

ਓਮਰ ਖ਼ਾਲਿਦ ਦੀ ਮਾਂ, ਬੀਤੇ ਦਿਨੀਂ, ਆਪਣੇ ਪੁੱਤ ਨੂੰ ਮਿਲ਼ ਕੇ ਆਈ। ਉਸ ਨੇ ਆਪਣੇ ਛਲਕਦੇ ਅਤੇ ਧੁਖ਼ਦੇ ਜਜ਼ਬਾਤਾਂ ਨੂੰ ਕੁੱਝ ਇਸ ਤਰ੍ਹਾਂ ਬਿਆਨ ਕੀਤਾ:
ਮੈਂ ਪਰਤੀ ਹਾਂ
ਉਸ ਹਨੇਰੇ ਤੋਂ
ਜਿੱਥੇ ਬੰਦ ਹੈ
ਸਲਾਖਾਂ ਦੇ ਪਿੱਛੇ
ਮੇਰਾ ਲਾਲ

ਨਾ ਡਰਦਾ ਦਿਸਿਆ
ਨਾ ਟੁੱਟਦਾ ਦਿਸਿਆ
ਸਿਰਫ਼
ਅੱਖਾਂ 'ਚ ਚਮਕ ਸੀ
ਤੇ ਸ਼ਬਦਾਂ 'ਚ ਅੰਗਿਆਰ!

ਮੇਰਾ ਪੁੱਤ
ਨਾ ਚੋਰ ਹੈ
ਨਾ ਕਾਤਲ ਹੈ
ਨਾ ਉਹ ਕੋਈ ਗ਼ਦਾਰ ਹੈ
ਉਹ ਸੱਚ ਦੀ ਮਸ਼ਾਲ ਹੈ
ਝੂਠ ਦੇ ਕਿਲ੍ਹੇ ਨੂੰ
ਢਾਹੁਣ ਲਈ
ਫੜੀ ਉਸ ਨੇ ਚਾਲ ਹੈ

ਇਹ ਕਹਾਣੀ
ਸਿਰਫ਼
ਓਮਰ ਦੀ ਹੀ ਨਹੀਂ
ਉਨ੍ਹਾਂ
ਸਭ ਨੌਜਵਾਨਾਂ ਦੀ ਹੈ
ਜੋ ਅੱਜ ਵੀ
ਲੜਨਾ ਚਾਹੁੰਦੇ ਨੇ
ਬਿਨਾਂ ਵਿਕੇ
ਬਿਨਾਂ ਝੁਕੇ

ਓਮਰ ਖ਼ਾਲਿਦ ਦੀ ਕੈਦ-
ਇੱਕ ਸਵਾਲ ਹੈ
ਸਾਡੀ ਸਭਨਾਂ ਦੀ
ਆਜ਼ਾਦੀ 'ਤੇ-

ਕੀ ਅਸੀਂ
ਸੱਚਮੁੱਚ ਆਜ਼ਾਦ ਹਾਂ
ਜਾਂ ਸਿਰਫ਼
ਉਹੀ ਬੋਲ ਸਕਦੇ ਹਾਂ
ਜੋ ਮਨਜ਼ੂਰ ਹੈ।
ਬਾਦਸ਼ਾਹ-ਸਰਕਾਰ ਨੂੰ

* * *

ਓਮਰ ਖ਼ਾਲਿਦ ਵਰਗੇ ਕਿੰਨੇ ਹੀ ਵਿਦਿਆਰਥੀ ਅੱਜ ਪ੍ਰੋਫੈਸਰ, ਡਾਕਟਰ, ਵਕੀਲ ਬਣ ਸਕਦੇ ਸੀ। ਉਹਨਾਂ ਜੋ ਡਿਗਰੀ ਹਾਸਲ ਕੀਤੀ, ਉਹ ਕਈ ਵਿਦਵਾਨਾਂ ਦੀਆਂ ਡਿਗਰੀਆਂ ਅੱਗੇ ਸੁਆਲ ਕਰਦੀ ਹੈ:
ਉੱਚੀਆਂ ਪੜ੍ਹਾਈਆਂ ਵਾਲਿਆ
ਤੇਰੀ ਕਿਸ ਕੰਮ ਡਿਗਰੀ ਆਈ
ਮਿੱਟੀ ਜਾਏ ਲੋਕਾਂ ਦੀ
ਤੈਨੂੰ ਜ਼ਿੰਦਗੀ ਸਮਝ ਨਾ ਆਈ

ਉੱਚੀਆਂ ਡਵੀਜ਼ਨਾਂ ਦਾ
ਲੋਕਾਂ ਦੱਸ ਕੀ ਚੁਬਾਰਾ ਪਾਉਣਾ
ਪੁੱਛਦੀ ਗਰੀਬੜੀ ਕੁੜੀ
ਜੇ ਨੀ ਦੁਖ਼ੀਆਂ ਦਾ ਦਰਦ ਵੰਡਾਉਣਾ
ਤੇਰਿਆਂ ਸਿਲੇਬਸਾਂ ਨੂੰ
ਸਾਡੀ ਪੀੜ ਕਾਹਤੋਂ ਦਏ ਨਾ ਸੁਣਾਈ
ਮਿੱਟੀ ਜਾਏ ਲੋਕਾਂ ਦੀ
ਤੈਨੂੰ ਜ਼ਿੰਦਗੀ ਸਮਝ ਨਾ ਆਈ

* * *

ਬਾਦਸ਼ਾਹਾਂ ਦਾ ਐਲਾਨ ਹੈ ਕਿ 31 ਮਾਰਚ 2026 ਤੱਕ ਹਰ ਜਾਗਦੀ ਅੱਖ ਕੱਢ ਦਿੱਤੀ ਜਾਏਗੀ। ਇਹ ਦੇਸ਼ ਗੂੰਗਿਆਂ ਅਤੇ ਬੋਲ਼ਿਆਂ ਦਾ ਬਣਾ ਦਿੱਤਾ ਜਾਏਗਾ। ਇਹ ਹਵਾਵਾਂ, ਇਹ ਬਿਰਖ, ਇਹ ਪੰਛੀ ਅਜੇਹੇ ਮੌਸਮਾਂ 'ਚ ਵੀ ਆਪਣਾ ਕਰਮ ਕਰਦੇ ਰਹਿੰਦੇ ਨੇ:
ਰੁੱਖ ਨੂੰ ਜਦ ਅੱਗ ਲੱਗੀ
ਕੁਲ ਪਰਿੰਦੇ ਉਡ ਗਏ
ਉਡਨਾ ਹੀ ਸੀ
ਇੱਕ ਚਿੜੀ ਪਰ
ਜਾਂਦੀ ਜਾਂਦੀ ਮੁੜ ਪਈ
ਉਸਦੇ ਮਨ ਵਿੱਚ ਸੋਚ ਆਈ
ਰੁਖ਼ ਕੀ ਸੋਚੂ ਵਿਚਾਰਾ...
(ਸੁਰਜੀਤ ਪਾਤਰ ਦੀ ਕਵਿਤਾ, ਉਹਨਾਂ ਦੀ ਆਵਾਜ਼ 'ਚ)
ਚਿੜੀ ਦੀ ਕਹਾਣੀ ਨੂੰ ਆਪਣੇ ਸਾਹਾਂ ਅਤੇ ਰਾਹਾਂ 'ਚ ਸਮੋਂਦੇ ਹੋਏ ਆਓ! ਉਸ ਵਰਗਾ ਜਜ਼ਬਾ ਜਗਾਈਏ:

* * *

ਗ਼ਦਰਾਂ ਦਾ ਜਜ਼ਬਾ ਜਗਾਈਏ ਫੇਰ ਤੋਂ
ਗ਼ਦਰਾਂ ਦਾ ਜਜ਼ਬਾ ਜਗਾਈਏ ਫੇਰ ਤੋਂ
ਸੀਨਿਆਂ 'ਚ ਤਾਂਘ ਨੂੰ ਸਮਾਈਏ ਫੇਰ ਤੋ

* * *

ਮੇਲਾ ਗ਼ਦਰੀ ਬਾਬਿਆਂ ਦਾ
ਇਸ ਦਾ ਜਵਾਬ ਕੋਈ ਨਾ
ਇਹ ਹੈ ਭਗਤ ਸਰਾਭਿਆਂ ਦਾ
ਧੀ ਗ਼ਦਰੀ ਗੁਲਾਬ ਹੋਵੇ
ਉਹਦਾ ਕੋਈ ਇੱਕ ਪਿੰਡ ਨਾ
ਉਹਦਾ ਪਿੰਡ ਹੀ ਪੰਜਾਬ ਹੋਵੇ
ਲਹਿਰਾਂ ਵਗਦਾ ਪਾਣੀ ਨੇ
ਫੁੱਲ ਜੋ ਫ਼ਲਸਤੀਨ ਦੇ
ਉਹ ਵੀ ਗ਼ਦਰਾਂ ਦੇ ਹਾਣੀ ਨੇ
ਪੱਤਝੜ ਨਹੀਂ ਰਹਿਣਾ ਏਂ
ਗ਼ਦਰਾਂ ਦੇ ਫੁੱਲ ਖਿੜਨੇ
ਏਹੋ ਮੇਲੇ ਦਾ ਕਹਿਣਾ ਏਂ

* * *

ਗ਼ਦਰੀ ਗੁਲਾਬ ਕੌਰ ਨੂੰ ਸਮਰਪਤ ਗ਼ਦਰੀ ਬਾਬਿਆਂ ਦੇ 34ਵੇਂ ਮੇਲੇ ਮੌਕੇ ਪੇਸ਼ ਕੀਤਾ ਗਿਆ। ਪੇਸ਼ ਹੈ ਉਹ ਲੰਮੇ ਗੀਤ ਦੀ ਸੰਖੇਪ ਝਲਕ :

**- ਸੰਪਾਦਕ**

# ਮਾਨਸਾ ਗੋਲੀ ਕਾਂਡ ਨੂੰ ਲੈ ਕੇ ਮੁੱਖ ਮੰਤਰੀ ਖ਼ਿਲਾਫ਼ ਸ਼ਹਿਰੀਆਂ 'ਚ ਵਧਿਆ ਰੋਹ

- ਸੰਘਰਸ਼ ਕਮੇਟੀ ਵੱਲੋਂ ਅਰਥੀ ਫੂਕ ਪ੍ਰਦਰਸ਼ਨ ਅੱਜ
- ਜ਼ਿਲ੍ਹਾ ਪੁਲਸ ਮੁਖੀ ਤੇ ਥਾਣਾ ਸਿਟੀ 1 ਦੇ ਇੰਚਾਰਜ ਦੀ ਮੰਗੀ ਮੁਅੱਤਲੀ




**ਮਾਨਸਾ (ਆਤਮਾ ਸਿੰਘ ਪਮਾਰ)**

ਲੰਘੀ 28 ਅਕਤੂਬਰ ਨੂੰ ਦਿਨ ਦਿਹਾੜੇ ਦੋ ਗੈਂਗਸਟਰ ਦੱਸੇ ਜਾ ਰਹੇ ਨੌਜਵਾਨਾਂ ਵੱਲੋਂ ਥਾਣਾ ਸਿਟੀ-1 ਦੇ ਨਜ਼ਦੀਕ ਪੈਸਟੀਸਾਈਡਜ਼ ਦੀ ਦੁਕਾਨ 'ਤੇ ਚਲਾਈਆਂ ਅੰਨ੍ਹੇਵਾਹ ਗੋਲੀਆਂ ਕਾਰਨ ਸ਼ਹਿਰ 'ਚ ਬਣੇ ਡਰ ਤੇ ਦਹਿਸ਼ਤ ਦੇ ਮਾਹੌਲ ਖਿਲਾਫ਼ ਸ਼ਹਿਰ ਦੀਆਂ ਵਪਾਰਕ, ਧਾਰਮਿਕ, ਸਮਾਜਿਕ, ਜਨਤਕ ਜਮਹੂਰੀ ਸੰਸਥਾਵਾਂ ਤੇ ਰਾਜਨੀਤਕ ਪਾਰਟੀਆਂ ਵੱਲੋਂ ਮਾਨਸਾ ਸ਼ਹਿਰ ਨੂੰ ਪੂਰਨ ਰੂਪ 'ਚ ਬੰਦ ਕਰਕੇ ਅਮਨ ਬਹਾਲੀ ਤੇ ਗੈਂਗਸਟਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਤਰੁੰਤ ਗ੍ਰਿਫ਼ਤਾਰ ਕਰਨ ਅਤੇ ਘਟਨਾ ਦੇ ਸਾਜ਼ਿਸ਼ ਕਰਤਾਵਾਂ ਨੂੰ ਨੰਗਾ ਕਰਨ ਅਤੇ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਜ਼ਿਲ੍ਹਾ ਪੁਲਸ ਮੁਖੀ ਮਾਨਸਾ ਤੇ ਥਾਣਾ ਮੁਖੀ ਸਿਟੀ-1 ਦੇ ਇੰਚਾਰਜ ਨੂੰ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰਨ ਅਤੇ ਵਿਭਾਗੀ ਕਾਰਵਾਈ ਅਮਲ 'ਚ ਲਿਆਉਣ ਦੀ ਮੰਗ ਸ਼ਹਿਰੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਤੇ ਡੀ ਜੀ ਪੀ ਪੰਜਾਬ ਤੋਂ ਕੀਤੀ ਗਈ ਸੀ, ਪ੍ਰੰਤੂ ਅਫਸੋਸ ਹੁਣ ਤੱਕ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ, ਸਗੋਂ ਸਿਰਫ਼ ਗੱਲਾਂ ਬਾਤਾਂ ਸਿਰਫ਼ ਗੱਲਾਂ ਬੁੱਤਾ ਸਾਰਿਆ ਜਾ ਰਿਹਾ ਹੈ।ਜਦੋਂ ਕਿ ਸਮੁੱਚਾ ਸ਼ਹਿਰ ਦਹਿਸ਼ਤ ਦੇ ਛਾਏ ਹੇਠ ਜੀਵਨ ਬਸਰ ਕਰਨ ਲਈ ਮਜਬੂਰ ਹੈ।ਇਸ ਸਬੰਧ ਵਿੱਚ ਅਮਨ ਕਾਨੂੰਨ ਦੀ ਬਹਾਲੀ ਲਈ ਗਠਿਤ ਸੰਘਰਸ਼ ਕਮੇਟੀ ਦੀ ਇੱਕ ਅਹਿਮ ਮੀਟਿੰਗ ਸਥਾਨਕ ਸ੍ਰੀ ਲਕਸ਼ਮੀ ਨਰਾਇਣ ਮੰਦਰ ਵਿਖੇ ਜਤਿੰਦਰ ਆਗਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਵੱਲੋਂ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਦੀ ਨਿਖੇਧੀ ਕਰਦਿਆਂ ਕੁੱਝ ਅਹਿਮ ਮਤੇ ਵੀ ਪਾਸ ਕੀਤੇ ਗਏ।ਪਾਸ ਕੀਤੇ ਗਏ ਮਤਿਆਂ ਅਨੁਸਾਰ ਅੱਜ ਸ਼ਾਮ ਚਾਰ ਵਜੇ ਬਾਰਾਂ ਹੱਟਾਂ ਚੌਕ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਰਥੀ ਫੂਕਣ ਉਪਰੰਤ ਆਗੂਆਂ ਵੱਲੋਂ ਇੱਕ ਪ੍ਰੈੱਸ ਕਾਨਫਰੰਸ ਵੀ ਕੀਤੀ ਜਾਵੇਗੀ।ਇਸ ਤੋਂ ਇਲਾਵਾ ਇਸ ਸੰਘਰਸ਼ 'ਚ ਸ਼ਾਮਲ ਸੰਸਥਾਵਾਂ ਤੇ ਰਾਜਨੀਤਕ ਪਾਰਟੀਆਂ ਰੋਸ ਵਜੋਂ ਕਾਲੇ ਝੰਡਿਆਂ ਨਾਲ ਹੀ ਸ਼ਮੂਲੀਅਤ ਕਰਨਗੀਆਂ। ਇਸ ਦੇ ਨਾਲ ਹੀ ਪ੍ਰੈੱਸ ਨੋਟ ਜਾਰੀ ਕਰਨ ਲਈ ਧੰਨਾ ਮੱਲ ਗੋਇਲ, ਕ੍ਰਿਸ਼ਨ ਚੌਹਾਨ ਤੇ ਅੰਕੁਸ਼ ਜਿੰਦਲ ਤੇ ਪ੍ਰੈੱਸ ਵਾਰਤਾ ਲਈ ਮੁਨੀਸ਼ ਬੱਬੀ ਦਾਨੇਵਾਲੀਆ, ਨਾਜ਼ਰ ਸਿੰਘ ਮਾਨਸਾ, ਰੁਲਦੂ ਸਿੰਘ ਮਾਨਸਾ, ਸ਼ਮੀਰ ਛਾਬੜਾ, ਰਾਜਵਿੰਦਰ ਸਿੰਘ ਰਾਣਾ ਆਧਾਰਤ ਇੱਕ ਵਿਸ਼ੇਸ਼ ਕਮੇਟੀ ਵੀ ਨਿਯੁਕਤ ਕੀਤੀ ਗਈ। ਮੀਟਿੰਗ ਦੌਰਾਨ ਆਗੂਆਂ ਨੇ ਸਮੁੱਚੀਆਂ ਸੰਸਥਾਵਾਂ, ਰਾਜਨੀਤਕ ਪਾਰਟੀਆਂ ਤੇ ਇਨਸਾਫ਼ ਪਸੰਦ ਲੋਕਾਂ ਨੂੰ ਇਸ ਲੋਕ ਹਿਤੂ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ। ਮੀਟਿੰਗ ਵਿੱਚ ਪੀੜਤ ਪਰਵਾਰ 'ਚੋਂ ਭੀਮ ਸੈਨ ਗੋਇਲ, ਸਤੀਸ਼ ਕੁਮਾਰ ਨੀਟੂ ਤੇ ਐਡਵੋਕੇਟ ਗੁਰਲਾਭ ਮਾਹਲ, ਬਲਜੀਤ ਸ਼ਰਮਾ, ਸ਼ਮੀਰ ਛਾਬੜਾ, ਚਮਕੌਰ ਸਿੰਘ ਮੂਸਾ, ਸਤੀਸ਼ ਗੋਇਲ, ਹਰਵਿੰਦਰ ਭਾਰਦਵਾਜ, ਡਾ. ਜਨਕ ਰਾਜ, ਬਲਵਿੰਦਰ ਸਿੰਘ ਘਰਾਗਣਾ ਆਦਿ ਸੰਘਰਸ਼ ਕਮੇਟੀ ਮੈਂਬਰਾਂ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ।ਇਸ ਤੋਂ ਇਲਾਵਾ ਆਤਮਾ ਸਿੰਘ ਪਮਾਰ, ਵਰਿੰਦਰ ਕੁਮਾਰ, ਸੁਨੀਲ ਸ਼ਰਮਾ, ਗੁਰਸੇਵਕ ਮਾਨ, ਸੁਖਚੈਨ ਸਿੰਘ ਆਦਿ ਹਾਜ਼ਰ ਸਨ।

## 2 ਨੂੰ ਲੁਧਿਆਣਾ ਰੋਸ ਧਰਨੇ 'ਚ ਮੁਲਾਜ਼ਮ ਵੱਡੀ ਗਿਣਤੀ 'ਚ ਪਹੁੰਚਣ : ਪਿਲਖਣੀ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਅਧੀਨ ਸਬ ਅਰਬਨ ਸਬ ਡਵੀਜ਼ਨ ਰਾਜਪੁਰਾ ਦਾ ਡੈਲੀਗੇਟ ਅਜਲਾਸ ਡਵੀਜ਼ਨ ਰਾਜਪੁਰਾ ਦੇ ਪ੍ਰਧਾਨ ਕੁਲਦੀਪ ਸਿੰਘ, ਸਕੱਤਰ ਸਾਥੀ ਜਗਜੀਤ ਸਿੰਘ ਦੀ ਅਗਵਾਈ ਹੇਠ ਹੋਇਆ। ਇਸ ਅਜਲਾਸ ਵਿੱਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਧੀਮਾਨ ਸ਼ਾਮਲ ਹੋਏ।ਚੋਣ ਅਜਲਾਸ ਨੂੰ ਸੰਬੋਧਨ ਕਰਦਿਆਂ ਬੁਲਾਰੇ ਸਾਥੀਆਂ ਨੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਜਾਇਦਾਦਾਂ ਵੇਚਣ ਦੀ ਨਿਖੇਧੀ ਕੀਤੀ ਗਈ।ਕੇਂਦਰ ਸਰਕਾਰ ਦੇ ਬਿਜਲੀ ਐਕਟ 2025 ਦੀ ਤਜਵੀਜ਼ ਨੂੰ ਲੋਕ ਵਿਰੋਧੀ ਦੱਸਦਿਆਂ ਕਿਹਾ ਕਿ ਜੇਕਰ ਇਹ ਐਕਟ ਲਾਗੂ ਹੋ ਜਾਂਦਾ ਹੈ ਤਾਂ ਪਾਵਰ ਮਹਿਕਮਾ ਪ੍ਰਾਈਵੇਟ ਹੱਥਾਂ ਵਿੱਚ ਚਲਾ ਜਾਵੇਗਾ ਤੇ ਬਿਜਲੀ ਹੋਰ ਮਹਿੰਗੀ ਹੋ ਜਾਵੇਗੀ ਜੋ ਕਿ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ।ਪੰਜਾਬ ਸਰਕਾਰ ਵੱਲੋਂ ਡੀ ਏ ਦੀਆਂ ਕਿਸ਼ਤਾਂ ਦਾ ਬਕਾਇਆ ਰਾਸ਼ੀ ਜਾਰੀ ਨਹੀਂ ਕੀਤੀ ਜਾ ਰਹੀ।ਪੰਜਾਬ ਸਰਕਾਰ, ਪਾਵਰ ਮਹਿਕਮੇ ਤੋਂ ਪੇ ਸਕੇਲਾਂ ਦੀ ਬਕਾਇਆ ਰਾਸ਼ੀ ਇੱਕ ਮੁਸ਼ਤ ਜਾਰੀ ਕਰਨ ਦੀ ਮੰਗ ਕੀਤੀ ਗਈ।ਡੈਲੀਗੇਟ ਵਿੱਚ ਪਹੁੰਚੇ ਸਾਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਸਰਕਾਰੀ ਜਾਇਦਾਦਾਂ ਵੇਚਣ ਤੇ ਮੰਗੀਆਂ ਮੰਗਾਂ ਲਾਗੂ ਨਾ ਕਰਨ ਦੇ ਵਿਰੁੱਧ ਲੁਧਿਆਣਾ ਵਿਖੇ ਪੰਜਾਬ ਦੀਆਂ ਜਥੇਬੰਦੀਆਂ ਵੱਲੋਂ ਉਲੀਕੇ ਸੰਘਰਸ਼ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਚੋਣ ਅਜਲਾਸ ਵਿੱਚ ਪ੍ਰਧਾਨ ਸਾਥੀ ਸੁਰਮਖ ਸਿੰਘ ਲਾਈਨਮੈਨ, ਮੀਤ ਪ੍ਰਧਾਨ ਸਾਥੀ ਜਗਦੀਪ ਸਿੰਘ ਲਾਈਨਮੈਨ, ਸਕੱਤਰ ਸਾਥੀ ਨਵਦੀਪ ਸਿੰਘ ਲਾਈਨਮੈਨ, ਸਹਾਇਕ ਸਕੱਤਰ ਸਾਥੀ ਜਗਸੀਰ ਗਿਰ ਸਹਾਇਕ ਲਾਈਨਮੈਨ, ਖਜ਼ਾਨਚੀ ਸਾਥੀ ਰਾਜੇਸ਼ ਕੁਮਾਰ ਸੂਦ ਲਾਈਨਮੈਨ, ਸਹਾਇਕ ਖਜ਼ਾਨਚੀ ਸਾਥੀ ਸ੍ਰੀਮਤੀ ਰਜਨੀ ਰਾਣੀ ਐੱਲ ਡੀ ਸੀ, ਆਡੀਟਰ ਸਾਥੀ ਚਰਨ ਗਿਰ ਯੂ ਡੀ ਸੀ, ਪ੍ਰਚਾਰ ਸਕੱਤਰ ਸਾਥੀ ਅਮਨਦੀਪ ਸਿੰਘ ਸਹਾਇਕ ਲਾਈਨਮੈਨ, ਪ੍ਰਚਾਰ ਸਕੱਤਰ ਸਾਥੀ ਸ੍ਰੀਮਤੀ ਬਬਲੀ ਸਹਾਇਕ ਲਾਈਨਮੈਨ ਸਰਬਸੰਮਤੀ ਚੁਣੇ ਗਏ। ਸਬ ਅਰਬਨ ਸਬ ਡਵੀਜ਼ਨ ਦੇ ਆਗੂ ਸਾਥੀਆਂ ਵੱਲੋਂ ਪਹੁੰਚੇ ਸਾਥੀਆਂ ਦੇ ਬੈਠਣ ਤੇ ਖਾਣ-ਪੀਣ ਲਈ ਸ਼ਾਨਦਾਰ ਪ੍ਰਬੰਧ ਕੀਤਾ ਗਿਆ।ਜਥੇਬੰਦੀ ਦੇ ਆਗੂ ਸਾਥੀਆਂ ਵੱਲੋਂ ਇਸ ਨਵੀਂ ਚੁਣੀ ਟੀਮ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ ਗਈਆਂ।

## ਸ਼ੁਭਮ ਸੈਣੀ ਨੂੰ ਰਿਸਰਚ 'ਚ ਮਿਲਿਆ ਕੌਮਾਂਤਰੀ ਐਵਾਰਡ

**ਸਮਰਾਲਾ (ਸੁਰਜੀਤ ਸਿੰਘ)**

ਪੀਜੀਆਈ ਚੰਡੀਗੜ੍ਹ ਦੇ ਰੇਡੀਓਡਾਇਗਨੋਸਿਸ ਵਿਭਾਗ ਦੇ ਪੀਡੀਏਟ੍ਰਿਕ ਰੇਡੀਓਲੋਜੀ ਸੈਕਸ਼ਨ ਵਿੱਚ ਫੈਲੋ ਡਾ. ਸ਼ੁਭਮ ਸੈਣੀ ਨੂੰ ਦੋਹਾ ਕਤਰ



ਵਿੱਚ ਇਸ ਸਾਲ 24 ਤੋਂ 26 ਅਕਤੂਬਰ ਤੱਕ ਆਯੋਜਿਤ ਏਸ਼ੀਅਨ ਐਂਡ ਓਸ਼ਨੀਕ ਸੋਸਾਇਟੀ ਫਾਰ ਪੀਡੀਏਟ੍ਰਿਕ ਰੇਡੀਓਲੋਜੀ ਦੀ ਸਾਲਾਨਾ ਮੀਟਿੰਗ ਦੌਰਾਨ ਓਰਲ ਪੇਪਰ ਸ਼੍ਰੇਣੀ ਵਿੱਚ ਪਹਿਲਾ ਇਨਾਮ ਮਿਲਿਆ।ਪ੍ਰਾਪਤ ਜਾਣਕਾਰੀ ਅਨੁਸਾਰ ਡਾ. ਸੈਣੀ ਦਾ ਖੋਜ ਕਾਰਜ ਪੇਡੀਏਟ੍ਰਿਕ ਇੰਟਰਸਟਿਸ਼ੀਅਲ ਈਡੀਮੈਟਸ ਪੈਂਕ੍ਰੀਐਟਾਈਟਿਸ ਵਿੱਚ ਡਿਫਿਊਜ਼ਨ-ਵੇਟਡ ਮੈਗਨੇਟਿਕ ਰਿਜੋਨੈਂਸ ਇਮੀਜਿੰਗ ਦੀ ਡਾਇਗਨੋਸਟਿਕ ਯੂਟਿਲਿਟੀ : ਇੱਕ ਪ੍ਰਾਰੰਭਿਕ ਅਨੁਭਵ ਸਿਰਲੇਖ ਹੇਠ ਕੀਤਾ ਗਿਆ ਸੀ, ਜੋ ਕਿ ਪ੍ਰੋ. ਅਕਸ਼ੈ ਸੈਕਸੇਨਾ, ਪ੍ਰੋ. ਕੁਸ਼ਲਜੀਤ ਸਿੰਘ ਸੋਢੀ, ਡਾ. ਅਨਮੋਲ ਭਾਟੀਆ ਤੇ ਪ੍ਰੋ. ਸਾਧਨਾ ਬੀ. ਲਾਲ ਦੀ ਰਹਿਨੁਮਾਈ ਹੇਠ ਸੰਪੰਨ ਹੋਇਆ।ਇਸ ਪ੍ਰਾਪਤੀ ਬਾਰੇ ਟਿੱਪਣੀ ਕਰਦਿਆਂ ਰੇਡੀਓਡਾਇਗਨੋਸਿਸ ਵਿਭਾਗ ਦੇ ਮੁਖੀ ਪ੍ਰੋ. ਪਰਮਜੀਤ ਸਿੰਘ ਨੇ ਕਿਹਾ ਕਿ ਇਹ ਵਿਭਾਗ ਤੇ ਸੰਸਥਾ ਦੋਹਾਂ ਲਈ ਮਾਣ ਦੀ ਗੱਲ ਹੈ।

## ਬੱਸ ਤੇ ਟਰੱਕ ਦੀ ਟੱਕਰ 'ਚ ਕੰਡਕਟਰ ਦੀ ਮੌਤ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਇਥੇ ਸਰਹੰਦ ਰੋਡ 'ਤੇ ਟਰਾਈ ਸਿਟੀ ਦੇ ਸਾਹਮਣੇ ਸ਼ੁੱਕਰਵਾਰ ਸਵੇਰੇ ਪੀਆਰਟੀਸੀ ਦੀ ਬੱਸ (ਪੀਬੀ 06 ਬੀ 3765) ਤੇ ਟਰੱਕ (ਐੱਚਪੀ 72 ਪੀ 7808) ਦਰਮਿਆਨ ਟੱਕਰ ਹੋ ਗਈ।ਹਾਦਸੇ ਵਿੱਚ ਬੱਸ ਦੇ ਕੰਡਕਟਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 12 ਹੋਰ ਸਵਾਰੀਆਂ ਜ਼ਖ਼ਮੀ ਹਨ।ਇਨ੍ਹਾਂ 'ਚੋਂ ਅੱਧੀਆਂ ਸਵਾਰੀਆਂ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦਾਖ਼ਲ ਕਰਵਾਇਆ ਗਿਆ, ਜਦੋਂਕਿ ਬਾਕੀ ਇੱਥੋਂ ਦੇ ਮਨੀਪਾਲ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।

## ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਵੱਲੋਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸ਼ਰਧਾਂਜਲੀਆਂ



**ਪਟਿਆਲ਼ਾ (ਰਾਜਿੰਦਰ ਥਿੰਦ)**-ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਦਫਤਰ ਵਿੱਚ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਦੀ ਅਗਵਾਈ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੀ ਟੀਮ ਵੱਲੋਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਦੇ ਬਲੀਦਾਨ ਦਿਵਸ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮੌਕੇ ਹਰਵਿੰਦਰ ਸਿੰਘ ਨਿੱਪੀ ਮੈਂਬਰ ਤੇ ਸਪੋਕਸਪਰਸਨ ਪੰਜਾਬ ਕਾਂਗਰਸ ਨੇ ਕਿਹਾ ਕਿ ਇੰਦਰਾ ਗਾਂਧੀ ਜੀ ਦੇ ਕੀਤੇ ਗਏ ਕੰਮਾਂ ਨੂੰ ਸਾਰਾ ਭਾਰਤ ਹਮੇਸ਼ਾ ਯਾਦ ਰੱਖੇਗਾ। ਇਸ ਮੌਕੇ ਮਹਿੰਦਰ ਸਿੰਘ ਬਡੂੰਗਰ, ਨਰਿੰਦਰ ਕਪੂਰ, ਵਿਨੋਦ ਭਟਨਾਗਰ, ਰਾਕੇਸ਼ ਕੁਮਾਰ ਕੇਸ਼ੀ ਪੰਡਿਤ, ਰਾਕੇਸ਼ ਪੰਡਿਤ, ਵਿਕਾਸ ਸਯਾਲ, ਮਦਨ ਲਾਲ ਭਾਂਬਰੀ, ਰਾਮ ਦਿਆਲ, ਗੌਤਮ ਸਲੂਜਾ, ਦੀਪਕ ਟਿਵਾਣਾ, ਅਜੇ ਹੰਸ, ਸਾਹਿਲ ਵਰਮਾ, ਸਾਹਿਲ ਸ਼ਾਹ, ਸ਼ੰਕਰ ਹੰਸ, ਵਿੱਕੀ, ਦੀਪ ਟੰਡਨ ਆਦਿ ਵਰਕਰ ਤੇ ਅਹੁਦੇਦਾਰ ਹਾਜ਼ਰ ਰਹੇ।

## ਕਾਤਰਾਂ

### ਮਾਤਾ ਸੰਤੋਸ਼ ਰਾਣੀ ਦੇ ਦਿਹਾਂਤ 'ਤੇ ਦੁਖ ਪ੍ਰਗਟ

**ਲੌਂਗੋਵਾਲ (ਪ੍ਰਦੀਪ ਸੱਪਲ)**-ਪਿਛਲੇ ਦਿਨੀਂ ਐੱਲ.ਆਈ.ਸੀ. ਦੇ ਐੱਮ.ਡੀ.ਆਰ. ਇਸ਼ਵਰ ਚੰਦ ਉਰਫ ਵਿੱਕੀ ਪਿੰਡ ਉੱਭਾਵਾਲ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦ ਉਨ੍ਹਾਂ ਦੀ ਮਾਤਾ ਸੰਤੋਸ਼ ਰਾਣੀ ਦਾ ਦਿਹਾਂਤ ਹੋ ਗਿਆ।ਇਸ ਮੌਤ 'ਤੇ ਪੰਜਾਬ ਐਗਰੋ ਦੇ ਸਾਬਕਾ ਚੇਅਰਪਰਸਨ ਮੈਡਮ ਗੀਤਾ ਸ਼ਰਮਾ ਸੁਨਾਮ, ਸਾਬਕਾ ਸਰਪੰਚ ਪਾਲੀ ਕਮਲ, ਸਾਬਕਾ ਸਰਪੰਚ ਮੱਖਣ ਸ਼ਰਮਾ, ਵਿਜੇ ਗੋਇਲ ਲੌਂਗੋਵਾਲ, ਪ੍ਰਦੀਪ ਕੁਮਾਰ ਲੌਂਗੋਵਾਲ, ਬ੍ਰਾਹਮਣ ਸਭਾ ਦੇ ਮੀਤ ਪ੍ਰਧਾਨ ਪ੍ਰਦੀਪ ਮੈਨਨ, ਆਲ ਇੰਡੀਆ ਦੇ ਪ੍ਰਧਾਨ ਹਰਭਗਵਾਨ ਸ਼ਰਮਾ, ਕੇਵਲ ਸਿੰਘ ਮੈਂਬਰ, ਹਰਦੀਪ ਸਿੰਘ ਅੱਤਰੀ ਐਡਵੋਕੇਟ ਉੱਭਾਵਾਲ ਆਦਿ ਨੇ ਵੀ ਦੁਖ ਦਾ ਪ੍ਰਗਟਾਵਾ ਕੀਤਾ।

### ਸੜਕ ਹਾਦਸੇ 'ਚ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖਮਾਣੋਂ-ਖੰਨਾ ਰੋਡ 'ਤੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਮੋਟਰਸਾਈਕਲ ਸਵਾਰ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਠੀਕਰੀਵਾਲ ਦਾ ਵਸਨੀਕ ਸੁਖਵਿੰਦਰ ਸਿੰਘ (32) ਤੇ ਉਸ ਦੇ ਦੋ ਦੋਸਤ ਆਪੋ-ਆਪਣੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਪਿੰਡ ਜਟਾਣਾ ਦੇ ਡੇਰਾ ਬਾਬਾ ਮਸਤ ਰਾਮ ਜੀ ਵਿਖੇ ਮੱਥਾ ਟੇਕਣ ਗਏ ਸਨ।ਵਾਪਸ ਘਰ ਨੂੰ ਪਰਤਦੇ ਸਮੇਂ ਸੁਖਵਿੰਦਰ ਸਿੰਘ ਜਦੋਂ ਖਮਾਣੋਂ-ਖੰਨਾ ਰੋਡ 'ਤੇ ਸਥਿਤ ਪਿੰਡ ਠੀਕਰੀਵਾਲ ਵਾਲੇ ਮੋੜ ਨਜ਼ਦੀਕ ਪੁੱਜਾ ਤਾਂ ਸਾਹਮਣੇ ਤੋਂ ਆ ਰਹੇ ਤੇਜ਼ ਰਫ਼ਤਾਰ ਟਰੈਕਟਰ, ਜਿਸ ਦੇ ਪਿੱਛੇ ਪਰਾਲੀ ਲੋਡ ਕਰਨ ਵਾਲੀ ਖੁੱਲ੍ਹੀ ਟਰਾਲੀ ਪਾਈ ਹੋਈ ਸੀ, ਨੇ ਬਰਾਬਰ ਤੋਂ ਲੰਘਦੇ ਸਮੇਂ ਉਸ ਦੇ ਮੋਟਰਸਾਈਕਲ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਸੁਖਵਿੰਦਰ ਸਿੰਘ ਦੇ ਸਿਰ ਤੇ ਮੂੰਹ 'ਤੇ ਗੰਭੀਰ ਸੱਟਾਂ ਵੱਜੀਆਂ ਤੇ ਉਸ ਦੀ ਮੌਤ ਹੋ ਗਈ।ਟਰੈਕਟਰ ਦੇ ਨਾਮਾਲੂਮ ਡਰਾਈਵਰ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਖਮਾਣੋਂ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

### ਸਲਾਨਾ ਸਮਾਗਮ 21 ਤੋਂ

**ਜਗਰਾਉਂ (ਸੰਜੀਵ ਅਰੋੜਾ)**-ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਤੇ ਸ੍ਰੀਮਾਨ ਸੰਤ ਰਤਨ ਸਿੰਘ ਜੀ ਅਤਰਸਰ ਸਾਹਿਬ (ਰਾੜਾ ਸਾਹਿਬ) ਵਾਲਿਆਂ ਦੀ ਚੌਥੀ ਬਰਸੀ ਨੂੰ ਸਮਰਪਿਤ ਚੌਥਾ ਸਾਲਾਨਾ ਸਮਾਗਮ 21, 22 ਤੇ 23 ਨਵੰਬਰ ਨੂੰ ਗੁਰਦੁਆਰਾ ਗੋਪਾਲਸਰ ਸਾਹਿਬ ਪਿੰਡ ਗਗੜਾ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਦਕਾਰੀ ਦਿੰਦਿਆਂ ਬਾਬਾ ਕਮਲਜੀਤ ਸਿੰਘ ਤੇ ਬਾਬਾ ਅਮਰਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ 'ਚ ਰੋਜ਼ਾਨਾ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ 'ਚ ਵੱਖ-ਵੱਖ ਸੰਪ੍ਰਦਾਵਾਂ ਦੇ ਮਹਾਂਪੁਰਸ਼ਾਂ ਤੋਂ ਇਲਾਵਾ ਰਾਗੀ, ਢਾਡੀ ਤੇ ਕਵੀਸ਼ਰੀ ਜੱਥੇ ਹਾਜ਼ਰੀ ਭਰਨਗੇ।

### ਬਿਜਲੀ ਅੱਜ ਬੰਦ ਰਹੇਗੀ

**ਮੂਨਕ (ਰਾਜਪਾਲ ਸਿੰਗਲਾ)**-ਸ਼ਹਿਰ ਤੇ ਹਮੀਰਗੜ੍ਹ ਬਿਜਲੀ ਲਾਈਨਾਂ ਦੀ ਹੋ ਰਹੀ ਮੁਰੰਮਤ ਨੂੰ ਲੈ ਕੇ 24 ਘੰਟੇ ਵਾਲੀ ਬਿਜਲੀ 1 ਨਵੰਬਰ ਨੂੰ ਬੰਦ ਰਹੇਗੀ।ਇਸ ਸਬੰਧੀ ਪਾਵਰਕਾਮ ਦਫਤਰ ਮੂਨਕ ਦੇ ਐੱਸਡੀਓ ਜੋਧਾ ਰਾਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੂਨਕ ਗਰਿੱਡ ਤੋਂ ਚੱਲਣ ਵਾਲੇ ਫੀਡਰ ਬਲਕ ਨਾਥ ਦੀ ਬਿਜਲੀ ਸਪਲਾਈ ਲਾਈਨਾਂ ਦੀ ਚੱਲ ਰਹੀ ਮੁਰੰਮਤ ਨੂੰ ਲੈ ਕੇ 1 ਨਵੰਬਰ 2025 ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹੋਣ ਵਾਲੇ ਕੰਮ ਨੂੰ ਦੇਖਦੇ ਹੋਏ ਬਿਜਲੀ ਬੰਦ ਦੇ ਸਮੇਂ ਵਿੱਚ ਵੱਧ ਘੱਟ ਹੋ ਸਕਦਾ ਹੈ।

### ਅੱਜ ਬਿਜਲੀ ਸਪਲਾਈ ਬੰਦ ਰਹੇਗੀ

**ਜਲਾਲਾਬਾਦ (ਜੀਤ ਕੁਮਾਰ)**-ਜਲਾਲਾਬਾਦ ਸ਼ਹਿਰ ਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿੱਚ ਅੱਜ ਬਿਜਲੀ ਸਪਲਾਈ ਬੰਦ ਰਹੇਗੀ। ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਜਲਾਲਾਬਾਦ ਸ਼ਹਿਰੀ ਸਬ ਡਵੀਜ਼ਨ ਦੇ ਐੱਸ.ਡੀ.ਓ. ਸੰਦੀਪ ਕੁਮਾਰ ਨੇ ਦੱਸਿਆ ਕਿ 132 ਕੇ.ਵੀ. ਸਬ ਸਟੇਸ਼ਨ ਜਲਾਲਾਬਾਦ ਦੀ ਸਾਂਭ-ਸੰਭਾਲ ਤੇ ਰੱਖ-ਰਖਾਵ ਦੇ ਜ਼ਰੂਰੀ ਕੰਮ ਕਰਵਾਉਣ ਲਈ ਇਸ ਬਿਜਲੀ ਘਰ ਤੋਂ ਚਲਦੇ ਫੀਡਰ ਜਿਵੇਂ ਕਿ 11 ਕੇ.ਵੀ. ਸ਼ਹਿਰੀ, ਆਲਮਕੇ, ਸੁਖੇਰਾ, ਕਾਲੂ ਵਾਲਾ, ਘਾਂਗਾ, ਬੱਘਾ ਬਜ਼ਾਰ, ਘੁਰੀ, ਮੰਨੇਵਾਲਾ, ਗੁੰਮਾਨੀਵਾਲਾ, ਬਾਰੇਵਾਲਾ, ਮੋਹਰ ਸਿੰਘ ਵਾਲਾ, ਸਿੰਡਾ, ਬੂਰਵਾਲਾ, ਬੈਂਕ ਰੋਡ, ਕਾਹਨਾ ਤੇ ਘੈਰੇਕੇ ਦੇ ਇਲਾਕੇ ਵਿੱਚ 1 ਨਵੰਬਰ 2025 ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

### 6.88 ਗ੍ਰਾਮ ਹੈਰੋਇਨ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 6.88 ਗ੍ਰਾਮ ਹੈਰੋਇਨ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਚ. ਸੀ. ਸਤਪਾਲ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਸਿਟੀ ਜਲਾਲਾਬਾਦ ਦੇ ਏਰੀਏ ਵਿੱਚ ਮੌਜੂਦ ਸੀ ਤੇ ਇਸ ਦੌਰਾਨ ਮੁਖਬਰ ਖਾਸ ਨੇ ਪੁਲਸ ਪਾਰਟੀ ਨੂੰ ਇਤਲਾਹ ਦਿੱਤੀ ਕਿ ਸੂਰਜ ਪੁੱਤਰ ਰਾਮ ਲਾਲ ਵਾਸੀ ਬੱਲੂਆਣਾ ਹੈਰੋਇਨ ਵੇਚਣ ਦਾ ਆਦੀ ਹੈ, ਜੋ ਹੁਣ ਵੀ ਬੈਕ ਸਾਇਡ ਭਾਈ ਮਾਂਹ ਸਿੰਘ ਸਕੂਲ ਕੋਲ ਖੜਾ ਹੈ ਤੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ ਅਤੇ ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦਾ ਹੈ। ਪੁਲਸ ਨੇ ਮੁਕੱਦਮਾ ਦਰਜ ਕਰ ਲਿਆ ਹੈ।

## ਸਰਾਇਨਾ ਸਿੰਗਲਾ ਨੇ ਰਾਇਫਲ ਸ਼ੂਟਿੰਗ ਸਟੇਟ ਜਿੱਤ ਕੇ ਇਲਾਕੇ ਨਾਮ ਕੀਤਾ ਰੋਸ਼ਨ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੀ ਸ਼ੂਟਰ ਸਰਾਇਨਾ ਸਿੰਗਲਾ ਨੇ 10 ਮੀਟਰ ਏਅਰ ਰਾਇਫਲ ਸ਼ੂਟਿੰਗ 'ਚੋਂ ਸਟੇਟ ਜਿੱਤ ਕੇ ਨੈਸ਼ਨਲ ਵਿੱਚ ਕਵਾਲੀਫਾਈ ਕਰ ਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਇਲਾਕੇ ਦੀ ਨਾਮਵਰ ਸੰਸਥਾ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੀ ਪੀ.ਸੀ.ਐੱਸ. ਸਪੋਰਟਸ ਅਕੈਡਮੀ ਜਿੱਥੇ ਖੇਡਾਂ ਵਿਚ ਝੰਡੇ ਗੱਡ ਰਹੀ ਹੈ, ਉੱਥੇ ਹੀ ਇਹ ਸੰਸਥਾ ਵਿੱਦਿਅਕ ਖੇਤਰ ਵਿੱਚ 100 ਫੀਸਦੀ ਨਤੀਜੇ ਦੇ ਰਹੀ ਹੈ ਅਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਵੀ ਹਾਮੀ ਭਰਦੀ ਹੈ।ਸੈਸ਼ਨ 2025-26 ਦੀਆਂ ਸਟੇਟ ਪੱਧਰੀ ਖੇਡਾਂ, ਜੋ ਮੋਹਾਲੀ ਵਿਖੇ ਹੋਈਆਂ, ਵਿੱਚੋਂ ਪੰਜਾਬ ਕਾਨਵੈਂਟ ਸਕੂਲ ਦੀ ਸ਼ੂਟਰ ਸਰਾਇਨਾ ਸਿੰਗਲਾ ਨੇ ਜ਼ਿਲ੍ਹਾ ਮੋਗਾ ਵੱਲੋਂ 10 ਮੀਟਰ ਏਅਰ ਰਾਇਫਲ ਸ਼ੂਟਿੰਗ ਵਿੱਚ 400 'ਚੋਂ 373 ਅੰਕ ਪ੍ਰਾਪਤ ਕਰ ਕੇ ਨੈਸ਼ਨਲ ਲਈ ਕਵਾਲੀਫਾਈ ਕੀਤਾ।ਇਸ ਦੇ ਨਾਲ ਹੀ ਜ਼ਿਲ੍ਹਾ ਸਿੱਖਿਆ ਅਫਸਰ ਅਸ਼ੀਸ਼ ਕੁਮਾਰ ਸ਼ਰਮਾ ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਬਲਵਿੰਦਰ ਸਿੰਘ ਬੈਂਸ ਵੱਲੋਂ ਵੀ ਸ਼ੂਟਰ ਸਰਾਇਨਾ ਸਿੰਗਲਾ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ।ਇਸ ਸਮੇਂ ਸਕੂਲ ਦੇ ਡਾਇਰੈਕਟਰ ਅਜੇਪਾਲ ਸਿੰਘ ਤੇ ਪ੍ਰਿੰਸੀਪਲ ਮੈਡਮ ਨੀਲਿਮਾ ਨੇ ਸਰਾਇਨਾ ਸਿੰਗਲਾ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਹੈੱਡ ਡੀ.ਪੀ.ਈ. ਜਸਵਿੰਦਰ ਸਿੰਘ, ਡੀ.ਪੀ.ਈ. ਮੈਡਮ ਵੀਰਪਾਲ ਕੌਰ, ਕੋਚ ਗੁਰਵਿੰਦਰ ਸਿੰਘ ਤੇ ਕੋਚ ਸਵਰਨ ਸ਼ੇਰੋਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਚੇਅਰਮੈਨ ਆਰ ਕੇ ਗੁਪਤਾ, ਵਾਈਸ ਚੇਅਰਮੈਨ ਰਮਨ ਕੁਮਾਰ (ਰਿੰਪੀ ਮਿੱਤਲ), ਮੈਂਬਰ ਬਲਵਿੰਦਰ ਸਿੰਘ, ਪਰਮਜੀਤ ਸਿੰਘ, ਰਚਨਾ ਮਿੱਤਲ ਸਾਰਿਆਂ ਨੇ ਸ਼ੂਟਰ ਦੀ ਹੌਸਲਾ ਅਫਜ਼ਾਈ ਕੀਤੀ।




## ਸ਼੍ਰੋਮਣੀ ਅਕਾਲੀ ਦਲ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ 445 ਕੁਇੰਟਲ ਕਣਕ ਦਾ ਬੀਜ ਭੇਜਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੇ ਹੜ੍ਹ ਪੀੜਤ ਕਿਸਾਨਾਂ ਦੀ ਸਹਾਇਤਾ ਲਈ ਚਲਾਈ ਗਈ ਮੁਹਿੰਮ ਅਧੀਨ ਹਲਕਾ ਇੰਚਾਰਜ ਤੇ ਕੋਰ ਕਮੇਟੀ ਦੇ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਸਾਬਕਾ ਨਗਰ ਕੌਂਸਲ ਪ੍ਰਧਾਨ ਸਮਾਜ ਸੇਵੀ ਬਾਲ ਕ੍ਰਿਸ਼ਨ ਬਾਲੀ ਦੀ ਅਗਵਾਈ ਹੇਠ ਖਡੂਰ ਸਾਹਿਬ ਹਲਕੇ ਲਈ ਸਰਟੀਫਾਈਡ ਕਣਕ ਬੀਜ ਨਾਲ ਭਰਿਆ ਘੋੜਾ ਟਰਾਲਾ ਰਵਾਨਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਸਮੇਤ ਕਈ ਆਗੂ ਤੇ ਵਰਕਰ ਮੌਜੂਦ ਸਨ।ਜਥੇਦਾਰ ਤੀਰਥ ਸਿੰਘ ਮਾਹਲਾ ਨੇ ਦੱਸਿਆ ਕਿ ਹਾਲ ਹੀ ਵਿੱਚ ਖਡੂਰ ਸਾਹਿਬ ਹਲਕੇ ਵਿੱਚ ਹੜ੍ਹਾਂ ਕਾਰਨ ਕਿਸਾਨਾਂ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਗਈ ਸੀ, ਜਿਸ ਕਰਕੇ ਉਨ੍ਹਾਂ ਨੂੰ ਆਪਣੀ ਅਗਲੀ ਕਣਕ ਦੀ ਫਸਲ ਬੀਜਣ ਵਿੱਚ ਮੁਸ਼ਕਲਾਂ ਆ ਰਹੀਆਂ ਸਨ।ਇਸ ਸਥਿਤੀ ਨੂੰ ਦੇਖਦਿਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ 445 ਕੁਇੰਟਲ ਸਰਟੀਫਾਈਡ ਕਣਕ ਬੀਜ (ਕੁੱਲ 1115 ਗੱਟੇ) ਭੇਜੇ ਗਏ ਹਨ, ਜਿਨ੍ਹਾਂ ਦੀ ਕੀਮਤ ਲਗਭਗ 14 ਲੱਖ ਰੁਪਏ ਬਣਦੀ ਹੈ।ਉਨ੍ਹਾਂ ਕਿਹਾ ਕਿ ਇਹ ਬੀਜ ਹੜ੍ਹ ਪੀੜਤ ਕਿਸਾਨਾਂ ਵਿੱਚ ਵੰਡਿਆ ਜਾਵੇਗਾ ਤਾਂ ਜੋ ਉਹ ਸਮੇਂ ਸਿਰ ਆਪਣੀ ਫਸਲ ਦੀ ਬਿਜਾਈ ਕਰ ਸਕਣ ਅਤੇ ਆਪਣੀ ਆਰਥਿਕ ਹਾਲਤ ਨੂੰ ਦੁਬਾਰਾ ਸੰਭਾਲ ਸਕਣ।ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਦੇ ਕਿਸੇ ਹਿੱਸੇ ਵਿੱਚ ਹੜ੍ਹਾਂ ਦੀ ਮਾਰ ਨਾਲ ਲੋਕ ਜਾਂ ਕਿਸਾਨ ਪ੍ਰਭਾਵਿਤ ਹੋਏ ਹਨ, ਤਦੋਂ ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਪਹਿਲੇ ਪੱਧਰ 'ਤੇ ਉਨ੍ਹਾਂ ਦੀ ਸਹਾਇਤਾ ਲਈ ਮੈਦਾਨ ਵਿੱਚ ਉਤਰਿਆ ਹੈ।ਉਨ੍ਹਾਂ ਯਾਦ ਦਿਵਾਇਆ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖੁਦ ਹੜ੍ਹ ਪੀੜਤ ਇਲਾਕਿਆਂ ਵਿੱਚ ਜਾ ਕੇ ਲੋਕਾਂ ਦੇ ਦੁੱਖ-ਦਰਦ ਸਾਂਝੇ ਕਰਦੇ ਆਏ ਹਨ ਤੇ ਹਮੇਸ਼ਾ ਮਨੁੱਖਤਾ ਦੀ ਸੇਵਾ ਨੂੰ ਸਭ ਤੋਂ ਪਹਿਲਾਂ ਰੱਖਿਆ ਹੈ।ਇਸ ਮੌਕੇ ਕੇਵਲ ਕ੍ਰਿਸ਼ਨ ਗਰਗ, ਸਾਬਕਾ ਚੇਅਰਮੈਨ ਸੁਖਚਰਨ ਸਿੰਘ ਛਿੰਦਾ, ਸ਼ਹਿਰੀ ਪ੍ਰਧਾਨ ਪਵਨ ਢੰਡ, ਵਾਈਸ ਪ੍ਰਧਾਨ ਰਣਜੀਤ ਸਿੰਘ ਝੀਤੇ, ਸੁਖਹਰਪੀਤ ਸਿੰਘ ਰੋਡੇ ਮੈਂਬਰ, ਸੀਨੀਅਰ ਯੂਥ ਆਗੂ ਸੁਖਜੀਤ ਸਿੰਘ ਮਾਹਲਾ, ਜਸਪ੍ਰੀਤ ਸਿੰਘ ਮਾਹਲਾ, ਪ੍ਰਧਾਨ ਪਵਨ ਗੋਇਲ, ਸਰਪੰਚ ਹਰਜਿੰਦਰ ਸਿੰਘ ਰੋਡੇ, ਸਰਕਲ ਪ੍ਰਧਾਨ ਸੰਜੀਵ ਬਿੱਟੂ ਰੋਡੇ, ਹਰਜੀਤ ਸਿੰਘ ਗਿੱਲ, ਜ਼ਿਲ੍ਹਾ ਯੂਥ ਪ੍ਰਧਾਨ ਹਰਜੋਤ ਸਿੰਘ ਡੇਮਰੂ, ਜਗਸੀਰ ਸਿੱਧੂ ਸੀਰੂ, ਤਰਲੋਚਨ ਸਿੰਘ ਕਾਲੇਕੇ, ਜਸਵੀਰ ਸਿੰਘ ਬਰਾੜ, ਚਮਕੌਰ ਸਿੰਘ ਘੋਲੀਆ, ਜਗਤਾਰ ਸਿੰਘ ਘੋਲੀਆ, ਚਰਨਪ੍ਰੀਤ ਸਿੰਘ ਸਾਬਕਾ ਐੱਮ. ਸੀ., ਭਾਈ ਕਰਮਜੀਤ ਸਿੰਘ, ਸਰਬਜੀਤ ਸਿੰਘ ਮਾਹਲਾ, ਚੈਰੀ ਭਾਟੀਆ, ਪ੍ਰਦੀਪ ਸਿੰਘ ਠੱਠੀ ਭਾਈ, ਬਲਵਿੰਦਰ ਸਿੰਘ ਜੈਲਦਾਰ, ਜਸਵੀਰ ਸਿੰਘ ਸਮਾਲਸਰ, ਜਗਰੂਪ ਸਿੰਘ ਲੰਗੇਆਣਾ, ਸੁਖਮੰਦਰ ਸਿੰਘ ਭਲੂਰ ਅਤੇ ਹੋਰ ਅਕਾਲੀ ਆਗੂ ਹਾਜ਼ਰ ਸਨ। ਸਾਰੇ ਆਗੂਆਂ ਨੇ ਇਕਸੁਰ ਹੋ ਕੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਪਿੰਡਾਂ ਤੇ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਰਿਹਾ ਹੈ।ਜਥੇਦਾਰ ਮਾਹਲਾ ਨੇ ਅਖੀਰ ਵਿੱਚ ਭਰੋਸਾ ਦਿਵਾਇਆ ਕਿ ਅਕਾਲੀ ਦਲ ਅਗਲੇ ਸਮੇਂ ਵਿੱਚ ਵੀ ਹੜ੍ਹ ਪੀੜਤ ਪਰਵਾਰਾਂ ਦੀ ਹਰ ਸੰਭਵ ਸਹਾਇਤਾ ਜਾਰੀ ਰੱਖੇਗਾ।

## ਮਾਡਰਨ ਕਾਲਜ ਬੀਰ ਕਲਾਂ ਵਿਖੇ ਰਾਸ਼ਟਰੀ ਏਕਤਾ ਦਿਵਸ ਮਨਾਇਆ




**ਚੀਮਾ ਮੰਡੀ (ਰਵਿੰਦਰ ਚੀਮਾ)**-ਰੀਜਨਲ ਡਾਇਰੈਕਟਰ ਐੱਨ ਐੱਸ ਐੱਸ ਚੰਡੀਗੜ੍ਹ ਦੇ ਆਦੇਸ਼ਾਂ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੌਮੀ ਸੇਵਾ ਯੋਜਨਾ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਦੀ ਸਰਪ੍ਰਸਤੀ ਹੇਠ ਮਾਡਰਨ ਗਰੁੱਪ ਆਫ ਇੰਸਟੀਚਿਊਟ ਬੀਰ ਕਲਾਂ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜਯੰਤੀ ਦੇ ਸੰਬੰਧ ਵਿੱਚ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ।ਇਸ ਮੌਕੇ ਇੱਕ ਜਾਗਰੂਕਤਾ ਰੈਲੀ 'ਏਕਤਾ ਵਿੱਚ ਤਾਕਤ' ਵੀ ਕੱਢੀ ਗਈ।ਵਿਦਿਆਰਥੀਆਂ ਨੇ ਇਸ ਦਿਨ ਦੀ ਮਹੱਤਤਾ ਤੇ ਆਪਣੇ ਵਿਚਾਰ ਪੇਸ਼ ਕੀਤੇ।ਵਿਦਿਆਰਥੀਆਂ ਨੇ ਰਾਸ਼ਟਰੀ ਏਕਤਾ ਪ੍ਰਤੀ ਆਪਣੀ ਨਿਸ਼ਠਾ ਜਤਾਂਦੇ ਹੋਏ ਰਾਸ਼ਟਰੀ ਏਕਤਾ ਨੂੰ ਬਣਾਈ ਰੱਖਣ ਦੀ ਸਹੁੰ ਚੁੱਕੀ।ਇਸ ਪ੍ਰੋਗਰਾਮ ਵਿੱਚ ਸਾਰੇ ਵਲੰਟੀਅਰਜ਼ ਨੇ ਵੱਧ ਚੜ੍ਹ ਕੇ ਭਾਗ ਲਿਆ।ਇਸ ਮੌਕੇ ਐੱਨ ਐੱਨ ਐੱਸ ਪ੍ਰੋਗਰਾਮ ਅਫਸਰ ਪ੍ਰੋ. ਗੁਰਸੇਵਕ ਸਿੰਘ ਤੇ ਕਲਜ ਸਟਾਫ ਮੈਂਬਰ ਪ੍ਰੋ. ਅੰਤਰਪਾਲ ਕੌਰ, ਕੋਮਲ ਰਾਣੀ, ਮਨਿੰਦਰ ਕੌਰ ਤੇ ਕੁਲਵੀਰ ਸਿੰਘ ਮੌਜੂਦ ਰਹੇ।

## ਥਾਣਾ ਮੁਖੀ ਭੁਪਿੰਦਰਜੀਤ ਵੱਲੋਂ ਮੀਡੀਆ ਕਰਮੀਆਂ ਨਾਲ ਮੀਟਿੰਗ



**ਬੋਹਾ (ਬੋਹਾ, ਭੂਸ਼ਣ)**-ਥਾਣਾ ਬੋਹਾ ਦੇ ਨਵੇਂ ਮੁਖੀ ਸਬ ਇੰਸਪੈਕਟਰ ਭੁਪਿੰਦਰ ਸਿੰਘ ਨੇ ਚਾਰਜ ਸੰਭਾਲਣ ਤੋਂ ਬਾਅਦ ਸ਼ਹਿਰ ਦੇ ਮੀਡੀਆ ਕਰਮੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਤੇ ਥਾਣਾ ਖੇਤਰ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਉਨ੍ਹਾਂ ਦਾ ਸਹਿਯੋਗ ਮੰਗਿਆ।ਇਸ ਮੌਕੇ ਉਨ੍ਹਾ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਕਾਨੂੰਨ ਵਿੱਚ ਵਿਸ਼ਵਾਸ ਰੱਖਣ ਵਾਲੇ ਅਮਨ ਪਸੰਦ ਲੋਕਾਂ ਨੂੰ ਪੁਲਸ ਵੱਲੋਂ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ, ਪਰ ਕਾਨੂੰਨ ਤੋੜਨ ਵਾਲੇ ਨਾਲ ਸਖਤੀ ਨਾਲ ਪੇਸ਼ ਆਉਣਾ ਪੁਲਸ ਦਾ ਮੁੱਢਲਾ ਫਰਜ਼ ਹੈ।ਉਨ੍ਹਾ ਕਿਹਾ ਕਿ ਨਸ਼ੇ ਦੇ ਸੁਦਾਗਰਾਂ ਖਿਲਾਫ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਜਾਰੀ ਰੱਖੀ ਜਾਵੇਗੀ। ਉਨ੍ਹਾ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ, ਇਸ ਲਈ ਪੁਲਸ ਤੇ ਮੀਡੀਆ ਦਾ ਆਪਸੀ ਸਹਿਯੋਗ ਇਸ ਖੇਤਰ ਨੂੰ ਨਸ਼ਾ ਮੁਕਤ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਅ ਸਕਦਾ ਹੈ।

## ਥਾਣਾ ਮੁਖੀ ਨੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਕੱਸਿਆ ਸ਼ਿਕੰਜਾ

- ਰਾਤ ਨੂੰ ਨਾਕਾਬੰਦੀਆਂ ਕਰਕੇ ਕੀਤੀ ਚੈਕਿੰਗ



**ਸਮਾਲਸਰ (ਮਨੀ ਸਿੰਗਲਾ)**-ਸਮਾਜ ਵਿੱਚ ਸ਼ਾਂਤੀ ਤੇ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣ ਲਈ ਸਮਾਲਸਰ ਪੁਲਸ ਵੱਲੋਂ ਅਪਰਾਧੀਆਂ ਤੇ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਖ਼ਿਲਾਫ਼ ਮੁਹਿੰਮ ਹੋਰ ਤੇਜ਼ ਕਰ ਦਿੱਤੀ ਗਈ ਹੈ।ਥਾਣਾ ਸਮਾਲਸਰ ਦੇ ਥਾਣਾ ਮੁਖੀ ਐੱਸ. ਆਈ. ਕਮਲਜੀਤ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਨੇ ਅੱਧੀ ਰਾਤ ਨੂੰ ਕਸਬੇ ਦੇ ਸਾਰੇ ਪ੍ਰਵੇਸ਼ ਦੁਆਰਾਂ 'ਤੇ ਨਾਕਾਬੰਦੀਆਂ ਕਰਕੇ ਵਾਹਨਾਂ ਦੀ ਤਾਬੜਤੋੜ ਚੈਕਿੰਗ ਕੀਤੀ।ਇਸ ਮੁਹਿੰਮ ਦਾ ਮਕਸਦ ਨਸ਼ਾ ਤਸਕਰੀ, ਚੋਰੀਆਂ ਤੇ ਲੁੱਟ ਦੀਆਂ ਵਾਰਦਾਤਾਂ ਵਿੱਚ ਲਿਪਤ ਅਨਸਰਾਂ ਨੂੰ ਕਾਬੂ ਕਰਨਾ ਹੈ।ਐੱਸ. ਆਈ. ਕਮਲਜੀਤ ਸਿੰਘ ਨੇ ਕਿਹਾ ਕਿ ਕਸਬੇ ਦੀਆਂ ਹੱਦਾਂ ਵਿੱਚ ਕਾਨੂੰਨ ਦੀ ਪੂਰੀ ਪਾਲਣਾ ਕਰਵਾਈ ਜਾਵੇਗੀ ਤੇ ਜੋ ਵੀ ਵਿਅਕਤੀ ਅਪਰਾਧਕ ਗਤੀਵਿਧੀਆਂ ਵਿੱਚ ਲਿਪਤ ਮਿਲੇਗਾ, ਉਸ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਦੱਸਿਆ ਕਿ ਪੁਲਸ ਨੇ ਸਮਾਲਸਰ ਸ਼ਹਿਰ ਦੇ ਵੱਖ-ਵੱਖ ਐਂਟਰੀ ਪੁਆਇੰਟਾਂ 'ਤੇ ਰਾਤ ਦੇ ਸਮੇਂ ਨਾਕੇ ਲਗਾ ਕੇ ਹਰ ਆਉਣ-ਜਾਣ ਵਾਲੇ ਵਾਹਨ ਦੀ ਤਲਾਸ਼ੀ ਲਈ।ਇਸ ਦੌਰਾਨ ਸ਼ੱਕੀ ਵਿਅਕਤੀਆਂ ਦੇ ਕਾਗਜ਼ਾਤ ਤੇ ਸਾਮਾਨ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ।ਪੁਲਸ ਅਧਿਕਾਰੀਆਂ ਨੇ ਕਿਹਾ ਕਿ ਇਹ ਕਾਰਵਾਈ ਆਉਣ ਵਾਲੇ ਦਿਨਾਂ ਵਿੱਚ ਲਗਾਤਾਰ ਜਾਰੀ ਰਹੇਗੀ।ਐੱਸ. ਆਈ. ਕਮਲਜੀਤ ਸਿੰਘ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਜੋ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ, ਉਹ ਤੁਰੰਤ ਇਸ ਗਲਤ ਕੰਮ ਤੋਂ ਤੌਬਾ ਕਰ ਲੈਣ, ਨਹੀਂ ਤਾਂ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਬਿਨਾਂ ਕਿਸੇ ਰਹਿਮ ਦੇ ਕੀਤੀ ਜਾਵੇਗੀ।ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਸ਼ੱਕ ਹੈ ਕਿ ਕੋਈ ਵਿਅਕਤੀ ਜਾਂ ਗਰੁੱਪ ਕਸਬੇ ਵਿੱਚ ਨਸ਼ੇ ਦੀ ਵਿਕਰੀ ਜਾਂ ਸਪਲਾਈ ਕਰ ਰਿਹਾ ਹੈ, ਤਾਂ ਉਸ ਦੀ ਜਾਣਕਾਰੀ ਤੁਰੰਤ ਪੁਲਸ ਨੂੰ ਦਿੱਤੀ ਜਾਵੇ।ਪੁਲਸ ਵੱਲੋਂ ਸੂਚਨਾ ਦੇਣ ਵਾਲੇ ਵਿਅਕਤੀਆਂ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਪੁਲਸ ਨੇ ਇਸ ਦੌਰਾਨ ਕਈ ਸ਼ੱਕੀ ਵਿਅਕਤੀਆਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਤੇ ਕੁਝ ਸ਼ੱਕੀ ਤੱਤਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਵੀ ਲਿਆ।ਐੱਸ. ਆਈ. ਕਮਲਜੀਤ ਸਿੰਘ ਨੇ ਭਰੋਸਾ ਦਿੱਤਾ ਕਿ ਨਸ਼ੇ ਤੇ ਅਪਰਾਧ ਖ਼ਿਲਾਫ਼ ਇਹ ਮੁਹਿੰਮ ਅਗਲੇ ਸਮੇਂ ਵੀ ਪੂਰੀ ਤਰ੍ਹਾਂ ਜਾਰੀ ਰਹੇਗੀ ਤਾਂ ਜੋ ਕਸਬਾ ਸਮਾਲਸਰ ਨੂੰ ਸ਼ਾਂਤੀ, ਸੁਰੱਖਿਆ ਤੇ ਨਸ਼ਾ-ਮੁਕਤ ਬਣਾਇਆ ਜਾ ਸਕੇ।

## ਚੇਅਰਮੈਨ ਕੁਲਵੰਤ ਸਿੰਘ ਪੰਡੋਰੀ ਵੱਲੋਂ 'ਆਪ' ਉਮੀਦਵਾਰ ਦੇ ਹੱਕ 'ਚ ਚੋਣ ਪ੍ਰਚਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਹਲਕਾ ਤਰਨਤਾਰਨ ਜ਼ਿਮਨੀ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਚੋਣ ਪ੍ਰਚਾਰ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ।ਇਸ ਲੜੀ ਅਧੀਨ ਪੰਜਾਬ ਵਿਧਾਨ ਸਭਾ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਆਪਣੀ ਟੀਮ ਸਮੇਤ ਪਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ 'ਚ ਡੋਰ-ਟੂ-ਡੋਰ ਪ੍ਰਚਾਰ ਕੀਤਾ।ਇਸ ਮੌਕੇ ਵੱਖ ਵੱਖ ਪਿੰਡਾਂ 'ਚ ਵੋਟਰਾਂ ਨੇ ਵਿਧਾਇਕ ਪੰਡੋਰੀ ਦਾ ਜ਼ੋਰਦਾਰ ਸਵਾਗਤ ਕਰਦਿਆਂ 'ਆਪ' ਉਮੀਦਵਾਰ ਦੇ ਹੱਕ ਵਿੱਚ ਭੁਗਤਣ ਦਾ ਭਰੋਸਾ ਦਿੱਤਾ।ਵਿਧਾਇਕ ਪੰਡੋਰੀ ਨੇ ਕਿਹਾ ਕਿ ਤਰਨਤਾਰਨ ਹਲਕੇ ਦੇ ਲੋਕ ਤਬਦੀਲੀ ਦੀ ਲਹਿਰ ਨਾਲ ਜੁੜੇ ਹੋਏ ਹਨ ਤੇ 11 ਨਵੰਬਰ ਨੂੰ ਪਰਵਾਰਾਂ ਸਮੇਤ ਝਾੜੂ ਵਾਲਾ ਬਟਨ ਦਬਾ ਕੇ 'ਆਪ' ਦੇ ਹੱਕ ਵਿੱਚ ਫੱਤਵਾ ਦੇਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਜਿੰਨੇ ਵਿਕਾਸਮਈ ਫੈਸਲੇ ਕੀਤੇ ਹਨ, ਉਨ੍ਹਾਂ ਦਾ ਲਾਭ ਆਮ ਲੋਕਾਂ ਤੱਕ ਸਿੱਧਾ ਪਹੁੰਚ ਰਿਹਾ ਹੈ।ਤਰਨਤਾਰਨ ਹਲਕੇ ਵਿੱਚ ਹਰਮੀਤ ਸਿੰਘ ਸੰਧੂ ਦੀ ਜਿੱਤ ਨਾਲ ਤਰੱਕੀ 'ਚ ਨਵਾਂ ਰੂਪ ਦੇਖਣ ਨੂੰ ਮਿਲੇਗਾ।ਵਿਧਾਇਕ ਪੰਡੋਰੀ ਨੇ ਸੰਗਤਾਂ ਨੂੰ ਇੱਕ ਇੱਕ ਵੋਟ ਚੋਣ ਨਿਸ਼ਾਨ ਝਾੜੂ ਦੇ ਹੱਕ ਵਿੱਚ ਪਾਉਣ ਦੀ ਅਪੀਲ ਕੀਤੀ।

## ਮੁਲਾਜ਼ਮ 7 ਨੂੰ ਤਰਨਤਾਰਨ 'ਚ ਕਰਨਗੇ ਰੋਸ ਮਾਰਚ : ਸਰਾਭਾ

- ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰੇ ਪੰਜਾਬ ਸਰਕਾਰ : ਕੋਕਰੀ, ਪੁਆਰੀ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ ਦੀ ਅਗਵਾਈ ਹੇਠ ਸੂਬਾ ਕਮੇਟੀ ਦੀ ਮੀਟਿਗ ਦੌਰਾਨ ਮੋਰਚੇ ਦੇ ਕੋ ਕਨਵੀਨਰ ਰਣਦੀਪ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ, ਟਹਿਲ ਸਿੰਘ ਸਰਾਭਾ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਡਿੰਪਲ ਰੋਹੇਲਾ ਤੇ ਸੂਬਾ ਕਮੇਟੀ ਮੈਂਬਰਜ਼ ਸ਼ਾਮਲ ਹੋਏ।ਇਸ ਤੋਂ ਇਲਾਵਾ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਸੁਰਿੰਦਰ ਪੁਆਰੀ, ਸਰਪ੍ਰਸਤ ਚਰਨ ਸਿੰਘ ਸਰਾਭਾ, ਜਨਰਲ ਸਕੱਤਰ ਪਰਵੀਨ ਕੁਮਾਰ ਲੁਧਿਆਣਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਆਗੂਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ 01-01-2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਉੱਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਕੀਤੀ ਜਾ ਰਹੀ ਟਾਲ ਮਟੋਲ ਦੀ ਨੀਤੀ ਦੇ ਰੋਸ ਵਜੋਂ ਤਰਨਤਾਰਨ ਵਿਖੇ ਹੋ ਰਹੀ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਤੋਂ ਪੈਨਸ਼ਨ ਲਾਗੂ ਨਾ ਕਰਨ ਦਾ ਸਵਾਲ ਪੁੱਛਿਆ ਜਾਵੇਗਾ।7 ਨਵੰਬਰ ਨੂੰ ਤਰਨਤਾਰਨ ਐਕਸ਼ਨ ਦੌਰਾਨ ਮੋਰਚੇ ਵੱਲੋਂ ਸਮੂਹਕ ਵਫਦ ਕਾਲੇ ਚੋਲੇ ਪਾ ਕੇ ਮਾਰਚ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਘਰ ਵੱਲ ਰੋਸ ਮਾਰਚ ਕਰੇਗਾ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉੱਤੇ ਮੁਲਾਜ਼ਮਾਂ ਨਾਲ਼ ਧੋਖਾ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ 2021 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ 2 ਲੱਖ ਐੱਨ ਪੀ ਐੱਸ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ 01-01-2004 ਤੋਂ ਬਾਅਦ ਭਰਤੀ ਸਾਰੇ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ, ਪਰ ਸਰਕਾਰ ਦੇ ਸਾਢੇ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੇ ਇੱਕ ਵੀ ਮੁਲਾਜ਼ਮ ਦਾ ਜੀਪੀਐੱਫ ਖਾਤਾ ਨਹੀਂ ਖੋਲ੍ਹਿਆ ਹੈ, ਜਦਕਿ ਰਾਜਸਥਾਨ, ਛੱਤੀਸਗੜ੍ਹ, ਝਾੜਖੰਡ, ਹਿਮਾਚਲ ਪ੍ਰਦੇਸ਼ ਦੀਆਂ ਸੂਬਾ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਹੈ।ਇਸ ਸਮੇਂ ਆਗੂਆਂ ਵੱਲੋਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਜਾ ਰਹੀ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਰੱਦ ਕਰਦੇ ਹੋਏ ਪੰਜਾਬ ਸਰਕਾਰ ਤੋਂ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਕੀਤੀ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਸਮੂਹ ਐੱਨ ਪੀ ਐੱਸ ਮੁਲਾਜ਼ਮਾਂ ਨੂੰ ਲਾਮਬੰਦ ਕਰਕੇ ਤਿੱਖੇ ਸੰਗਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਸਮੇਂ ਸੁਰਿੰਦਰ ਸਿੰਘ ਬੈਂਸ, ਮਨੀਸ਼ ਸ਼ਰਮਾ, ਸੰਜੀਵ ਯਾਦਵ, ਗੁਰਪ੍ਰੀਤ ਸਿੰਘ ਨੰਗਲ ਆਦਿ ਆਗੂ ਹਾਜ਼ਰ ਸਨ।

## ਗਦਰੀ ਬਾਬਿਆਂ ਦੇ ਵਿਚਾਰਾਂ ਦਾ ਪਸਾਰਾ ਕਰਨ ਹਿੱਤ ਵਿਸ਼ੇਸ਼ ਉਪਰਾਲੇ ਸ਼ੁਰੂ

- ਸੁਨੇਤ ਵਿਖੇ 16 ਨਵੰਬਰ ਨੂੰ ਹੋਵੇਗਾ ਸਾਂਝਾ ਇਕੱਠ



**ਲੁਧਿਆਣਾ (ਰੈਕਟਰ ਕਥੂਰੀਆ)**-ਮੌਜੂਦਾ ਰਾਜ ਕਰਤਾ ਸ਼੍ਰੇਣੀ ਵੱਲੋਂ ਦੇਸ਼ ਵਿੱਚ ਫ਼ਿਰਕਾਪ੍ਰਸਤੀ ਤੇ ਨਫ਼ਰਤੀ ਰਾਜਨੀਤੀ ਰਾਹੀਂ ਆਪਣੇ ਭ੍ਰਿਸ਼ਟ ਰਾਜ ਦੀ ਉਮਰ ਲੰਮੀ ਕਰਨ ਦੇ ਮਨਸੂਬਿਆਂ ਬਾਰੇ ਲੋਕ ਚੇਤਨਾ ਰਾਹੀਂ, ਗਦਰੀ ਬਾਬਿਆਂ ਦੀ ਵਿਚਾਰਧਾਰਾ ਦਾ ਪਸਾਰਾ ਕਰਨਾ ਸਮੇਂ ਦੀ ਲੋੜ ਹੈ।ਇਸ ਨੂੰ ਅੱਗੇ ਵਧਾਉਣ ਲਈ 'ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰਸਟ ਸੁਨੇਤ' (ਲੁਧਿਆਣਾ) ਵੱਲੋਂ ਇੱਕ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ।ਇਸ ਟਰੱਸਟ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਤੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਕਿਹਾ ਕਿ ਸਿਆਸਤਦਾਨਾਂ ਨੇ ਦੇਸ਼ ਦੇ ਹਾਲਾਤ ਅਜਿਹੇ ਬਣਾ ਦਿੱਤੇ ਹਨ ਕਿ ਲੋਕਾਂ ਦੀ ਹਰ ਸਿਆਸੀ ਪਾਰਟੀ ਵਿੱਚ ਬੇ-ਭਰੋਸਗੀ ਪੈਦਾ ਹੋ ਗਈ ਹੈ।ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨੇ ਇਹ ਗੱਲ ਜ਼ੋਰ ਨਾਲ ਆਖੀ ਸੀ ਕਿ ਆਜ਼ਾਦੀ ਲਈ ਚੱਲ ਰਹੀਆਂ ਵੱਖ ਵੱਖ ਲਹਿਰਾਂ ਵਿੱਚੋਂ ਗਦਰ ਪਾਰਟੀ ਦਾ ਇੱਕ ਵਿਲੱਖਣ ਥਾਂ ਹੈ, ਕਿਉਂਕਿ ਉਸ ਕੋਲ ਅੰਗਰੇਜ਼ ਰਾਜ ਖਤਮ ਕਰਕੇ ਆਜ਼ਾਦ ਭਾਰਤ ਲਈ ਇੱਕ ਸਪਸ਼ਟ ਸਮਝ ਸੀ।ਉਸ ਪਾਰਟੀ ਵਿੱਚ ਹਿੰਦੂ, ਸਿੱਖ, ਮੁਸਲਮਾਨ ਆਦਿ ਸਾਰੇ ਉਹ ਲੋਕ ਸਨ, ਜਿਹੜੇ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਲੈ ਵੱਖ ਵੱਖ ਦੇਸ਼ਾਂ ਵਿੱਚ ਗਏ ਸਨ, ਪਰ ਜਦੋਂ ਉਨ੍ਹਾਂ ਉੱਥੇ ਵੇਖਿਆ ਕਿ ਮਿਹਨਤ ਨੂੰ ਫਲ ਵੀ ਫਿਰ ਹੀ ਲੱਗੇਗਾ ਜੇ ਭਾਰਤ ਦਾ ਪ੍ਰਬੰਧ ਵੀ ਮਿਹਨਤੀ ਲੋਕਾਂ ਦੇ ਹੱਥ ਵਿੱਚ ਹੋਵੇ।ਇਸ ਆਦਰਸ਼ ਨੇ ਹੀ ਉਨ੍ਹਾਂ ਨੂੰ ਵੱਡੀਆਂ ਕੁਰਬਾਨੀਆਂ ਕਰਨ ਲਈ ਪ੍ਰੇਰਿਆ, ਜਿਸ ਨੂੰ ਪੂਰਾ ਕਰਨ ਲਈ ਉਨ੍ਹਾਂ ਇਕੱਠੇ ਹੋ ਕੇ ਗਦਰ ਪਾਰਟੀ ਰਾਹੀਂ ਅੰਗਰੇਜ਼ਾਂ ਖ਼ਿਲਾਫ਼ ਸੰਘਰਸ਼ ਵਿੱਢਿਆ, ਪਰ ਅੰਗਰੇਜ਼ ਪਿੱਠੂਆਂ ਦੀਆਂ ਗਦਾਰੀਆਂ ਕਾਰਨ ਸਫ਼ਲ ਨਾ ਹੋ ਸਕੇ ।ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਉਪਰੰਤ ਬਰਾਬਰੀ, ਇਨਸਾਫ਼, ਭਾਈਚਾਰਕ ਸਾਂਝ ਵਾਲਾ ਰਾਜ ਪ੍ਰਬੰਧ ਉਸਾਰਨ ਦਾ ਜੋ ਨਕਸ਼ਾ ਤਹਿ ਕੀਤਾ ਸੀ, ਉਸ ਨੂੰ ਲੋਕ ਚੇਤਨਾ ਦਾ ਹਿੱਸਾ ਬਣਾਉਣਾ ਬਹੁਤ ਜ਼ਰੂਰੀ ਹੈ।ਇਸ ਮੰਤਵ ਦੇ ਪਸਾਰੇ ਲਈ 'ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰਸਟ ਸੁਨੇਤ' ਨੇ ਲੁਧਿਆਣਾ ਜ਼ਿਲ੍ਹੇ ਵਿੱਚ ਪੈਂਦੇ ਗਦਰੀ ਬਾਬਿਆਂ ਦੇ ਪਿੰਡਾਂ ਨੂੰ ਇੱਕ ਲੜੀ ਵਿੱਚ ਪਰੋਣ ਦਾ ਬੀੜਾ ਚੁੱਕਿਆ ਹੈ।ਇਸ ਸਬੰਧੀ ਇਸ ਟਰੱਸਟ ਦੀ ਟੀਮ ਜਿਸ ਵਿੱਚ ਉਪਰੋਕਤ ਆਗੂਆਂ ਸਮੇਤ ਬਲਵਿੰਦਰ ਸਿੰਘ ਤੇ ਪ੍ਰਿੰਸੀਪਲ ਅਜਮੇਰ ਦਾਖਾ ਸ਼ਾਮਲ ਸਨ, ਵੱਲੋਂ ਕੁੱਝ ਗਦਰੀ ਬਾਬਿਆਂ ਦੇ ਪਿੰਡਾਂ ਵਿੱਚ ਉਨ੍ਹਾਂ ਦੀ ਯਾਦ ਵਿੱਚ ਬਣੀਆਂ ਕਮੇਟੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ, ਜਿਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਗੁਜਰਵਾਲ, ਹਲਵਾਰਾ ਲਲਤੋਂ, ਲੀਲ, ਬੁਰਜ ਲਿੱਟਾਂ ਆਦਿ ਪਿੰਡਾਂ ਨੂੰ ਇਹ ਸੰਦੇਸ਼ ਪਹੁੰਚਾਇਆ ਜਾ ਚੁੱਕਾ ਹੈ ਤੇ ਬਾਕੀਆਂ ਨਾਲ ਸੰਪਰਕ ਬਣਾਏ ਜਾ ਰਹੇ ਹਨ। ਇਨ੍ਹਾਂ ਪਿੰਡਾਂ ਵਿਖੇ ਮਾ. ਬਲਵਿੰਦਰ ਸਿੰਘ, ਬਲਰਾਜ ਸਿੰਘ, ਮਾ. ਜਸਦੇਵ ਲਲਤੋਂ, ਇਤਿਹਾਸਕਾਰ ਮਾ. ਅਵਤਾਰ ਸਿੰਘ ਧਾਲੀਵਾਲ ਬੁਰਜ ਲਿੱਟਾਂ, ਸ੍ਰੀ ਢਿੱਲੋਂ ਤੇ ਸੁਖਵਿੰਦਰ ਲੀਲ ਸਮੇਤ ਕਿਰਪਾਲ ਸਿੰਘ ਪਾਲੀ ਵੱਲੋਂ ਇਸ ਮੁਹਿੰਮ ਨੂੰ ਸਹਿਯੋਗ ਲਈ ਚੰਗਾ ਹੁੰਗਾਰਾ ਦਿੱਤਾ ਗਿਆ।ਮਾ. ਅਵਤਾਰ ਸਿੰਘ ਧਾਲੀਵਾਲ ਵੱਲੋਂ ਆਪਣੇ ਪਿੰਡ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੀ ਕਿਤਾਬ 'ਸਾਡਾ ਪਿੰਡ ਬੁਰਜ ਲਿੱਟਾਂ' ਇਸ ਮੌਕੇ ਉਨ੍ਹਾਂ ਟੀਮ ਨੂੰ ਭੇਟ ਕੀਤੀ, ਜਿਸ ਵਿੱਚ ਹੋਰ ਆਜ਼ਾਦੀ ਘੁਲਾਟੀਆਂ ਦੇ ਹਵਾਲੇ ਵੀ ਦਰਜ ਹਨ।ਗਦਰੀ ਬਾਬਾ ਭਾਨ ਸਿੰਘ ਯਾਦਗਾਰ ਟੀਮ ਵੱਲੋਂ ਵੀ ਦੋ ਮਹੱਤਵ ਪੂਰਨ ਕਿਤਾਬਾਂ 'ਦਾਸਤਾਨ-ਏ ਗਦਰੀ ਸ਼ਹੀਦ ਬਾਬਾ ਭਾਨ ਸਿੰਘ (ਪਿੰਡ ਸੁਨੇਤ ਤੋਂ ਕਾਲ਼ੇ ਪਾਣੀਆਂ ਤੱਕ) ਤੇ ਜਸਵੰਤ ਜ਼ੀਰਖ ਦੀ ਲਿਖੀ 'ਮੌਜੂਦਾ ਸਮੇਂ ਦਾ ਸੱਚ' ਅਵਤਾਰ ਸਿੰਘ ਧਾਲੀਵਾਲ ਨੂੰ ਭੇਟ ਕੀਤੀਆਂ।ਯਾਦ ਰਹੇ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਇੱਕ ਦਰਜ਼ਨ ਤੋਂ ਵੱਧ ਪਿੰਡ ਗਦਰੀ ਬਾਬਿਆਂ ਨਾਲ ਸਬੰਧਤ ਹਨ, ਜਿਨ੍ਹਾਂ ਨੂੰ ਇੱਕ ਵਿਸ਼ੇਸ਼ ਪੱਤਰ ਰਾਹੀਂ 16 ਨਵੰਬਰ ਨੂੰ ਆਪਣੇ ਸੁਝਾਅ ਤੇ ਤਜਰਬੇ ਸਾਂਝੇ ਕਰਨ ਲਈ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਹੋ ਰਹੇ ਇਕੱਠ ਵਿੱਚ ਸ਼ਾਮਲ ਹੋਣ ਦੀ ਅਪੀਲ ਵੀ ਜਾਰੀ ਕੀਤੀ ਜਾ ਰਹੀ ਹੈ।ਇਹ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਵੀ ਹੈ।

## ਫਿਰੋਜ਼ਪੁਰ-ਮੁਕਤਸਰ ਸੜਕ ਦਾ ਕੰਮ ਫਿਰ ਅੱਧਵਾਟੇ ਛੱਡਿਆ

- ਕੇ ਕੇ ਯੂ ਲੋਕਾਂ ਦੇ ਸਹਿਯੋਗ ਨਾਲ 6 ਤੋਂ ਸੜਕ ਨੂੰ ਪੱਕੇ ਤੌਰ 'ਤੇ ਕਰੇਗੀ ਜਾਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਥਾਨਕ ਪ੍ਰਸ਼ਾਸਨ ਵੱਲੋਂ ਵਾਰ ਵਾਰ ਭਰੋਸਾ ਦੇਣ ਦੇ ਬਾਵਜੂਦ ਪਿਛਲੇ ਕਈ ਸਾਲਾਂ ਤੋਂ ਮੁਕਤਸਰ-ਫਿਰੋਜ਼ਪੁਰ ਨੈਸ਼ਨਲ ਹਾਈਵੇ ਸੜਕ ਬਣਾਉਣ ਦਾ ਕੰਮ ਨੇਪਰੇ ਨਹੀਂ ਚੜ੍ਹ ਰਿਹਾ। ਸੜਕ ਦੀ ਹਾਲਤ ਇੰਨੀ ਜ਼ਿਆਦਾ ਖਰਾਬ ਹੋ ਚੁੱਕੀ ਹੈ ਕਿ ਉਥੋਂ ਦੀ ਗੁਜ਼ਰਨਾ ਖਤਰੇ ਤੋਂ ਖਾਲੀ ਨਹੀਂ ਹੈ। ਸਾਰੀ ਦਿਹਾੜੀ ਸੜਕ ਤੋਂ ਉੱਡਦੀ ਧੂੜ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ, ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਅੱਜ ਪਿੰਡ ਬੂੜਾ ਗੁਜਰ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਮੇਲਵਾਲੀ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਤੇ ਕੌਮੀ ਕਿਸਾਨ ਯੂਨੀਅਨ ਦੇ ਆਗੂ ਜਸਕਰਨ ਸਿੰਘ ਨੇ ਕਿਹਾ ਕਿ ਮੁਕਤਸਰ-ਫਿਰੋਜ਼ਪੁਰ ਨੈਸ਼ਨਲ ਹਾਈਵੇ ਪਿਛਲੇ ਕਈ ਵਰ੍ਹਿਆਂ ਤੋਂ ਅਧੂਰਾ ਪਿਆ ਹਾਦਸਿਆਂ ਦਾ ਸਬੱਬ ਬਣ ਰਿਹਾ ਹੈ। ਪਿਛਲੇ ਦਿਨੀਂ ਸੜਕ ਦੀ ਮਾੜੀ ਹਾਲਤ ਕਰਕੇ ਇੱਕ ਨੌਜਵਾਨ ਦੀ ਮੌਤ ਵੀ ਹੋ ਚੁੱਕੀ ਹੈ। ਵਹੀਕਲਾਂ ਦੀ ਰਫਤਾਰ ਘੱਟ ਹੋਣ ਕਰਕੇ ਕਈ ਵਾਰ ਲੁੱਟਾਂ ਖੋਹਾਂ ਦੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ, ਪਰ ਪਤਾ ਨਹੀਂ ਕਿਉਂ ਇਥੋਂ ਦੇ ਚੁਣੇ ਹੋਏ ਨੁਮਾਇੰਦੇ ਸਿਵਲ ਪ੍ਰਸ਼ਾਸਨ ਸੜਕ ਮਹਿਕਮੇ ਦੇ ਅਧਿਕਾਰੀਆਂ ਦੇ ਕੰਨ 'ਤੇ ਜੂ ਨਹੀਂ ਸਰਕ ਰਹੀ। ਅੱਜ ਜਦੋਂ ਪੀ ਡਬਲਯੂ ਡੀ ਦੇ ਐੱਸਡੀਓ ਹਰਜਿੰਦਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਠੇਕੇਦਾਰ ਕੰਮ ਛੱਡ ਗਿਆ ਹੈ। ਉਸ ਨੇ ਅੱਗੇ ਹੋਰ ਠੇਕੇਦਾਰ ਰੱਖ ਲਿਆ, ਜੋ ਸੜਕ ਨੂੰ ਮੁਕੰਮਲ ਕਰਨ ਦੀ ਹਾਲਤ ਵਿੱਚ ਹੀ ਨਹੀਂ ਹੈ, ਜਿਸ ਤੋਂ ਸਾਫ ਹੋ ਜਾਂਦਾ ਹੈ ਕਿ ਅਧਿਕਾਰੀ ਵੀ ਆਪਣੀ ਜ਼ਿੰਮੇਵਾਰੀਆਂ ਤੋਂ ਭੱਜ ਰਹੇ ਹਨ। ਜ਼ਿਕਰਯੋਗ ਹੈ ਕਿ ਕਿਰਤੀ ਕਿਸਾਨ ਯੂਨੀਅਨ ਵੱਲੋਂ 14 ਅਗਸਤ ਨੂੰ ਪਿੰਡ ਲੁਬਾਣਿਆਂ ਵਾਲੀ ਵਿਖੇ ਧਰਨਾ ਦਿੱਤਾ ਗਿਆ ਸੀ।ਪ੍ਰਸ਼ਾਸਨ ਵੱਲੋਂ 45 ਦਿਨਾਂ ਵਿੱਚ ਸੜਕ ਦਾ ਕੰਮ ਮੁਕੰਮਲ ਕਰਨ ਦਾ ਲਿਖਤੀ ਵਾਅਦਾ ਕੀਤਾ ਗਿਆ ਸੀ, ਪਰ ਮਿੱਥੇ ਸਮੇਂ ਵਿੱਚ ਕੰਮ ਸ਼ੁਰੂ ਨਾ ਹੋਣ ਕਰਕੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 4 ਅਕਤੂਬਰ ਤੋਂ ਦਿਨ-ਰਾਤ ਦਾ ਧਰਨਾ ਸ਼ੁਰੂ ਕੀਤਾ ਗਿਆ ਸੀ।ਧਰਨੇ ਵਿੱਚ ਪੀ ਡਬਲੂ ਡੀ ਦੇ ਐੱਸ ਡੀ ਓ ਹਰਜਿੰਦਰ ਸਿੰਘ ਨੇ ਸੜਕ ਨੂੰ ਹਰ ਹਾਲ ਵਿੱਚ ਸਿਆਲਾਂ ਤੋਂ ਪਹਿਲਾਂ ਮੁਕੰਮਲ ਕਰਨ ਦਾ ਵਾਅਦਾ ਕੀਤਾ ਸੀ, ਭਾਵੇਂ ਦੋ-ਚਾਰ ਦਿਨ ਕੰਮ ਸ਼ੁਰੂ ਹੋਇਆ, ਪਰ ਉਸ ਤੋਂ ਬਾਅਦ ਫਿਰ ਕੰਮ ਠੱਪ ਕਰ ਦਿੱਤਾ ਗਿਆ, ਜੋ ਅੱਜ ਤੱਕ ਸ਼ੁਰੂ ਨਹੀਂ ਹੋ ਸਕਿਆ। ਆਗੂਆਂ ਨੇ ਕਿਹਾ ਕਿ ਲੋਕਾਂ ਦੀ ਸਰਕਾਰੀ ਦਰਬਾਰੇ ਕੋਈ ਸੁਣਵਾਈ ਨਹੀਂ ਹੋ ਰਹੀ, ਪ੍ਰਸ਼ਾਸਨ ਵਾਰ ਵਾਰ ਭਰੋਸਾ ਦੇ ਕੇ ਮੁੱਕਰ ਰਿਹਾ, ਫਿਰ ਇੱਕੋ ਇੱਕ ਰਾਹ ਸੰਘਰਸ਼ਾਂ ਦਾ ਬਾਕੀ ਬਚਦਾ ਹੈ। ਆਗੂਆਂ ਨੇ ਦੱਸਿਆ ਕਿ ਅੱਜ ਪਿੰਡ ਬੂੜਾ ਗੁਜਰ ਵਿਖੇ ਮੀਟਿੰਗ ਕਰਨ ਉਪਰੰਤ ਫੈਸਲਾ ਲਿਆ ਕਿ ਜੇਕਰ ਸੜਕ ਦਾ ਕੰਮ ਇਕ ਦੋ ਦਿਨਾਂ ਵਿੱਚ ਸ਼ੁਰੂ ਨਾ ਹੋਇਆ ਤਾਂ 6 ਨਵੰਬਰ ਨੂੰ ਪਿੰਡ ਬੂੜਾ ਗੁਜਰ ਵਿਖੇ ਸੜਕ ਨੂੰ ਪੱਕੇ ਤੌਰ 'ਤੇ ਜਾਮ ਕੀਤਾ ਜਾਵੇਗਾ।ਇਸ ਦੀ ਪੂਰੀ ਜ਼ਿੰਮੇਵਾਰੀ ਮੁਕਤਸਰ ਪ੍ਰਸ਼ਾਸਨ ਤੇ ਸੜਕ ਅਧਿਕਾਰੀਆਂ ਦੀ ਹੋਵੇਗੀ। ਆਗੂਆਂ ਨੇ ਇਲਾਕਾ ਨਿਵਾਸੀਆਂ ਤੇ ਭਰਾਤਰੀ ਜਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕੀਤੀ 6 ਨਵੰਬਰ ਨੂੰ ਪਿੰਡ ਬੂੜਾ ਗੁਜਰ ਵਿਖੇ ਲਗਾਏ ਜਾ ਰਹੇ ਜਾਮ ਵਿੱਚ ਸ਼ਮੂਲੀਅਤ ਕੀਤੀ ਜਾਵੇ। ਇਸ ਮੌਕੇ ਦਵਿੰਦਰ ਸਿੰਘ ਲੁਬਾਣਿਆਂਵਾਲੀ, ਗੁਰਮੀਤ ਸਿੰਘ ਸੰਗਰਾਣਾ, ਜਗਦੇਵ ਸਿੰਘ ਸੰਗਰਾਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਬੂੜਾ ਗੁੱਜਰ ਦੇ ਨਿਵਾਸੀ ਮੌਜੂਦ ਸਨ।

ਸ਼ਨੀਵਾਰ, 1 ਨਵੰਬਰ, 2025
16 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 151

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 1 NOVEMBER, 2025 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਵਹੀਰਾਂ ਘੱਤ ਲਓ, ਗ਼ਦਰੀ ਬਾਬਿਆਂ ਦਾ ਮੇਲਾ ਅੱਜ ਸਿਖਰ 'ਤੇ

**ਜਲੰਧਰ (ਕੇਸਰ)**

ਗ਼ਦਰੀ ਬਾਬਾ ਜਵਾਲਾ ਸਿੰਘ ਹਾਲ 'ਚ ਸ਼ਮਾਂ ਰੌਸ਼ਨ ਕਰਨ ਮੌਕੇ ਅਤੇ ਇਸ ਉਪਰੰਤ ਹੋਣ ਵਾਲੇ ਕੁਇੱਜ਼, ਭਾਸ਼ਣ, ਗਾਇਨ ਅਤੇ ਪੇਂਟਿੰਗ ਮੁਕਾਬਲੇ ਕਮੇਟੀ ਦੇ ਕ੍ਰਮਵਾਰ ਕਨਵੀਨਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਵਿੰਦਰ ਭੰਡਾਲ, ਪ੍ਰਗਟ ਸਿੰਘ ਜਾਮਾਰਾਏ, ਡਾ. ਤੇਜਿੰਦਰ ਵਿਰਲੀ ਅਤੇ ਡਾ. ਸੈਲੇਸ਼ ਦੀ ਅਗਵਾਈ 'ਚ ਹੋਏ ਮੁਕਾਬਲਿਆਂ ਦੇ ਆਗਾਜ਼ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸੰਖੇਪ ਜਿਹੇ ਸੁਨੇਹੇ ਵਿੱਚ ਕਿਹਾ ਕਿ ਕਲਾ ਖੇਤਰ ਦੀਆਂ ਬਹੁ-ਭਾਂਤੀ ਵਿਧਾਵਾਂ ਰਾਹੀਂ ਗ਼ਦਰ ਲਹਿਰ ਦੀ ਵਿਚਾਰਧਾਰਾ ਅਤੇ ਸਾਡੇ ਸਮਿਆਂ ਦੇ ਤਿੱਖੜੇ ਸੁਆਲਾਂ ਨੂੰ ਰੌਸ਼ਨੀ ਵਿੱਚ ਲਿਆਉਣ ਲਈ ਕਮੇਟੀ ਨੂੰ ਲੋਕਾਂ ਦੇ ਭਰਵੇਂ ਸਹਿਯੋਗ ਦੀ ਲੋੜ ਹੈ। ਸ਼ਮਾਂ ਰੌਸ਼ਨ ਮੌਕੇ ਕਮੇਟੀ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

ਕੁਇਜ਼ ਮੁਕਾਬਲੇ 'ਚ ਕੁੱਲ 18 ਟੀਮਾਂ ਸ਼ਾਮਲ ਹੋਈਆਂ। ਮੁੱਢਲੇ ਟੈਸਟ 'ਚ ਉਹਨਾਂ ਵਿੱਚੋਂ ਅੱਵਲ ਦਰਜਾ ਪ੍ਰਾਪਤ ਕਰਨ ਵਾਲੀਆਂ ਪੰਜ ਟੀਮਾਂ ਵਿੱਚ




ਅੰਤਿਮ ਮੁਕਾਬਲਾ ਹੋਇਆ। ਕੁਇਜ਼ ਸੰਚਾਲਕ ਹਰਵਿੰਦਰ ਭੰਡਾਲ ਵੱਲੋਂ ਤਿੰਨ ਰਾਊਂਡ 'ਚ ਪੁੱਛੇ ਸੁਆਲਾਂ ਦੇ ਸਹੀ ਜੁਆਬ ਦੇਣ ਵਾਲੀਆਂ ਟੀਮਾਂ 'ਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਗੁਰੂ




ਹਰਗੋਬਿੰਦ ਪਬਲਿਕ ਸੈਕੰਡਰੀ ਸਕੂਲ ਜੋੜਕੀਆ (ਮਾਨਸਾ), ਲਿਟਲ ਏਂਜਲਜ਼ ਕੋ.ਐਡ. ਸਕੂਲ (ਕਪੂਰਥਲਾ), ਡਾਇਟ ਸ਼ੇਖੂਪੁਰਾ (ਕਪੂਰਥਲਾ) ਟੀਮਾਂ ਨੇ ਹਾਸਲ ਕੀਤਾ।

ਭਾਸ਼ਣ ਮੁਕਾਬਲੇ 'ਚ ਪਹਿਲਾ, ਦੂਜਾ ਅਤੇ ਤੀਜਾ ਸਥਾਨ

• ਬਾਕੀ ਸਫਾ 5 'ਤੇ

## ਕੈਨੇਡਾ 'ਚ ਬਲਰਾਜ ਬਸਰਾ ਨੂੰ 25 ਸਾਲ ਕੈਦ

**ਓਟਾਵਾ :** 2022 ਦੇ ਇੱਕ ਕਤਲ ਕੇਸ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੀ ਜਿਊਰੀ ਨੇ ਬਲਰਾਜ ਬਸਰਾ ਨੂੰ ਪਹਿਲੀ ਡਿਗਰੀ ਕਤਲ ਅਤੇ ਅਗਜ਼ਨੀ ਦਾ ਦੋਸ਼ੀ ਠਹਿਰਾਉਂਦਿਆਂ 25 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਬਸਰਾ 2022 ਵਿੱਚ 17 ਅਕਤੂਬਰ ਨੂੰ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਇੱਕ ਗੋਲਫ ਕਲੱਬ ਵਿੱਚ ਵਿਸ਼ਾਲ ਵਾਲੀਆ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਤੀਜਾ ਵਿਅਕਤੀ ਹੈ। ਇਕਬਾਲ ਕੰਗ ਅਤੇ ਡੀਐਂਡਰੇ ਬੈਪਟਿਸਟ ਨੂੰ ਪਹਿਲਾਂ ਹੀ ਸਜ਼ਾ ਸੁਣਾਈ ਜਾ ਚੁੱਕੀ ਹੈ। ਕੰਗ ਨੂੰ 17 ਸਾਲ ਦੀ ਕੈਦ ਅਤੇ ਅਗਜ਼ਨੀ ਲਈ ਵਾਧੂ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਸੀ। ਬੈਪਟਿਸਟ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਿਸ ਵਿੱਚ 17 ਸਾਲਾਂ ਤੱਕ ਕੋਈ ਪੈਰੋਲ ਦੀ ਯੋਗਤਾ ਨਹੀਂ ਹੈ। ਤਿੰਨਾਂ ਦੋਸ਼ੀਆਂ ਨੇ 38 ਸਾਲਾ ਵਿਸ਼ਾਲ ਵਾਲੀਆ ਨੂੰ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਇੱਕ ਵਾਹਨ ਨੂੰ ਅੱਗ ਲਗਾ ਦਿੱਤੀ ਸੀ। ਵੈਨਕੂਵਰ ਪੁਲਸ ਨੇ ਤੁਰੰਤ ਇਨ੍ਹਾਂ ਦੀ ਪਛਾਣ ਕਰ ਲਈ ਸੀ, ਜੋ ਇੱਕ ਹੋਰ ਵਾਹਨ ਵਿੱਚ ਮੌਕੇ ਤੋਂ ਫਰਾਰ ਹੋ ਗਏ ਸਨ।

## ਅਜ਼ਹਰੂਦੀਨ ਮੰਤਰੀ ਬਣਿਆ



**ਹੈਦਰਾਬਾਦ :** ਕਾਂਗਰਸ ਆਗੂ ਤੇ ਦੇਸ਼ ਦੇ ਸਾਬਕਾ ਕ੍ਰਿਕਟ ਕਪਤਾਨ ਮੁਹੰਮਦ ਅਜ਼ਹਰੂਦੀਨ ਨੇ ਸ਼ੁੱਕਰਵਾਰ ਮੁੱਖ ਮੰਤਰੀ ਏ ਰੇਵੰਤ ਰੈਡੀ ਦੀ ਕੈਬਨਿਟ ਵਿੱਚ ਮੰਤਰੀ ਵਜੋਂ ਹਲਫ ਲਿਆ। ਅਜ਼ਹਰੂਦੀਨ ਦੀ ਸ਼ਮੂਲੀਅਤ ਨਾਲ ਮੰਤਰੀਆਂ ਦੀ ਗਿਣਤੀ 16 ਹੋ ਗਈ ਹੈ ਜਦੋਂਕਿ ਅਜੇ ਵੀ ਦੋ ਜਣਿਆਂ ਲਈ ਥਾਂ ਖਾਲੀ ਹੈ। ਸਾਬਕਾ ਕ੍ਰਿਕਟਰ ਦੀ ਮੰਤਰੀ ਵਜੋਂ ਨਿਯੁਕਤੀ ਨੂੰ ਇੱਕ ਅਹਿਮ ਪੇਸ਼ਕਦਮੀ ਮੰਨਿਆ ਜਾ ਰਿਹਾ ਹੈ, ਕਿਉਂਕਿ ਕਾਂਗਰਸ ਪਾਰਟੀ ਜੁਬਲੀ ਹਿਲਜ਼ ਹਲਕੇ ਦੀ ਜ਼ਿਮਨੀ ਚੋਣ ਪੂਰੇ ਜ਼ੋਰ-ਸ਼ੋਰ ਨਾਲ ਲੜ ਰਹੀ ਹੈ, ਜਿੱਥੇ ਇੱਕ ਲੱਖ ਤੋਂ ਵੱਧ ਮੁਸਲਮ ਵੋਟਰ ਫੈਸਲਾਕੁੰਨ ਭੂਮਿਕਾ ਨਿਭਾਅ ਸਕਦੇ ਹਨ। ਬੀ ਆਰ ਐੱਸ ਵਿਧਾਇਕ ਮਗੰਤੀ ਗੋਪੀਨਾਥ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਜਾਣ ਕਾਰਨ ਜ਼ਿਮਨੀ ਚੋਣ ਦੀ ਲੋੜ ਪਈ ਹੈ। ਅਜ਼ਹਰੂਦੀਨ ਨੂੰ ਅਗਸਤ ਦੇ ਆਖਰੀ ਹਫਤੇ ਤਿਲੰਗਾਨਾ ਸਰਕਾਰ ਨੇ ਰਾਜਪਾਲ ਦੇ ਕੋਟੇ ਤਹਿਤ ਵਿਧਾਨ ਪ੍ਰੀਸ਼ਦ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਸੀ। ਹਾਲਾਂਕਿ ਰਾਜਪਾਲ ਨੇ ਅਜੇ ਤੱਕ ਇਸ ਨਿਯੁਕਤੀ ਨੂੰ ਰਸਮੀ ਪ੍ਰਵਾਨਗੀ ਨਹੀਂ ਦਿੱਤੀ। ਸਾਬਕਾ ਕ੍ਰਿਕਟਰ ਨੇ 2023 ਦੀਆਂ ਚੋਣਾਂ ਵਿੱਚ ਜੁਬਲੀ ਹਿਲਜ਼ ਹਲਕੇ ਤੋਂ ਅਸੈਂਬਲੀ ਚੋਣ ਲੜੀ ਸੀ, ਪਰ ਹਾਰ ਗਿਆ ਸੀ।

## ਮਿਊਨਿਖ ਉਲੰਪਿਕ ਦੇ ਗੋਲਕੀਪਰ ਫਰੈਡਰਿਕ ਨਹੀਂ ਰਹੇ



**ਬੇਂਗਲੁਰੂ :** ਮੇਜਰ ਧਿਆਨ ਚੰਦ ਐਵਾਰਡੀ ਅਤੇ 1972 ਦੀ ਮਿਊਨਿਖ ਉਲੰਪਿਕ ਵਿੱਚ ਕਾਂਸੀ ਤਮਗਾ ਜਿੱਤਣ ਵਾਲੀ ਟੀਮ ਦੇ ਗੋਲਕੀਪਰ ਰਹੇ ਮੈਨੁਏਲ ਫਰੈਡਰਿਕ ਦਾ ਸ਼ੁੱਕਰਵਾਰ ਇੱਥੇ ਦੇਹਾਂਤ ਹੋ ਗਿਆ। 78 ਸਾਲਾ ਫਰੈਡਰਿਕ ਦੋ ਧੀਆਂ ਛੱਡ ਗਏ ਹਨ। ਉਹ ਪਿਛਲੇ 10 ਮਹੀਨਿਆਂ ਤੋਂ ਪ੍ਰੋਸਟੇਟ ਕੈਂਸਰ ਤੋਂ ਪੀੜਤ ਸਨ। ਧੀ ਫ੍ਰੇਸ਼ਨਾ ਨੇ ਦੱਸਿਆ ਕਿ ਪਿਛਲੇ ਸਾਲ ਸਾਡੀ ਮਾਂ ਦੇ ਗੁਜ਼ਰਨ ਤੋਂ ਬਾਅਦ ਉਹ ਡਿਪ੍ਰੈਸ਼ਨ ਵਿੱਚ ਵੀ ਰਹੇ। ਫਰੈਡਰਿਕ 20 ਅਕਤੂਬਰ 1947 ਨੂੰ ਕੇਰਲਾ ਦੇ ਕਨੂੰਰ ਵਿੱਚ ਪੈਦਾ ਹੋਏ ਸਨ। ਉਹ ਉਲੰਪਿਕ ਵਿੱਚ ਤਮਗਾ ਜਿੱਤਣ ਵਾਲੇ ਪਹਿਲੇ ਕੈਰਲਿਅਨ ਸਨ। ਉਨ੍ਹਾ ਤੋਂ ਬਾਅਦ ਕੇਰਲਾ ਦੇ ਪੀ ਆਰ ਸ੍ਰੀਜੇਸ਼ ਟੋਕੀਓ ਤੇ ਪੈਰਿਸ ਉਲੰਪਿਕ ਵਿੱਚ ਕਾਂਸੀ ਤਮਗਾ ਜਿੱਤਣ ਵਾਲੀਆਂ ਟੀਮਾਂ ਦੇ ਗੋਲਕੀਪਰ ਰਹੇ।

## ਕਬੱਡੀ ਖਿਡਾਰੀ ਦੀ ਹੱਤਿਆ



**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਸ਼ੁੱਕਰਵਾਰ ਬਾਅਦ ਦੁਪਹਿਰ ਕਰੀਬ ਤਿੰਨ ਵਜੇ ਐੱਸ ਐੱਸ ਪੀ ਦਫਤਰ ਕੋਲ ਗਿੱਦੜਵਿੰਡੀ ਦੇ ਕਬੱਡੀ ਖਿਡਾਰੀ ਤੇਜਪਾਲ ਸਿੰਘ (26) ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਤੇਜਪਾਲ ਸਿੰਘ ਦੇ ਦੋਸਤ ਨੇ ਦੱਸਿਆ ਕਿ ਉਹ ਅਤੇ ਉਸਦਾ ਦੋਸਤ ਸੁਨਹਿਰੀ ਕਿਰਨ ਵਾਲਿਆਂ ਦੇ ਖਲ ਲੈਣ ਆਏ ਸਨ। 8-10 ਨੌਜਵਾਨ ਨੇ ਉੱਥੇ ਆ ਕੇ ਤੇਜਪਾਲ ਸਿੰਘ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ।ਕਾਰਨ ਪੁੱਛਣ 'ਤੇ ਇੱਕ ਨੇ ਰਿਵਾਲਵਰ ਕੱਢਿਆ ਅਤੇ ਗੋਲੀ ਚਲਾ ਦਿੱਤੀ। ਐੱਸ ਐੱਸ ਪੀ ਅੰਕਰ ਗੁਪਤਾ ਨੇ ਦੱਸਿਆ ਕਿ ਕਤਲ ਰੰਜਿਸ਼ ਦਾ ਨਤੀਜਾ ਹੈ ਤੇ ਦੋਸ਼ੀ ਛੇਤੀ ਫੜ ਲਏ ਜਾਣਗੇ।

## ਭਾਰਤ ਨੂੰ ਆਸਾਨੀ ਨਾਲ ਹਰਾਇਆ

**ਮੈਲਬਰਨ :** ਇੱਥੇ ਆਸਟਰੇਲੀਆ ਨੇ ਭਾਰਤ ਨੂੰ ਦੂਜੇ ਟੀ-20 ਮੈਚ ਵਿੱਚ ਚਾਰ ਵਿਕਟਾਂ ਨਾਲ ਹਰਾ ਦਿੱਤਾ। ਭਾਰਤੀ ਟੀਮ ਪੂਰੇ 20 ਓਵਰ ਵੀ ਨਾ ਖੇਡ ਸਕੀ ਤੇ 18.4 ਓਵਰਾਂ ਵਿੱਚ 125 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਇੱਕ ਵੇਲੇ ਆਸਟਰੇਲੀਆ ਨੇ ਚਾਰ ਵਿਕਟਾਂ ਦੇ ਨੁਕਸਾਨ ਨਾਲ 123 ਦੌੜਾਂ ਬਣਾ ਲਈਆਂ ਸਨ ਤੇ ਜਸਪ੍ਰੀਤ ਬੁਮਰਾ ਨੇ ਦੋ ਖਿਡਾਰੀਆਂ ਨੂੰ ਆਊਟ ਕਰ ਦਿੱਤਾ ਪਰ ਉਸ ਵੇਲੇ ਆਸਟਰੇਲੀਆ ਨੂੰ ਮੈਚ ਜਿੱਤਣ ਲਈ ਸਿਰਫ ਦੋ ਦੌੜਾਂ ਦੀ ਹੀ ਲੋੜ ਸੀ ਤੇ ਉਸ ਨੇ 13.2 ਓਵਰਾਂ ਵਿੱਚ ਛੇ ਵਿਕਟਾਂ ਦੇ ਨੁਕਸਾਨ ਨਾਲ 126 ਦੌੜਾਂ ਬਣਾ ਕੇ ਮੈਚ ਜਿੱਤ ਲਿਆ। ਭਾਰਤ ਵੱਲੋਂ ਅਭਿਸ਼ੇਕ ਸ਼ਰਮਾ ਨੇ 68 ਤੇ ਹਰਸ਼ਿਤ ਨੇ 35 ਦੌੜਾਂ ਬਣਾਈਆਂ ਪਰ ਬਾਕੀ ਬੱਲੇਬਾਜ਼ ਸਿਰਫ 22 ਦੌੜਾਂ ਹੀ ਬਣਾ ਸਕੇ।

## ਸਪੇਨ ਤੋਂ ਆਈ ਮੇਲਾ ਵੇਖਣ

**ਜਲੰਧਰ (ਗਿਆਨ ਸੈਦਪੁਰੀ)**

ਇੱਥੇ ਚੱਲ ਰਹੇ 'ਮੇਲਾ ਗ਼ਦਰੀ ਬਾਬਿਆਂ ਦਾ' ਵਿੱਚ ਘੁੰਮਦਿਆਂ ਵੱਖ-ਵੱਖ ਮੇਲੀਆਂ ਨਾਲ ਹੋ ਰਿਹਾ ਮੇਲ-ਮਿਲਾਪ ਬੜਾ ਉਤਸ਼ਾਹ ਅਤੇ ਸਕੂਨ ਦੇ ਰਿਹਾ ਹੈ। ਸਪੇਨ ਤੋਂ ਵਿਸ਼ੇਸ਼ ਤੌਰ 'ਤੇ ਮੇਲਾ ਵੇਖਣ ਆਈ ਅਲੈਜ਼ਬੈੱਥ ਨਾਲ ਮਿਲ ਕੇ ਵੀ ਮਨ ਵਿੱਚ ਉਤਸ਼ਾਹੀ ਤਰੰਗਾਂ ਪੈਦਾ ਹੋ ਗਈਆਂ। ਉਸ ਦਾ ਕਹਿਣਾ ਸੀ ਕਿ ਉਹ ਪਹਿਲੀ ਵਾਰ ਜਲੰਧਰ ਸ਼ਹਿਰ ਆਈ ਹੈ, ਸਿਰਫ਼ ਮੇਲਾ ਦੇਖਣ ਲਈ। ਉਸ ਨੇ ਦੱਸਿਆ ਕਿ ਉਹ ਹਿੰਦੀ ਸਿੱਖ ਗਈ ਹੈ। ਪੰਜਾਬੀ ਉਸ ਨੂੰ ਮੁਸ਼ਕਲ ਲੱਗਦੀ ਹੈ, ਪਰ ਉਸ ਅੰਦਰ ਪੰਜਾਬੀ ਭਾਸ਼ਾ ਨੂੰ ਸਮਝਣ ਦੀ ਬਿਹਬਲਤਾ ਨਜ਼ਰ ਆਈ। ਇੱਥੋਂ ਦੇ ਕਿਤਾਬਾਂ ਵਾਲੇ ਪੰਡਾਲ ਵਿੱਚ 'ਵਿਦਿਆਰਥੀ ਕਿਤਾਬ ਘਰ' ਵਾਲਿਆਂ ਨੇ ਪੰਜਾਬੀ ਦੀ ਇੱਕ ਕਿਤਾਬ ਭੇਟ ਕਰਦਿਆਂ ਖ਼ੁਸ਼ੀ ਮਹਿਸੂਸ ਕੀਤੀ। ਕੋਲ ਖੜੇ ਪੰਜਾਬੀ ਦੇ ਅੱਲ੍ਹੜ ਉਮਰ ਦੇ ਸ਼ਾਇਰ ਰਵੀਸ਼ ਬਾਗਪੁਰ ਨੇ ਭਾਵਪੂਰਤ ਟਿੱਪਣੀ ਕਰਦਿਆਂ ਕਿਹਾ ਕਿ ਕਿਤਾਬਾਂ ਸਰਹੱਦਾਂ ਦੀਆਂ ਮੁਹਤਾਜ਼ ਨਹੀਂ ਹੁੰਦੀਆਂ। ਸਾਹਿਤਕ ਖਿੱਚ ਅਜਿਹੀ ਖਿੱਚ ਹੈ, ਜਿਸ



ਨਾਲ ਪੰਜਾਬ ਦੇ ਨਿੱਕੇ ਜਿਹੇ ਪਿੰਡ ਵਿੱਚ ਬੈਠਿਆਂ ਸਾਨੂੰ ਹੋਰ ਦੇਸ਼ ਦੀਆਂ ਗਲੀਆਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਕਿਤਾਬਾਂ ਪੜ੍ਹਦਿਆਂ ਕੁਝ ਸਮੇਂ ਲਈ ਅਸੀਂ ਉਸੇ ਦੇਸ਼ ਦੇ ਵਸਨੀਕ ਹੋ ਜਾਂਦੇ ਹਾਂ। ਅਸੀਂ ਕਈ ਜ਼ਿੰਦਗੀਆਂ ਮਾਣ ਲੈਂਦੇ ਹਾਂ। ਇਸੇ ਤਰ੍ਹਾਂ ਮੇਲੇ ਵਿੱਚ ਇੱਕ ਮੁਸਾਫ਼ਰ ਅਲੈਜਬੈੱਥ ਨਾਲ ਗੱਲਬਾਤ ਕਰਦਿਆਂ ਚੰਗਾ ਲੱਗਾ ਕਿ ਉਹ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਮਾਨਣ ਤੇ ਜਾਨਣ ਆਏ ਹਨ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਤੇ ਪ੍ਰੇਰਨਾ ਵਾਲੀ ਹੈ।

## ਉਮਰ ਖਾਲਿਦ ਨੇ ਦਿੱਲੀ ਪੁਲਸ ਦੇ ਦੋਸ਼ ਨੂੰ ਝੁਠਲਾਇਆ

**ਨਵੀਂ ਦਿੱਲੀ :** ਫਰਵਰੀ 2020 ਦੇ ਦਿੱਲੀ ਦੰਗਿਆਂ ਨਾਲ ਜੁੜੇ ਯੂ ਏ ਪੀ ਏ ਕੇਸ ਵਿੱਚ ਜ਼ਮਾਨਤ ਦੀ ਮੰਗ ਕਰਦੇ ਹੋਏ ਕਾਰਕੁੰਨ ਉਮਰ ਖਾਲਿਦ ਨੇ ਸ਼ੁੱਕਰਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਨੂੰ ਹਿੰਸਾ ਨਾਲ ਜੋੜਨ ਵਾਲਾ ਕੋਈ ਸਬੂਤ ਨਹੀਂ ਹੈ। ਉਸ ਨੇ ਆਪਣੇ ਖਿਲਾਫ ਲੱਗੇ ਸਾਜ਼ਿਸ਼ ਦੇ ਦੋਸ਼ਾਂ ਤੋਂ ਇਨਕਾਰ ਕੀਤਾ।



ਖਾਲਿਦ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਜਸਟਿਸ ਅਰਵਿੰਦ ਕੁਮਾਰ ਅਤੇ ਐੱਨ ਵੀ ਅੰਜਾਰੀਆ ਦੀ ਬੈਂਚ ਨੂੰ ਦੱਸਿਆ ਕਿ 2020 ਦੇ ਦਿੱਲੀ ਦੰਗਿਆਂ ਨਾਲ ਉਸ ਨੂੰ ਜੋੜਨ ਵਾਲੇ ਫੰਡਾਂ, ਹਥਿਆਰਾਂ ਜਾਂ ਕਿਸੇ ਵੀ ਭੌਤਿਕ ਸਬੂਤ ਦੀ ਕੋਈ ਬਰਾਮਦਗੀ ਨਹੀਂ ਹੋਈ ਹੈ। ਸਿੱਬਲ ਨੇ ਕਿਹਾ ਕਿ ਹਿੰਸਾ ਦੀਆਂ ਐੱਫ ਆਈ ਆਰ ਹਨ ਖਾਲਿਦ 'ਤੇ ਇੱਕ ਵਿੱਚ ਦੋਸ਼ ਲਗਾਇਆ ਗਿਆ ਹੈ ਅਤੇ ਜੇ ਇਹ ਕੋਈ ਸਾਜ਼ਿਸ਼ ਹੈ, ਤਾਂ ਇਹ ਥੋੜ੍ਹਾ ਹੈਰਾਨੀਜਨਕ ਹੈ! ਜੇ ਉਸ ਨੇ (ਉਮਰ ਖਾਲਿਦ) ਦੰਗਿਆਂ ਦੀ ਸਾਜ਼ਿਸ਼ ਰਚੀ ਸੀ, ਤਾਂ ਜਿਨ੍ਹਾਂ ਤਰੀਕਾਂ ਨੂੰ ਦੰਗੇ ਹੋਏ ਸਨ, ਉਦੋਂ ਉਹ ਦਿੱਲੀ ਵਿੱਚ ਨਹੀਂ ਸੀ। ਉਨ੍ਹਾ ਕਿਹਾ, "ਕਿਸੇ ਵੀ ਗਵਾਹ ਦਾ ਬਿਆਨ ਅਸਲ ਵਿੱਚ ਪਟੀਸ਼ਨਰ ਨੂੰ ਹਿੰਸਾ ਦੀ ਕਿਸੇ ਵੀ ਕਾਰਵਾਈ ਨਾਲ ਨਹੀਂ ਜੋੜਦਾ ਹੈ।"

ਸਿੱਬਲ ਨੇ ਦਲੀਲ ਦਿੱਤੀ ਕਿ ਖਾਲਿਦ ਸਮਾਨਤਾ ਦੇ ਆਧਾਰ 'ਤੇ ਜ਼ਮਾਨਤ ਦਾ ਹੱਕਦਾਰ ਹੈ, ਇਹ ਨੋਟ ਕਰਦੇ ਹੋਏ ਕਿ ਸਾਥੀ ਕਾਰਕੁੰਨਾਂ ਨਤਾਸ਼ਾ ਨਰਵਾਲ, ਦੇਵਾਂਗਨਾ ਕਲਿਤਾ ਅਤੇ ਆਸਿਫ਼ ਇਕਬਾਲ ਤਨਹਾ ਨੂੰ ਜੂਨ 2021 ਵਿੱਚ ਜ਼ਮਾਨਤ ਦਿੱਤੀ ਗਈ ਸੀ।

ਸਿੱਬਲ ਨੇ

• ਬਾਕੀ ਸਫਾ 5 'ਤੇ

## ਸਾਂਸਦ ਨੇ ਕਰੇਨ ਅਪ੍ਰੇਟਰ ਨੂੰ ਥੱਪੜ ਮਾਰਿਆ

**ਸਤਨਾ :** ਮੱਧ ਪ੍ਰਦੇਸ਼ ਦੇ ਸਤਨਾ ਵਿੱਚ ਸ਼ੁੱਕਰਵਾਰ ਸਰਦਾਰ ਵਲਭ ਭਾਈ ਪਟੇਲ ਦੀ ਜਯੰਤੀ ਸਮਾਰੋਹ ਦੌਰਾਨ ਭਾਜਪਾ ਸਾਂਸਦ ਗਣੇਸ਼ ਸਿੰਘ ਨੇ ਮਿਊਂਸਪਲ ਕਰੇਨ ਅਪ੍ਰੇਟਰ ਗਣੇਸ਼ ਕੁਸ਼ਵਾਹਾ ਦੇ ਥੱਪੜ ਮਾਰ ਦਿੱਤਾ। ਸਾਂਸਦ ਪਟੇਲ ਦੇ ਬੁੱਤ 'ਤੇ ਹਾਰ ਪਾ ਕੇ ਉਤਰ ਰਹੇ ਸੀ ਕਿ ਅਚਾਨਕ ਝਟਕੇ ਨਾਲ ਕਰੇਨ ਰੁਕ ਗਈ। ਇਸ ਤੋਂ ਬਾਅਦ ਸਾਂਸਦ ਦਾ ਪਾਰਾ ਚੜ੍ਹ ਗਿਆ। ਕਾਂਗਰਸ ਨੇ ਕਿਹਾ ਹੈ ਕਿ ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਭਾਜਪਾਈਆਂ ਵਿੱਚ ਕਿੰਨਾ ਹੰਕਾਰ ਹੈ।



## ਕਿਸਾਨਾਂ 'ਤੇ ਅੱਤਿਆਚਾਰ ਭਾਜਪਾ ਦੇ ਤਾਬੂਤ 'ਚ ਆਖਰੀ ਕਿੱਲ ਸਾਬਤ ਹੋਣਗੇ : ਮੁੱਖ ਮੰਤਰੀ



**ਰਾਜਕੋਟ (ਗੁਜਰਾਤ)/ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਭਾਜਪਾ ਵੱਲੋਂ ਕਿਸਾਨਾਂ 'ਤੇ ਕੀਤੇ ਜਾ ਰਹੇ ਅੱਤਿਆਚਾਰ ਦੇਸ਼ ਦੇ ਸਿਆਸੀ ਖੇਤਰ ਵਿੱਚੋਂ ਭਗਵਾ ਪਾਰਟੀ ਦੇ ਅੰਤ ਲਈ ਉਨ੍ਹਾਂ ਦੇ ਤਾਬੂਤ ਵਿੱਚ ਆਖਰੀ ਕਿੱਲ ਸਾਬਤ ਹੋਣਗੇ।ਇੱਥੇ ਕਿਸਾਨ ਮਹਾਂਪੰਚਾਇਤ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ, ਜਿਨ੍ਹਾਂ ਦੇ ਨਾਲ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੀ ਸਨ, ਨੇ ਕਿਹਾ ਕਿ ਦੇਸ਼ ਦੇ ਮਿਹਨਤਕਸ਼ ਅਤੇ ਬਹਾਦਰ ਕਿਸਾਨ ਭਾਜਪਾ ਦੀ ਧੱਕੇਸ਼ਾਹੀ ਲਈ ਉਨ੍ਹਾਂ ਨੂੰ ਚੰਗਾ ਸਬਕ ਸਿਖਾਉਣਗੇ।

'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸ੍ਰ. ਵੱਲਭ ਭਾਈ ਪਟੇਲ ਦੀ ਜਨਮ ਭੂਮੀ 'ਤੇ ਭਾਜਪਾ ਵੱਲੋਂ ਕੀਤੇ ਗਏ ਅੱਤਿਆਚਾਰਾਂ ਨੇ ਪੂਰੇ ਦੇਸ਼ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਭਾਜਪਾ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤੇ 85 ਕਿਸਾਨਾਂ ਦੇ ਪਰਵਾਰਾਂ ਨੂੰ ਸਨਮਾਨਤ ਕਰਨਾ ਚਾਹੁੰਦੀ ਸੀ ਪਰ ਸੂਬਾ ਸਰਕਾਰ ਨੇ ਇਸ ਤੋਂ ਇਨਕਾਰ ਕਰ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਆਪ' ਇਸ

• ਬਾਕੀ ਸਫਾ 5 'ਤੇ

## ਸੰਘ 'ਤੇ ਪਾਬੰਦੀ ਲੱਗੇ : ਖੜਗੇ

**ਨਵੀਂ ਦਿੱਲੀ :** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) 'ਤੇ ਦੁਬਾਰਾ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਕਿਉਂਕਿ ਇਹ ਦੇਸ਼ ਵਿੱਚ ਜ਼ਿਆਦਾਤਰ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਲਈ ਜ਼ਿੰਮੇਵਾਰ ਹੈ। ਉਨ੍ਹਾ ਇਹ ਵੀ ਕਿਹਾ ਕਿ ਇਹ ਉਨ੍ਹਾ ਦੇ ਨਿੱਜੀ ਵਿਚਾਰ ਹਨ।

ਕਾਂਗਰਸ ਪ੍ਰਧਾਨ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਝੂਠ ਨੂੰ ਸੱਚ ਵਿੱਚ ਬਦਲਣ ਵਿੱਚ ਮਾਹਰ ਹਨ। ਉਨ੍ਹਾ ਕਿਹਾ ਕਿ ਪਟੇਲ ਨੇ ਭਾਰਤ ਦੇ ਧਰਮਨਿਰਪੱਖ ਅਤੇ ਲੋਕਤੰਤਰੀ ਚਰਿੱਤਰ ਦੀ ਰੱਖਿਆ ਲਈ ਆਰ ਐੱਸ ਐੱਸ 'ਤੇ ਪਾਬੰਦੀ ਲਗਾਈ ਸੀ। ਉਨ੍ਹਾ ਕਿਹਾ, "ਜੇ ਤੁਸੀਂ ਹਰ ਚੀਜ਼ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਂਦੇ ਹੋ, ਤਾਂ ਆਪਣੇ ਕੰਮਾਂ ਵੱਲ ਦੇਖੋ। ਤੁਸੀਂ ਸੱਚ ਨੂੰ ਮਿਟਾਉਣ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰੋ, ਇਹ ਮਿਟੇਗਾ ਨਹੀਂ। ਉਹ (ਪ੍ਰਧਾਨ ਮੰਤਰੀ ਅਤੇ ਭਾਜਪਾ) ਹਮੇਸ਼ਾ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ, ਸਰਦਾਰ ਵੱਲਭ ਭਾਈ ਪਟੇਲ ਵਿਚਕਾਰ ਟਕਰਾਅ ਨੂੰ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ। ਨਹਿਰੂ ਅਤੇ ਪਟੇਲ ਦੇ ਬਹੁਤ ਚੰਗੇ ਸੰਬੰਧ ਸਨ ਅਤੇ ਪਟੇਲ ਨੇ ਨਹਿਰੂ ਨੂੰ ਲੋਕਾਂ ਦਾ ਨੇਤਾ ਦੱਸਿਆ ਸੀ।"

ਉਨ੍ਹਾ ਕਿਹਾ, "ਮੈਂ ਭਾਜਪਾ ਨੂੰ ਕਹਿਣਾ ਚਾਹੁੰਦਾ ਹਾਂ ਹਰ

• ਬਾਕੀ ਸਫਾ 5 'ਤੇ

## ਅੱਜ-ਨਾਮਾ

ਲੱਗਦਾ ਸਿਰੇ ਨਹੀਂ ਮਾਮਲਾ ਕੁੱਤਿਆਂ ਦਾ,
ਰੋਜ਼ ਹੈ ਖਬਰ ਤਾਜ਼ੀ ਨਵੀਂ ਆਈ ਜਾਂਦੀ।
ਚਰਚਾ ਚੱਲਦੀ ਅਖਬਾਰਾਂ ਦੇ ਵਿੱਚ ਹੁੰਦੀ,
ਚੱਲਦੀ ਕੋਰਟ ਦੇ ਵਿੱਚ ਸੁਣਵਾਈ ਜਾਂਦੀ।
ਵਧਦੀ ਦਿੱਸੇ ਸਮੱਸਿਆ ਮੁਲਕ ਦੇ ਵਿੱਚ,
ਸਾਰੇ ਲੋਕਾਂ ਨੂੰ ਚਿੰਤਾ ਵਿੱਚ ਪਾਈ ਜਾਂਦੀ।
ਪਸ਼ੂ ਪ੍ਰੇਮੀ ਕਈ ਰੇੜਕਾ ਰਹਿਣ ਪਾਉਂਦੇ,
ਇਹ ਵੀ ਧਿਰ ਨਾ ਅਜੇ ਸਮਝਾਈ ਜਾਂਦੀ।
ਮਾਰ-ਮੁਕਾਏ ਕਈ ਲੋਕ ਤਾਂ ਕੁੱਤਿਆਂ ਨੇ,
ਕਰਦੀ ਫਿਕਰ ਨਾ ਕੋਈ ਸਰਕਾਰ ਮੀਆਂ।
ਸੱਦਿਆ ਕੋਰਟ ਸੁਪਰੀਮ ਨੇ ਅਫਸਰਾਂ ਨੂੰ,
ਮੁੱਦਾ ਹੈ ਰੂਪ ਗੰਭੀਰ ਗਿਆ ਧਾਰ ਮੀਆਂ।

-ਤੀਸ ਮਾਰ ਖਾਂ

## ਪੀ ਆਰ ਟੀ ਸੀ ਕਾਮਿਆਂ ਤੇ ਪੈਨਸ਼ਨਰਾਂ ਨੂੰ 11 ਦੀ ਰੈਲੀ 'ਚ ਵੱਡੀ ਗਿਣਤੀ 'ਚ ਪੁੱਜਣ ਦਾ ਸੱਦਾ

**ਪਟਿਆਲਾ :** ਪੰਜਾਬ ਸਰਕਾਰ ਅਤੇ ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਦਾ ਅਦਾਰੇ ਪ੍ਰਤੀ, ਵਰਕਰਾਂ ਦੀਆਂ ਮੁਸ਼ਕਲਾਂ ਅਤੇ ਲੋੜਾਂ ਵੱਲ ਕੋਈ ਸੰਜੀਦਾ ਤਰੀਕੇ ਨਾਲ ਧਿਆਨ ਨਾ ਦਿੱਤੇ ਜਾਣ ਕਾਰਨ ਅਦਾਰੇ ਅਤੇ ਵਰਕਰਾਂ ਦੀਆਂ ਸੇਵਾ ਹਾਲਤਾਂ ਅਤੇ ਵਿੱਤੀ ਮੁਸ਼ਕਲਾਂ ਗੰਭੀਰ ਰੂਪ ਧਾਰਨ ਕਰਦੀਆਂ ਜਾ ਰਹੀਆਂ ਹਨ। ਅਜਿਹੇ ਹਾਲਾਤ ਦਾ ਨੋਟਿਸ ਲੈਂਦਿਆਂ ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਨੇ ਨੁਮਾਇੰਦਿਆਂ ਸਰਵਸ੍ਰੀ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਮਨਜਿੰਦਰ ਕੁਮਾਰ ਬੱਬੂ, ਨਸੀਬ ਚੰਦ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਵਿਸਥਾਰ ਵਿੱਚ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪ੍ਰਾਈਵੇਟ ਬੱਸ ਮਾਫੀਏ ਦੇ ਚੁੰਗਲ ਵਿੱਚ ਫਸੀ ਹੋਈ ਨਜ਼ਰ ਆ ਰਹੀ ਹੈ ਕਿਉਂਕਿ ਸਰਕਾਰ ਨੇ ਆਪਣੇ 4 ਸਾਲ ਦੇ ਕਾਰਜਕਾਲ ਵਿੱਚ ਇੱਕ ਵੀ ਨਵੀਂ ਬੱਸ ਇਸ ਅਦਾਰੇ ਵਿੱਚ ਨਹੀਂ ਪੈਣ ਦਿੱਤੀ, ਜਦ ਕਿ ਬੱਸਾਂ ਦੀ ਖਰੀਦ ਲਈ ਸਰਕਾਰ ਨੇ ਪੀ.ਆਰ.ਟੀ.ਸੀ. ਨੂੰ ਕੋਈ ਪੈਸਾ ਵੀ ਨਹੀਂ ਦੇਣਾ ਸੀ। ਇਸੇ ਤਰ੍ਹਾਂ ਸਰਕਾਰ ਆਪਣਾ ਰਾਜਨੀਤਕ ਫਾਇਦਾ ਲੈਣ ਲਈ ਜੋ ਮੁਫ਼ਤ ਸਫਰ ਦੀਆਂ ਸਹੂਲਤਾਂ ਔਰਤਾਂ ਅਤੇ ਹੋਰ ਕਈ ਕੈਟਾਗਰੀਆਂ ਨੂੰ ਦੇ ਰਹੀ ਹੈ, ਉਹਨਾਂ ਬਦਲੇ ਬਣਦੇ ਲੱਗਭੱਗ 600 ਕਰੋੜ ਰੁਪਏ ਦੇ ਬਕਾਏ ਨਹੀਂ ਦੇ ਰਹੀ, ਜਿਸ ਦਾ ਖਮਿਆਜ਼ਾ ਕਰਮਚਾਰੀ ਭੁਗਤ ਰਹੇ ਹਨ। ਕਿਉਂਕਿ ਉਨ੍ਹਾਂ ਨੂੰ ਹਰ ਮਹੀਨੇ ਤਨਖਾਹ/ਪੈਨਸ਼ਨ ਸਮੇਂ ਸਿਰ ਨਹੀਂ ਮਿਲਦੀ ਅਤੇ ਘੱਟੋ-ਘੱਟ ਹੋਰ 150 ਕਰੋੜ ਰੁਪਏ ਦੇ ਬਕਾਏ ਵੀ ਵਰਕਰਾਂ ਦੇ ਪੀ.ਆਰ.ਟੀ.ਸੀ. ਵੱਲ ਖੜੇ ਹਨ। ਸਰਕਾਰ ਵੱਲੋਂ ਮੈਨੇਜਿੰਗ ਡਾਇਰੈਕਟਰ ਦੀ ਤਾਇਨਾਤੀ ਦੇ ਹੁਕਮ ਨਹੀਂ ਕੀਤੇ ਜਾ ਰਹੇ। ਮੈਨੇਜਮੈਂਟ ਨੇ ਬਿਨਾਂ ਵਜ੍ਹਾ ਤੋਂ ਵਰਕਰਾਂ ਦੀਆਂ ਤਰੱਕੀਆਂ ਦੀਆਂ ਫਾਈਲਾਂ ਦੱਬ ਕੇ

• ਬਾਕੀ ਸਫਾ 5 'ਤੇ



# ਗ਼ਦਰੀਆਂ ਦਾ ਹੈਰਤਅੰਗੇਜ਼ ਗੁਰੀਲਾ ਐਕਸ਼ਨ



ਵਿਜੈ ਬੰਬੇਲੀ

1914-15 ਵਾਲੀ ਫੜਾਫੜੀ ਮਗਰੋਂ ਪਿੱਛੇ ਬਚੇ ਗ਼ਦਰੀਆਂ ਭਾਈ ਬੰਤਾ ਸਿੰਘ ਸੰਘਵਾਲ, ਈਸ਼ਰ ਸਿੰਘ ਢੁੱਡੀਕੇ, ਗਾਂਧਾ ਸਿੰਘ ਕੱਚਰਭੰਨ, ਉੱਤਮ ਸਿੰਘ ਹਾਂਸ, ਬੂਟਾ ਸਿੰਘ ਅਕਾਲਗੜ੍ਹ, ਜਵੰਦ ਸਿੰਘ ਨੰਗਲ ਕਲਾਂ ਅਤੇ ਭਾਈ ਵੀਰ ਸਿੰਘ ਬਾਹੋਵਾਲ ਆਦਿ ਨੇ ਲੋਕ-ਤਾਲਮੇਲ ਨਾਲ ਸਰਗਰਮੀਆਂ ਤੇਜ਼ ਕਰਨ ਦਾ ਨਿਰਣਾ ਲਿਆ। 25 ਮਈ, 1915 ਦੀ ਵਧਵੀਂ ਮੀਟਿੰਗ ਵਿਚ ਫੈਸਲਾ ਹੋਇਆ ਕਿ ਕਪੂਰਥਲਾ ਦੇ ਅਸਲਾਖਾਨੇ ’ਤੇ ਧਾਵਾ ਬੋਲ ਕੇ ਹਥਿਆਰ ਲੁੱਟ ਲਏ ਜਾਣ। ਭਾਈ ਨਿਰੰਜਣ ਸਿੰਘ ਪੰਡੋਰੀ ਲੱਧਾ ਸਿੰਘ ਅਤੇ ਅਮਰ ਸਿੰਘ ਉਸਮਾਨਪੁਰੀਏ ਨੂੰ ਅੱਧਾ ਸੈਂਕੜਾ ਯੋਧੇ ਤਿਆਰ ਕਰਨ ਦੀ ਤਾਗੀਦ ਹੋਈ। ਇਸ ਉੱਦਮ ’ਚ ਜ਼ਿਆਦਾ ਹੱਥ ਅਮਰ ਸਿੰਘ ਨੇ ਵਟਾਇਆ, ਪੰਡੋਰੀ ਲੱਧਾ ਉੱਕ ਗਿਆ। ਭਾਈ ਜਵੰਦ ਸਿੰਘ ਨੰਗਲ ਕਲਾਂ ਦਾ ਕਪੂਰਥਲੇ ਦੇ ਫੌਜੀਆਂ ਕੋਲ ਆਉਣ-ਜਾਣ ਸੀ, ਅਸਲ ਮਨਸ਼ਾ ਬਗਾਵਤ ਸੀ। ਉਸ ਦੀ ਪ੍ਰੇਰਨਾ ਉਪਰੰਤ ਅਸਲਾਖਾਨੇ ਦੇ ਇੰਚਾਰਜ ਹਵਾਲਦਾਰ ਭਗਵਾਨ ਸਿੰਘ ਨੇ ਭਰੋਸਾ ਦਿੱਤਾ, ‘ਹਮਲੇ ਸਮੇਂ ਅਸਲਾ ਕੋਠੜੀਆਂ ਦੀਆਂ ਚਾਬੀਆਂ ਗ਼ਦਰੀਆਂ ਹਵਾਲੇ ਕਰ ਦਿੱਤੀਆਂ ਜਾਣਗੀਆਂ। ਸਾਮਾਨ ਲਿਜਾਉਣ ਲਈ ਖੱਚਰਾਂ ਵੀ ਤਿਆਰ ਮਿਲਣਗੀਆਂ। ਸੁੱਤੀ ਹੋਈ ਗਾਰਦ ਤੋਂ ਜੋ ਖੋਹ ਲਿਆ, ਉਹ ਵਾਧੇ ਦਾ।’ ਰੇਲਾਂ ਦੇ ਬਾਬੂ ਇਸ ਗੱਲ ਲਈ ਰਾਜ਼ੀ ਹੋ ਗਏ ਕਿ ਉਹ ਕਪੂਰਥਲੇ ਹਮਲੇ ਉਪਰੰਤ ਭੇਜੀਆਂ ਜਾਣ ਵਾਲੀਆਂ ਸੰਕਟਕਲੀਨ ਤਾਰਾਂ ਵਿਚ ਸੰਭਵ ਵਿਘਨ ਪਾ ਦੇਣਗੇ।

ਪ੍ਰੰਤੂ ਨਿਰਧਾਰਤ ਮਿਤੀ ’ਤੇ ਕਈ ਕਾਰਨਾਂ ਕਰਕੇ ਲੋੜੀਂਦਾ ’ਕੱਠ ਨਾ ਹੋਇਆ। ਮਿਤੀ ਬਦਲਣੀ ਪਈ। ਜੂਨ 5 ਦਾ ਦਿਨ ਮੁਕਰਰ ਹੋਇਆ, ਪਰ ਉਸ ਦਿਨ ਵੀ 21 ਜਣੇ ਹੀ ਇਕੱਤਰ ਹੋਏ, ਜਦਕਿ ਯੁੱਧਨੀਤਕ ਤੌਰ ’ਤੇ ਲੋੜ ਸੈਂਕੜਾ ਭਰ ਦੀ ਸੀ। ਇਹਨਾਂ ਇੱਕੀਆਂ ਵਿੱਚੋਂ ਵੀ ਮਗਰੋਂ ਸਰਕਾਰ ਸਿਰਫ ਭਾਈ ਬੰਤਾ ਸਿੰਘ ਸੰਘਵਾਲ, ਈਸ਼ਰ ਸਿੰਘ ਢੁੱਡੀਕੇ, ਉੱਤਮ ਸਿੰਘ ਹਾਂਸ ਸਮੇਤ ਸ਼ਾਮ ਸਿੰਘ ਢੁੱਡੀਕੇ, ਰਾਮ ਸਿੰਘ (ਦਲੀਪ ਸਿੰਘ) ਫੂਲੇਵਾਲ, ਅਰਜਨ ਸਿੰਘ ਸਹਿਜਭਾਈ, ਹਰਦਿੱਤ ਸਿੰਘ, ਅਰਜਨ ਸਿੰਘ ਸਲੋਤਰੀ, ਕਾਲਾ ਸਿੰਘ ਜਗਤਪੁਰ, ਚੰਨਣ ਸਿੰਘ, ਰੂੜ ਸਿੰਘ ਤਲਵੰਡੀ ਦੁਸਾਂਝ, ਬਿਸ਼ਨ ਸਿੰਘ ਵਰਪਾਲ, ਮੁਹਿੰਦਰ ਸਿੰਘ ਅਤੇ ਪ੍ਰੇਮ ਸਿੰਘ ਸੁਰ ਸਿੰਘ ਤੇ ਬੂੜ ਚੰਦ ਦਾ ਹੀ ਪਤਾ ਕੱਢ ਸਕੀ ਸੀ। ਕਿਹਾ ਜਾਂਦਾ ਹੈ ਕਿ ਗ਼ਦਰੀਆਂ ਸਮੇਤ ਸੈਂਕੜੇ ਤੋਂ ਵੱਧ ਬੰਦੇ ਤਾਂ ਪਹੁੰਚ ਗਏ ਸਨ, ਪਰ ਸਾਰਿਆਂ ਲਈ ਯੋਗ ਹਥਿਆਰਾਂ ਦਾ ਪ੍ਰਬੰਧ ਨਾ ਹੋ ਸਕਿਆ। ਘੱਟ ਹਥਿਆਰਾਂ ਕਾਰਨ ਗੁਰੀਲਾ ਕਾਰਵਾਈ ਵੀ ਠੀਕ ਨਾ ਸਮਝੀ ਗਈ, ਸੋ ਨਵੀਂ ਤਾਰੀਖ, 12 ਜੂਨ ਮੁਕੱਰਰ ਕੀਤੀ ਗਈ। ਫੈਸਲਾ ਇਹ ਵੀ ਹੋਇਆ ਕਿ ਵੱਲੇ ਵਾਲੀ ਨਹਿਰ ’ਤੇ ਤਾਇਨਾਤ ਸਰਕਾਰੀ ਧਾੜ ਤੋਂ ਹਥਿਆਰ ਖੋਹ ਲਏ ਜਾਣ। ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਕਪੂਰਥਲਾ ਐਕਸ਼ਨ ਲਈ ਦੋਰਾਹਾ ਪੁਲ ਗਾਰਦ ਤੋਂ ਵੀ ਹਥਿਆਰ ਖੋਹਣ ਦੀ ਵਿਉਤਬੰਦੀ ਕੀਤੀ ਗਈ ਸੀ, ਪਰ ਅਸਫਲ ਰਹੇ।

ਵੱਲਾ ਪੁਲ ਕੁਮਕ ’ਤੇ ਧਾਵਾ ਬੋਲਣ ਲਈ ਦੋ ਜਥੇ ਮੁਕੱਰਰ ਹੋਏ, ਇੱਕ ਟੋਲੀ ਕਰਤਾਰਪੁਰ ਕੰਨਿਓਂ ਅੰਮ੍ਰਿਤਸਰ ਨੂੰ ਗਈ, ਦੂਜੀ ਗੋਇੰਦਵਾਲ ਰਾਹੀਂ ਠੱਠੀ ਖਾਰੇ ਪਹੁੰਚ ਗਈ। ਉਥੋਂ ਗ਼ਦਰੀਆਂ ਨੇ ਭਾਈ ਹਰਨਾਮ ਸਿੰਘ ਤੇ ਆਤਮਾ ਸਿੰਘ ਨੂੰ ਨਾਲ ਲਿਆ, ਜਿਹੜੇ ਅਮਰੀਕਾ ’ਚੋਂ ਆਏ ਹੋਣ ਕਾਰਨ ਠੱਠੀ ਖਾਰੇ ਜੂਹਬੰਦ ਸਨ। ਇਸ ਜੁੱਟ ਨੇ ਦੂਸਰੇ ਗਰੁੱਪ ਨੂੰ ਲੈਣ ਲਈ ਭਾਈ ਪ੍ਰੇਮ ਸਿੰਘ ਸੁਰ ਸਿੰਘ ਨੂੰ ਅੰਮ੍ਰਿਤਸਰ ਨੂੰ ਤੋਰ ਦਿੱਤਾ, ਜਦਕਿ ਉਧਰਲੇ ਪਹਿਲਾਂ ਹੀ ਹੋਰ ਰਾਹ ਠੱਠੀ ਖਾਰੇ ਤਰਫ ਤੁਰ ਪਏ ਸਨ। ਇੰਜ ਭਾਈ ਪ੍ਰੇਮ ਸਿੰਘ ਮੌਕਾ ਵਾਰਦਾਤ ਆਉਣੋ ਖੁੰਜ ਗਿਆ। ਉਸ ਨੂੰ ਹੋਰ ਉਡੀਕੇ ਬਿਨਾਂ ਕੁੱਝ ਬੇਧੜਕ, ਕਾਹਲੇ, ਹਮਲਾ ਕਰਨ ਹਿੱਤ ਵੱਲੇ ਪੁਲ ਨੂੰ ਉਮੜੇ, ਪਰ ਚੌਕੰਨੀ ਗਾਰਦ ਵੇਖ ਪਿਛਾਂਹ ਹਟ ਗਏ। ਦਿਨ ਸੁੱਕਾ ਨਾ ਜਾਵੇ, ਉਹ ਸਰਕਾਰੀ ਮੁਖ਼ਬਰ ਕਪੂਰ ਸਿੰਘ ਪੱਧਰੀ ਨੂੰ ਸੋਧਣ ਤੁਰ ਗਏ, ਪਰ ਉਹ ਵੀ ਨਾ ਮਿਲਿਆ। ਪੱਧਰੀਓਂ ਮੁੜਦਿਆਂ ਦੇਰ ਹੋ ਗਈ, ਸਿੱਟਾ; ਇੱਕ ਜੁਟ ਹੋ ਦੋਵੇਂ ਟੋਲੀਆਂ ਰਾਤ ਸਮੇਂ ਧਾਵਾ ਬੋਲਣੋਂ ਖੁੰਝ ਗਈਆਂ।

ਅਗਲੀ ਰਾਤ, 11 ਜੂਨ ਨੂੰ ਫਿਰ ਗੁਰੀਲਾ ਐਕਸ਼ਨ ਦਾ ਕਮਰਕੱਸਾ ਕੀਤਾ ਗਿਆ, ਢੁਕਵੇਂ ਮੌਕੇ ਦੀ ਸਿਸਤ ਅਤੇ ਗੁਰੀਲਾ ਘਿਸਰਾਹਟ ਕਰਦਿਆਂ ਰਾਤ ਅੱਧੀ ਬੀਤ ਗਈ, ਪਰ ਚੀਤਾ ਚਾਲ ਨਾ ਬਣ ਸਕੀ। ਇਹ 11 ਅਤੇ 12 ਜੂਨ, ਵਿਚਕਾਰਲੀ ਕਾਲੀ ਬੋਲੀ ਰਾਤ ਸੀ। ਦ੍ਰਿੜ੍ਹ ਨਿਸ਼ਚਾ ਕੀਤਾ ਹੋਇਆ ਸੀ ਕਿ ਅੱਜ ਹਰ ਹੀਲੇ ਕਰੋ ਜਾਂ ਮਰੋ ਵਾਲੀ ਕਾਰਵਾਈ ਕਰਨੀ ਹੀ ਹੈ। ਆਹਲਾ ਅਧਿਕਾਰੀਆਂ ਦੀ ਵਾਰਨਿੰਗ ਤਹਿਤ ਸਰਕਾਰੀ ਗਾਰਦ ਬੇਹੱਦ ਚੌਕਸ। ਕੁੱਝ ਬੇਹੱਦ ਫੁਰਤੀਲੇ ਗ਼ਦਰੀ ਯੋਧੇ, ਲੰਬੇ ਘਾਹ ’ਚ ਕੱਛੂ ਚਾਲੇ, ਖੜਾਕ ਤੋਂ ਬਚਦਿਆਂ, ਗਾਰਦ ਲਾਗੇ ਪਹੁੰਚ ਗਏ। ਚੀਤੇ ਵਾਲਾ ਪੈਂਤਰਾ। ਮੁਕੰਮਲ ਚੁੱਪ, ਸੰਨਾਟਾ। ਸਾਹ ਵੀ ਚੁੱਪ-ਘੜੁੱਪ। ਡੂੰਘੀ ਰਾਤ ਵੱਡੇ ਤੜਕੇ ਵੱਲ ਵਧੀ। ਦੂਰ ਕਿਤਿਓਂ ਮੁੱਲਾ ਦੀ ਅਜ਼ਾਨ ਮੱਧਮ ਆਵਾਜ਼ੇ ਕੰਨ ਪੈਣ ਲੱਗੀ। ਲੱਗਦਾ ਸੀ ਕਿਸੇ ਸੁਆਣੀ ਨੇ ਦਹੀਂ ਵੀ ਮਧਾਣੀ ਪਾ ਲਿਆ ਹੈ। ਐਨ ਉਦੋਂ ਜਦੋਂ ਦੂਰ-ਦੁਮੇਲ ਤੋਂ ਬਲਦਾਂ ਦੀਆਂ ਟੱਲੀਆਂ ਤੇ ਮੰਦਰ ਦੇ ਟੱਲ ਨੇ ਟੁਣਕਾਰ ਦਿੱਤੀ ਅਤੇ ਕਿਸੇ ਹਾਲੀ ਦੇ ਬਲਦਾਂ ਦੀਆਂ ਟੱਲੀਆਂ ਨੇ ਚਾਲ ਫੜੀ ਤਾਂ ਨੀਂਦ ਭੰਨੀ ਜਾਗਦੀ ਗਾਰਦ ਤਾਂ ਉੱਸਲਵੱਟੇ ਲੈਣ ਲੱਗ ਪਈ, ਪਰ ਪਹਿਰੇ ਖੜ੍ਹਾ ਸੰਤਰੀ ਨਾ ਸੌਂਵੇਂ-ਨਾ ਅਵੇਸਲਾ ਹੋਵੇ।

ਭਾਈ ਜਵੰਦ ਸਿੰਘ ਨੰਗਲ ਕਲਾਂ ਅਤੇ ਬੰਤਾ ਸਿੰਘ ਸੰਘਵਾਲ ਮੂਹਰੇ ਸਨ। ਐਨ ਉਸੇ ਵਕਤ ਇੱਕ ਮਾਲ ਗੱਡੀ ਪੁਲ ਉੱਤੋਂ ਲੰਘੀ, ਜਿਸ ਦੇ ਖੜਾਕ ਵਿੱਚ ਝਪਟ ਮਾਰਨ ਨੂੰ ਤਿਆਰ ਬੈਠੇ ਦੋਵਾਂ ਯੋਧਿਆਂ ਨੇ ਸੰਤਰੀ ਨੂੰ ਸੂਟ ਕਰ ਦਿੱਤਾ। ਗੱਡੀ ਦੇ ਖੜਾਕ ਹੇਠ ਗੋਲੀ ਦੀ ’ਵਾਜ਼ ਦੱਬੀ ਗਈ। ਸੰਤਰੀ ਦੇ ਧੜਾਮ ਡਿੱਗਦਿਆਂ ਹੀ ਸ਼ੇਰਾਂ ਦੀ ਵਹੀਰ ਗਾਰਦ ਉੱਤੇ ਬਾਜ਼ ਵਾਂਗ ਝਪਟ ਗਈ। ਭਾਈ ਕਾਲਾ ਸਿੰਘ ਨੇ ਭੱਜ ਕੇ ਸੰਤਰੀ ਦੀ ਰਫਲ ਚੁੱਕ ਲਈ। ਗਾਰਦ ਦਾ ਹਵਾਲਦਾਰ, ਜਿਹੜਾ ਭੱਜੀ ਆਉਂਦੀ ਪੈੜ-ਚਾਲ ਸੁਣ ਫੁਰਤੀ ਨਾਲ ਤੰਬੂ ਵਿੱਚੋਂ ਬਾਹਰ ਨਿਕਲਿਆ ਸੀ, ਨੂੰ ਠੇਡਾ ਮਾਰ ਥੱਲੇ ਸੁੱਟ ਗੋਲੀ ਮਾਰ ਪਾਰ ਬੁਲਾ ਦਿੱਤਾ। ਦੋ-ਚਾਰ, ਬੇਹੱਦ ਫੁਰਤੀਲੇ, ਗ਼ਦਰੀ ਤੁਰਤ-ਪੈਰੀਂ ਗਾਰਦ ਨੂੰ ਪੈ ਨਿਕਲੇ। ਹਫੜਾ-ਦਫੜੀ ਵਿੱਚ ਗਾਰਦ ਭੱਜ ਨਿਕਲੀ।

ਭਾਈ ਕਾਲਾ ਸਿੰਘ ਤੇ ਬੰਤਾ ਸਿੰਘ ਸੰਘਵਾਲ ਨੇ ਤੁਰੰਤ ਫੌਜੀ ਵਰਦੀ ਪਹਿਨ ਲਈ, ਬਾਕੀਆਂ ਕਾਬੂ ਕੀਤੀਆਂ ਦੀ ਗੱਠ ਬੰਨ੍ਹ ਕਪੂਰਥਲੇ ਧਾਵੇ ਲਈ ਸਾਂਭ ਲਈਆਂ। ਖੋਹੀਆਂ ਤੇ ਹੱਥ ਆਈਆਂ ਰਫਲਾਂ ਫੌਜੀਆਂ ਵਾਂਗ ਗਲੇ ਪਾ ਗ਼ਦਰੀ ਯੋਧੇ ਤੇਜ਼ੀ ਨਾਲ ਖਿਸਕ ਤੁਰੇ। ਭਾਈ ਜਵੰਦ ਸਿੰਘ, ਆਤਮਾ ਸਿੰਘ, ਬੰਤਾ ਸਿੰਘ, ਹਰਨਾਮ ਸਿੰਘ, ਕਾਲਾ ਸਿੰਘ, ਚੰਨਣ ਸਿੰਘ, ਜਿਵੇਂ ਪਹਿਲਾਂ ਹੀ ਤੈਅ ਸੀ, ਨਹਿਰੋ-ਨਹਿਰ ਤਰਨ ਤਾਰਨ ਵੱਲ ਨੂੰ ਹੋ ਤੁਰੇ ਤੇ ਭਾਈ ਰੂੜ ਸਿੰਘ, ਬਚਨ ਸਿੰਘ ਜੰਡਿਆਲਾ ਆਦਿ ਨੇ ਬਿਆਸ-ਕਰਤਾਰਪੁਰ ਥਾਣੀਂ ਕਪੂਰਥਲੇ ਵੱਲ, ਜਿੱਥੇ ਰਾਹ ’ਚ ਉਹ ਪ੍ਰੇਮ ਸਿੰਘ, ਭਗਵਾਨ ਸਿੰਘ ਨੂੰ ਮਿਲੇ, ਦਾ ਰੁਖ ਕਰ ਲਿਆ ਅਤੇ ਬਾਕੀ ਗ਼ਦਰੀ ਹੋਰ ਪਾਸਿਆਂ ਨੂੰ ਖਿੱਲਰ ਗਏ।

ਹਾਂ, ਭੱਜੀ ਜਾਂਦੀ ਗਾਰਦ ਨੇ ਰੌਲਾ ਪਾ ਵਾਹਰ ’ਕੱਠੀ ਕਰ ਲਈ। ਪੁਲਸ ਅਤੇ ਸਰਕਾਰ ਨੂੰ ਇਤਲਾਹ ਹੋ ਗਈ। ਸਰਕਾਰੀ ਕੁਮਕਾਂ ਅਤੇ ਅਹਿਲਕਾਰਾਂ ਨੇ ਯਥਾ ਸੰਭਵ, ਤੁਰੰਤ, ਬਾਜ਼-ਕਾਰਵਾਈ ਆਰੰਭ ਦਿੱਤੀ। ਦੋਆਬੇ ਨੂੰ ਜਾਣ ਵਾਲੇ ਤਾਂ ਟੇਟੇ ਨਾ ਚੜ੍ਹੇ, ਪਰ ਵਹੀਰ ਨੇ ਭਾਈ ਜਵੰਦ ਸਿੰਘ, ਬੰਤਾ ਸਿੰਘ, ਜਗਤ ਸਿੰਘ ਜਗਤਪੁਰੀਏ, ਹਰਨਾਮ ਸਿੰਘ, ਚੰਨਣ ਸਿੰਘ, ਆਤਮਾ ਸਿੰਘ ਠੱਠੀ ਖਾਰਾ ਤੇ ਬੂੜ ਚੰਦ ਦਾ ਖੁਰਾ ਨੱਪ ਲਿਆ। ਅਣਭੋਲ ਪੇਂਡੂਆਂ ਸਮੇਤ ਝੋਲੀ ਚੁੱਕ ਅਤੇ ਪੁਲਸ ਹਮਲਾਵਰ ਹੋ ਗਈ। ਦਾਅ-ਪੇਚਕ ਪੈਂਤੜਾ ਅਖਤਿਆਰ ਕਰ ਗ਼ਦਰੀ ਵੀ ਡਟ ਗਏ। ਗ਼ਦਰੀਆਂ ਕੋਲ ਵੀ ਪੁਖਤਾ ਹਥਿਆਰ ਸਨ, ਹੌਸਲਾ ਵੀ ਪੀਡਾ ਸੀ, ਪਰ ਕਈ ਕਾਰਨੀਂ ਹਾਲਾਤ ਦੁਸ਼ਮਣ ਦੇ ਪੱਖ ਵਿੱਚ ਸਨ। ਬਚਵਾਂ ਐਕਸ਼ਨ ਕਰਦੇ ਗ਼ਦਰੀ ਅਗਾਂਹ-ਦਰ-ਅਗਾਂਹ ਰਵਾਂ-ਰਵੀ ਤੁਰੀ ਗਏ। ਤਰਨ ਤਾਰਨ ਬਗਲ, ਉਹ ਪਲਾਸੌਰ ਤੱਕ ਅਣਸਾਵਾਂ ਤੇ ਲੁਕਵੇਂ ਵਾਰ ਕਰਦੇ ਹੋਏ ਝਕਾਨੀ ਦੇਣ ਲਈ ਮਾਝੇ ਦੀ ਧੁੰਨੀ ਵੱਲ ਵਧੇ। ਸਰਕਾਰੀ ਧਾੜਾਂ ਨੂੰ ਤਾਂ ਭੋਜਨ ਅਤੇ ਦਮ ਵੀ ਮਿਲ ਜਾਂਦਾ ਸੀ, ਜਦਕਿ ਮਜਬੂਰੀਵੱਸ ਗ਼ਦਰੀ ਭੁੱਖਣ-ਭਾਣੇ ਜੂਝ ਰਹੇ ਸਨ। ਪਲਾਸੌਰ ਤੱਕ ਸਰਕਾਰੀ ਨਫਰੀ ਹੋਰ ਵਧ ਗਈ। ਗ਼ਦਰੀ ਕਪੂਰਥਲੇ ਵੱਲ ਨੂੰ ਪਰਤ ਗੋਇੰਦਵਾਲ ਬਿਆਸ ਪੱਤਣ ’ਤੇ ਜਾ ਅੱਪੜੇ। ਉਪਰੰਤ ਹਮਦਰਦ ਮਲਾਹਾਂ ਦੀ ਬੇੜੀ ਚੜ੍ਹ ਗ਼ਦਰੀ ਤੇਜ਼ੀ ਨਾਲ ਦਰਿਆ ਵਿੱਚ ਠਿੱਲ੍ਹ ਪਏ। ਸਰਕਾਰੀ ਧਾੜ ਦੀਆਂ ਗੋਲੀਆਂ ਮੀਂਹ ਵਾਂਗ ਉਹਨਾਂ ਵੱਲ ਆਉਣ ਲੱਗੀਆਂ। ਸੂਰਮੇ ਵੀ ਕੋਈ-ਕੋਈ ਗੋਲੀ ਦਾਗ ਦਿੰਦੇ। ਇੱਕ ਮਲਾਹ ਪੁਲਸ ਗੋਲੀ ਨਾਲ ਮਾਰਿਆ ਗਿਆ। ਯੋਧੇ 11 ਜੂਨ ਦੀ ਸਾਰੀ ਰਾਤ ਅਤੇ 12 ਜੂਨ ਦੀ ਸਵੇਰ ਤੋਂ ਆਥਣ ਵੇਲੇ ਤੱਕ ਲਗਾਤਾਰ ਚੌਵੀਂ ਘੰਟਿਆਂ ਦੀ ਰੱਤ-ਡੋਲ੍ਹਵੀਂ ਸਿਰ-ਧੜ ਦੀ ਬਾਜ਼ੀ ਪਾਉਂਦੇ ਰਾਤ ਢੁਕਦਿਆਂ ਗੋਇੰਦਵਾਲ ਪੱਤਨ ਟੱਪ ਕਪੂਰਥਲੇ ਦੀ ਜੂਹ ਆ ਵੜੇ।

ਜੰਗੀ ਤਵਾਰੀਖ ਵਿੱਚ ਇਹ ਹੈਰਤਅੰਗੇਜ਼ ਯੁੱਧ ਅਣ-ਮਿਣਵੀਂ, ਬੇ-ਮਿਸਾਲ ਬਹਾਦਰੀ, ਜੁਰਅਤ, ਬੇਹੱਦ ਤਹੱਮਲ ਤੇ ਸਿਰੇ ਦੀ ਹੱਦ ਤੱਕ ਬਰਦਾਸ਼ਤ ਕਰ ਜਾਣ ਵਾਲੀ ਮਿਸਾਲ ਸੀ। ਨਹਿਰ, ਟੇਢੇ-ਮੇਢੇ ਰਾਹ, ਦਰਿਆ, ਮੰਡ, ਜੰਗਲ-ਬੇਲਾ, ਉਲਟ ਸਥਿਤੀਆਂ, ਲਗਾਤਾਰ ਭੁੱਖਣ-ਭਾਣੇ ਮੁਕਾਬਲਾ, ਬਿਨਾਂ ਰੁਕੇ ਤਿੱਖਾ ਸਫਰ ਅਤੇ ਅਣਸਾਵੀਆਂ ਹਾਲਤਾਂ ਵਿੱਚ ਲੜੀ ਗਈ ਇਹ ਜੰਗ ਸਿਰਮੌਰ ਵੀਰ ਗਾਥਾ ਹੈ। ਕਿਸੇ ਵਿਰਲੀ ਫੌਜੀ ਟੋਲੀ ਨੇ ਵੀ ਚੁਫੇਰਿਓਂ ਘਿਰੀ ਹੋਈ ਹਾਲਤ ਵਿੱਚ ਐਡਾ ਲੰਬਾ ਸਫਰ, ਜਿਸ ਦਾ ‘ਕਰੋਅ ਫਲਾਈ’ ਪੈਂਡਾ ਹੀ ਕਰੀਬ ਦੋ ਵੀਹਾਂ ਮੀਲ ਤੋਂ ਉੱਪਰ ਬਣਦਾ ਹੈ, ਝਾਲਿਆ ਹੋਊ। ਦੋ ਕਦਮ ਅੱਗੇ ਅਤੇ ਚਾਰ ਕਦਮ ਪਿੱਛੇ ਵਾਲੇ ਹਾਲਾਤ ਵਿੱਚ ਤਾਂ ਇਹ ਸਫ਼ਰ ਕਿਤੇ ਵੱਧ ਬਣ ਜਾਂਦਾ ਹੈ।

ਕਦੇ ਅਗਾਂਹ ਤੇ ਕਦੇ ਪਿਛਾਂਹ, ਕਦੇ ਇਧਰ ਤੇ ਕਦੇ ਉੱਧਰ। ਝਾੜੀਆਂ-ਬੂਝੇ ਫਸ ਉਧੜੇ ਲੀੜਿਆਂ, ਜ਼ਖਮੀਂ ਪੈਰਾਂ, ਭੁੱਖ-ਤਰੇਹ ਅਤੇ ਥਕਾਵਟ ਦੀ ਪਰਵਾਹ ਨਾ ਕਰਦਿਆਂ 12 ਦੀ ਰਾਤੇਂ ਇਹ ਬੇਲੇ ਦੇ ਸਰਾਂ ਵਿੱਚ ਜਾ ਵੜੇ। ਮੱਛਰ-ਟਿੱਡੀ ਦੀ ਭਰਮਾਰ ਅਤੇ ਸੱਪ-ਸਪੋਲੀਏ ਤੇ ਖੂੰਖਾਰ ਜਨੌਰਾਂ ਦੇ ਡਰ ਅਧੀਨ ਹੀ ਸਹੀ, ਰਾਤ ਵਕਤ ਥੋੜ੍ਹਾ ਰੁਕ-ਖੜ, ਸੋਚਣ-ਵਿਚਾਰਨ ਤੇ ਬੇ-ਯਕੀਨੇ ਆਰਾਮ ਦੀ ਬਾਜ਼-ਅੱਖ ਕੁਦਰਤੀ ਠਾਹਰ ਨਸੀਬ ਹੋ ਗਈ। ਗ਼ਦਰੀ ਡਿਟੈਚਮੈਂਟ ਦਾ ਇਹ ਸਭ ਤੋਂ ਲੰਬਾ, ਅਕਾਊ ਪ੍ਰੰਤੂ ਬਹਾਦਰਾਨਾ ਹੈਰਤਅੰਗੇਜ਼ ਮੁਕਾਬਲਾ ਸੀ। ਗ਼ਦਰੀਆਂ ਨੇ, ਭੂ-ਨਿਸ਼ਾਨੀਆਂ ਚੇਤੇ ਕਰ ਹਥਿਆਰ ਦੱਬ-ਸਾਂਭ ਦਿੱਤੇ। ਪੰਡ ਬੱਧੇ ਕੱਪੜੇ ਬਦਲ ਲਏ ਅਤੇ ਵੱਡੇ ਤੜਕੇ ਤੋਂ ਕਿਤੇ ਪਹਿਲਾਂ ਆਪਸੀ ਮਸ਼ਵਰੇ ਅਨੁਸਾਰ ਖਿਸਕ-ਮੰਤਰ ਹੋ ਗਏ। ਉਧਰ ਸਰਕਾਰੀ ਨਫਰੀਆਂ ਨੇ ਚਾਰੇ ਪਾਸੇ ਮੱਲ ਰੱਖੇ ਸਨ। ਭਾਈ ਹਰਨਾਮ ਸਿੰਘ, ਆਤਮਾ ਸਿੰਘ ਤੇ ਕਾਲਾ ਸਿੰਘ ਝੱਲ ਦੇ ਕੰਢੇ ਇੱਕ ਦਲਦਲੀ ਪਿੰਡ ਵਿੱਚ, ਰੋਟੀ-ਪਾਣੀ ਖਾਤਰ, ਪੁੱਜਦਿਆਂ ਹੀ ਸਰਕਾਰੀ ਟੈਹਲੂਆਂ ਦੇ ਯਰਕਾਏ ਹੋਏ ਵਾਸਿੰਦਿਆਂ ਦੇ ਗੈਰ-ਸਹਿਯੋਗੀ ਰਵੱਈਏ ਕਾਰਨ ਫੜੇ ਗਏ, ਪਰ ਭਾਈ ਬੰਤਾ ਸਿੰਘ ਤੇ ਜਵੰਦ ਸਿੰਘ ਬਚ ਨਿਕਲੇ। ਬਾਅਦ ਵਿੱਚ ਇਸੇ ਭਾਈ ਬੰਤਾ ਸਿੰਘ ਸੰਘਵਾਲ ਨੂੰ ਇੱਥੋਂ ਜਲੰਧਰ-ਹੁਸ਼ਿਆਰਪੁਰ ਖਿੱਤੇ ਵਿੱਚ, ਉਸ ਦੇ ਜਾਣੂੰਆਂ ਨੇ ਪਿੰਡ ਜੋੜਾ ਵਿੱਚ ਗ੍ਰਿਫਤਾਰ ਕਰਵਾ ਦਿੱਤਾ ਸੀ। ਹਾਂ; ਭਾਈ ਪ੍ਰੇਮ ਸਿੰਘ ਨੇ ਖੁਸ਼ਹਾਲ ਸਿੰਘ ਘੁਕੇਵਾਲੀ ਅਤੇ ਪੰਡਿਤ ਜਗਨ ਨਾਥ ਸਹਿੰਸਰਾਂ, ਜਿਹੜਾ ਸਿੰਘਾਪੁਰੋਂ ਆਇਆ ਸੀ, ਨੂੰ ਨਾਲ ਲੈ ਕੇ ਵੱਲੇ ਤੋਂ ਲੁੱਟੇ ਹਥਿਆਰਾਂ ਨਾਲ ਸਹਿੰਸਰੇ ਪਿੰਡ ਦੇ ਝੋਲੀਚੁੱਕ ਜ਼ੈਲਦਾਰ ਈਸ਼ਰ ਸਿੰਘ ’ਤੇ ਹਮਲਾ ਕੀਤਾ ਸੀ, ਪਰ ਉਹ ਬਚ ਨਿਕਲਿਆ। ਕਿਤੇ ਬਾਅਦ, ਭਾਈ ਜਵੰਦ ਸਿੰਘ ਨੰਗਲ ਕਲਾਂ (ਮਾਹਿਲਪੁਰ) ਵੀ ਆਪਣੇ ਰਿਸ਼ਤੇਦਾਰਾਨ ਪਿੰਡ ਕਾਲੇਵਾਲ-ਲੱਲੀਆਂ (ਗੜ੍ਹਸ਼ੰਕਰ) ’ਚ ਲਾਲਚ ’ਚ ਗ੍ਰੱਸੇ ਆਪਣਿਆਂ ਵੱਲੋਂ ਫੜਾ ਦਿੱਤੇ ਗਏ ਸਨ। ਹੋਰਾਂ ਵਾਂਗ, ਇਹ ਦੋਵੇਂ ਸੂਰਮ, ਸੰਘਵਾਲ ਅਤੇ ਨੰਗਲ ਕਲਾਂ, ਵੱਖ-ਵੱਖ ਸਮੇਂ ਫਾਹੇ ਟੰਗ ਦਿੱਤੇ ਗਏ ਸਨ। ਦੱਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਗ਼ਦਰੀ ਇਤਿਹਾਸ ਵਿੱਚ, ਵਤਨ ਵਾਪਸ ਪਰਤੇ ਪਹਿਲੇ ਗ਼ਦਰੀਆਂ ਵਿੱਚੋਂ ਸਭ ਤੋਂ ਮਗਰੋਂ ਫੜੇ ਅਤੇ ਫਾਂਸੀ ਚੜ੍ਹ ਜਾਣ ਵਾਲਾ ਭਾਈ ਜਵੰਦ ਸਿੰਘ ਇਹੀ ਸੀ।

ਅੰਗਰੇਜ਼ੀ ਹਕੂਮਤ ਹਰ ਥਾਂ ਬੇਹੱਦ ਚੌਕਸ ਹੋ ਗਈ। ਉਹ ਰਿਆਸਤਾਂ ਦੇ ਉਹਨਾਂ ਅਸਲਾ ਖਾਨਿਆਂ ਜਿੱਥੇ ਗ਼ਦਰੀਆਂ ਦਾ ਹੱਥ ਪੈ ਜਾਣ ਜਾਂ ਹਮਲੇ ਦਾ ਅੰਦੇਸ਼ਾ ਸੀ, ’ਤੇ ਵੀ ਬਾਜ਼ ਅੱਖ ਰੱਖਣ ਲੱਗ ਪਈ। ਕਪੂਰਥਲੇ ਦੇ ਦੇਸੀ ਹਾਕਮਾਂ ਨੂੰ ਵੀ ਗ਼ਦਰੀਆਂ ਦੇ ਕਪੂਰਥਲੇ ਦੀਆਂ ਫੌਜੀ ਬੈਰਕਾਂ ਵਿੱਚ ਆਉਣ ਦੀ ਸੂਹ ਮਿਲ ਗਈ ਸੀ। ਦਰਅਸਲ, ਵੱਲਾ ਪੁਲ ਘਟਨਾਕ੍ਰਮ ਨੇ ਸਰਕਾਰ ਨੂੰ ਬੌਂਦਲਾ ਦਿੱਤਾ ਸੀ। ਸਰਕਾਰ ਅੰਗਰੇਜ਼ੀ ਅਤੇ ਰਿਆਸਤੀ ਹਕੂਮਤ ਨੇ ਖੁਰਾ-ਖੋਜ ਨੱਪਣ ਲਈ ਸੂਹੀਏ ਅਤੇ ਖੋਜੀ ਲਗਾ ਦਿੱਤੇ। ਸਰਕਾਰ ਨੂੰ ਤਾਂ ਥਾਹ ਨਾ ਮਿਲੀ, ਪਰ ਸ਼ਿਕਾਰ ਨੂੰ ਨਿਕਲੇ, ਪੁਲਸੀਆਂ, ਸਫੈਦਪੋਸ਼ਾਂ ਅਤੇ ਕੁਰਸੀਨਸ਼ੀਨਾਂ ਨਾਲ ਸੁਰ ਸਾਂਝੀ ਰੱਖਦੇ ਸ਼ਿਕਾਰੀਆਂ ਨੇ ਅਚਨਚੇਤ ਪੈੜ ਨੱਪ ਲਈ। ਹੋਇਆ ਇਉਂ ਕਿ ਉਹਨੀਂ ਕਿਸੀ ਉਜਾੜ-ਬੀਆਬਾਨ ਦੀ ਸਿੱਲੀ ਜ਼ਮੀਂ ਵਿੱਚ ਬੀਤੇ ਦਿਨਾਂ ਦੀਆਂ ਬਹੁਤ ਸਾਰੀਆਂ ਮਨੁੱਖੀ ਪੈਰਾਂ ਦੇ ਨਿਸ਼ਾਨ ਵੇਖ-ਵਾਚ ਲਏ।

ਸੱਤ ਇਨਕਲਾਬੀਆਂ ਦੇ ਨੱਪੇ ਖੁਰੇ ਨੇ ਇਹਨਾਂ ਸ਼ਿਕਾਰੀਆਂ ਤੇ ਸਰਕਾਰੀ ਸੂਹੀਆਂ ਨੂੰ ਕਰਤਾਰਪੁਰ ਨੂੰ ਤੋਰ ਲਿਆ, ਉਥੋਂ ਤਿੰਨਾਂ ਦੇ ਨੇ ਜਲੰਧਰ ਛਾਉਣੀ ਵੱਲ ਨੂੰ ਅਤੇ ਚਹੁੰ ਦੇ ਨੇ ਕਾਲੇ ਸੰਘਿਆਂ ਨੂੰ। ਪੁਲਸ ਕਾਲੇ ਸੰਘਿਆਂ ਵੱਲ ਦੀਆਂ ਪੈੜਾਂ ਨੱਪਦੀ ਚਿੱਟੀ ਪਿੰਡ ਦੇ ਇੱਕ ਡੇਰੇ ਜਾ ਪੁੱਜੀ, ਜਿੱਥੋਂ ਭੁੱਲ-ਭੁਲੇਖੇ ਚਾਰੇ ਗ਼ਦਰੀ ਫੜੇ ਗਏ : ਭਾਈ ਵੀਰ ਸਿੰਘ ਬਾਹੋਵਾਲ (ਮਾਹਿਲਪੁਰ) ਉਸ ਵਕਤ ਖੂਹੇ ਇਸ਼ਨਾਨ ਕਰ ਰਹੇ ਸਨ, ਬਾਕੀ ਭਾਈ ਕਪੂਰ ਸਿੰਘ ਕਾਉਂਕੇ, ਅਰਜਨ ਸਿੰਘ ਸਹਿਜਭਾਈ ਅਤੇ ਬੂਟਾ ਸਿੰਘ ਅਕਾਲਗੜ੍ਹ ਬੇਹੱਦ ਥੱਕਿਓਂ-ਟੁਟਿਓਂ ਡੇਰੇ ’ਚ ਊਂਘਦੇ ਅਚਿੰਤੇ ਫੜੇ ਗਏ।

ਵੱਲੇ ਪੁਲ ਸਾਕੇ ਦੇ ਫੜੇ ਗਏ ਸਾਰੇ ਗ਼ਦਰੀਆਂ ਸਮੇਤ ਵੱਖ-ਵੱਖ ਸਮੇਂ ਜਾਂ ਵੱਖ-ਵੱਖ ਕਾਰਨੀਂ ਗ੍ਰਿਫਤਾਰ ਕੀਤੇ ਗਏ ਗ਼ਦਰੀਆਂ, ਕੁੱਲ 120, ਉੱਤੇ ਦੂਸਰਾ ਲਾਹੌਰ ਕੇਸ (ਪਹਿਲਾ ਸਪਲੀਮੈਂਟਰੀ) ਚਲਾਇਆ ਗਿਆ। ਹੋਣਾ ਕੀ ਸੀ, ਉਹੀ ਹੋਇਆ, ਜੋ ਸਾਮਰਾਜ ਅਤੇ ਹਾਕਮ ਜਮਾਤਾਂ ਦੇਸ਼ ਭਗਤਾਂ ਤੇ ਇਨਕਲਾਬੀਆਂ ਨਾਲ ਕਰਦੀਆਂ ਹਨ। ਕਈਆਂ ਨੂੰ ਫਾਂਸੀ, ਬਹੁਤਿਆਂ ਨੂੰ ਉਮਰ ਕੈਦ, ਜਲਾਵਤਨੀ, ਕੈਦ ਤਨਹਾਈ ਅਤੇ ਤਮਾਮ ਜਾਇਦਾਦ ਜ਼ਬਤ। ਵੱਲਾ ਪੁਲ ਸਾਕੇ ਵਾਲਿਆਂ ਨਾਲ ਵੀ ਇਹੀ ਵਾਪਰਿਆ, ਤਾਅ ਯੋਧਿਆਂ ਦੇ ਗਲ ਫੰਧਾ ਜਦ ਤੱਕ ਸਾਹ ਨਾ ਨਿਕਲ ਜਾਵੇ। ਹੈਰਤਅੰਗੇਜ਼ ਵੱਲਾ ਪੁਲ, ਗੁਰੀਲਾ ਐਕਸ਼ਨ ਵਾਲੇ ਭਾਵੇਂ, ਆਹਲਾ ਵਤਨ ਖਾਤਰ, ਸਮੇਂ ਤੋਂ ਕਿਤੇ ਪਹਿਲਾਂ ਦੁਨੀਆ ਤੋਂ ਰੁਖਸਤ ਹੋ ਗਏ, ਪਰ ਉਹਨਾਂ ਦਾ ਬੇਜੋੜ ਅਤੇ ਮਾਣਮੱਤਾ ਕੁਰਬਾਨੀ ਯੁਕਤ ਕਾਰਨਾਮਾ ਰਹਿੰਦੀ ਦੁਨੀਆ ਤੱਕ ਜ਼ਿੰਦਾ ਰਹੇਗਾ।

—ਮੋਬਾ. 94634-39075

*ਗਦਰੀ ਬਾਬਿਆਂ ਦੇ ਮੇਲੇ ’ਤੇ*

## ਮੈਂ ਤੇ ਬਾਬਾ

ਹੇ ਪਾਤਸ਼ਾਹ ਨੌਵੇਂ ਨਾਨਕ,
ਇਹ ਕੀ ਸੁੱਝੀ ਆਣ ਅਚਾਨਕ ?
ਜਿਸ ਜੰਜੂ ਨੂੰ ਸੀ ਠੁਕਰਾਇਆ,
ਉਸ ਲਈ ਜੀਵਨ ਦਾਅ ’ਤੇ ਲਾਇਆ !
ਮੈਨੂੰ ਲੱਗਾ ਬਾਬਾ ਜੀਕਣ
ਸੁਣ ਕੇ ਮੰਦ-ਮੰਦ ਮੁਸਕਾਇਆ
ਮੈਂ ਕੀ ਕੀਤਾ ? ਕਿਸ ਲਈ ਕੀਤਾ ?
ਕਿਉਂ ਨ ਤੇਰੀ ਸਮਝ ’ਚ ਆਇਆ ?
ਧਰਮ ਅਕੀਦਤ ਨਿੱਜੀ ਮਸਲਾ
ਇਸ ਲਈ ਕਿਉਂਕਰ ਸ਼ੋਰ ਮਚਾਇਆ ?
ਇਸ ਆਜ਼ਾਦੀ ਖ਼ਾਤਰ ਹੀ ਮੈਂ
ਹਰ ਵੇਲੇ ਹੀ ਧਰਮ ਕਮਾਇਆ ।

ਵੱਡੇ ਬਾਬੇ ਸੱਚ ਕਿਹਾ ਸੀ
ਅਸੀਂ ਨਾ ਚਿੰਨ੍ਹ ਭੇਖ ਦੇ ਹਾਮੀ
ਮੈਂ ਉਸ ਤੋਂ ਕਿਉਂ ਪਾਸੇ ਜਾਂਦਾ
ਮੈਂ ਇਹ ਕਰਦਾ ਕਿੰਝ ਖ਼ੁਨਾਮੀ ?

ਸੁਣ ਕੇ ਲੱਗਾ
ਮੈਂ ਮੂਰਖ ਨੇ ਕਿਉਂ ਸੂਰਜ ’ਤੇ ਪ੍ਰਸ਼ਨ ਉਠਾਇਆ ?
ਸੱਚ ਸਮੁੰਦਰ ਨੂਰ ਨਦੀ ਉਹ
ਮੈਂ ਨਿਗੂਣਾ ਧੁੰਦਲਾ ਸਾਇਆ,
ਅੰਧਲਾ ਨੀਵਾਂ ਜੁਗਨੂੰ ਤੋਂ ਹੀਣਾ
ਸੱਚ ਸੂਰਜ ਨੂੰ ਸਮਝ ਨਾ ਪਾਇਆ ।

ਪਿਆਰ ਅਤੇ ਉਪਕਾਰ ਦੀ ਥਾਵੇਂ
ਹਾਕਮ ਦਾ ਸੀ ਧਰਮ ਸਿਆਸਤ
ਇਸੇ ਲਈ ਉਹ ਧਰਮ ਦੇ ਓਹਲੇ
ਦੀਨ-ਦੁਖੀ ਲਈ ਬਣਿਆ ਹੈ ਆਫਤ,
ਬਾਬੇ ਜ਼ੁਲਮ ਦੀ ਅਗਨੀ ਸਹਿ ਕੇ
ਮਾਨਵਤਾ ਦਾ ਪਿਆਰ ਕਮਾਇਆ,
ਉਪਕਾਰ ਲਈ ਪਰਵਾਰ ਵਾਰ ਕੇ
ਦੀਨ-ਦੁਖੀ ਨੂੰ ਸੀਨੇ ਲਾਇਆ।

ਮੈਂ ਸ਼ਰਮਿੰਦਾ ਹੀਣਾ ਬਾਬਾ
ਔਰੰਗਜ਼ੇਬ ਤੋਂ ਹਾਂ ਘਬਰਾਇਆ
ਧਰਮ ਚੋਣ ’ਤੇ ਰੋਕਾਂ ਲਾਵੇ
ਹਾਕਮ ਨੇ ਉਂਜ ਭੇਸ ਵਟਾਇਆ
ਓਹੀ ਦਹਿਸ਼ਤ ਓਹੀ ਵਹਿਸ਼ਤ
ਓਹੀ ਮੀਰ ਮੰਨੂੰ ਦਾ ਸਾਇਆ
ਪਰ ਤੇਰੇ ਮੱਠ ਮਸੰਦਾਂ ਨੇ ਨਹੀਂ
ਅੱਜ ਦੁਖੀਆਂ ਦਾ ਦਰਦ ਵੰਡਾਇਆ।

ਹੇ ਪਾਤਸ਼ਾਹ ਨੌਵੇਂ ਨਾਨਕ
ਮੇਰੇ ਸਤਿਗੁਰੂ ਤੇਗ ਬਹਾਦਰ
ਧਰਮ ਅਮਨ ਦੀ ਅਸਮਤ ਖਾਤਰ,
ਦੀਨ ਦੁਖੀ ਦੀ ਬਣ ਫਿਰ ਚਾਦਰ
ਜਾਂ ਫਿਰ ਮੱਠ ਮਸੰਦਾਂ ਦੀ ਥਾਂ
ਲੱਭ ਕੋਈ ਮਾਧੋ ਦਾਸ ਬੈਰਾਗੀ,
ਮਜ਼ਲੂਮਾਂ ਦੀ ਰੱਖਿਆ ਲਈ ਬੰਦਾ
ਵੈਰਾਗੀ ਤੋਂ ਬਣੇ ਬਹਾਦਰ

ਹੇ ਪਾਤਸ਼ਾਹ ਨੌਵੇਂ ਨਾਨਕ
ਮੇਰੇ ਸਤਿਗੁਰੂ ਤੇਗ ਬਹਾਦਰ,
ਧਰਮ ਅਮਨ ਦੀ ਅਸਮਤ ਖਾਤਰ
ਦੀਨ ਦੁਖੀ ਦੀ ਬਣ ਫਿਰ ਚਾਦਰ,
ਦੀਨ ਦੁਖੀ ਦੀ ਬਣ ਫਿਰ ਚਾਦਰ।

— ਗੋਪਾਲ ਸਿੰਘ ਬੁੱਟਰ (ਡਾ.)

## ਤਰਨ ਤਾਰਨ ਹਲਕੇ ਵਿੱਚ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਡੋਰ ਟੂ ਡੋਰ ਪ੍ਰਚਾਰ

**ਤਰਨ ਤਾਰਨ (ਪ੍ਰਿਤਪਾਲ ਸਿੰਘ)**— ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਮੁਹਿੰਮ ਅਧੀਨ ਆਮ ਆਦਮੀ ਪਾਰਟੀ (ਆਪ) ਵਲੋਂ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਡੋਰ ਟੂ ਡੋਰ ਚੋਣ ਪ੍ਰਚਾਰ ਜ਼ੋਰਾਂ ’ਤੇ ਜਾਰੀ ਹੈ। ਵਾਰਡ ਨੰਬਰ 1 ਵਿੱਚ ਮੈਡਮ ਅਮਨਦੀਪ ਕੌਰ ਅਰੋੜਾ ਐਮ ਐਲ ਏ ਮੋਗਾ, ਜਪਨਾਮ ਕੌਰ, ਅਤੇ ਹਲਕਾ ਸਗੰਠਨ ਇੰਚਾਰਜ ਰੁਪਿੰਦਰ ਕੌਰ ਸੰਧੂ ਵਲੋਂ ਚੋਣ ਪ੍ਰਚਾਰ ਕੀਤਾ ਗਿਆ, ਜਿਸ ਦੌਰਾਨ ਵੋਟਰਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਵੱਖ-ਵੱਖ ਸਹੂਲਤਾਂ ਬਾਰੇ ਜਾਣੂ ਕਰਾਇਆ ਗਿਆ।ਮੈਡਮ ਅਮਨਦੀਪ ਕੌਰ ਅਰੋੜਾ ਨੇ ਫੇਸਲੈੱਸ ਆਰ ਟੀ ਓ ਸੇਵਾਵਾਂ ਦੀ ਸ਼ੁਰੂਆਤ ਨੂੰ ਇੱਕ ਇਤਿਹਾਸਕ ਅਤੇ ਇਨਕਲਾਬੀ ਕਦਮ ਕਰਾਰ ਦਿੰਦਿਆਂ ਕਿਹਾ ਕਿ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੁਧਿਆਣਾ ਵਿਖੇ ਆਰ ਟੀ ਓ ਦਫ਼ਤਰ ਨੂੰ ਸੰਕੇਤਕ ਤੌਰ ’ਤੇ ਤਾਲਾ ਲਾ ਕੇ ਭ੍ਰਿਸ਼ਟਾਚਾਰ, ਪ੍ਰੇਸ਼ਾਨੀਆਂ ਅਤੇ ਵਿਚੋਲੀਆ ਸਿਸਟਮ ਦੇ ਖਾਤਮੇ ਦਾ ਐਲਾਨ ਕੀਤਾ ਹੈ।ਉਨ੍ਹਾਂ ਕਿਹਾ ਕਿ ਹੁਣ ਸਿਰਫ਼ 1076 ਨੰਬਰ ਡਾਇਲ ਕਰਨ ’ਤੇ ਸਰਕਾਰੀ ਕਰਮਚਾਰੀ ਖੁਦ ਲੋਕਾਂ ਦੇ ਘਰ ਆ ਕੇ ਕੰਮ ਕਰਨਗੇ। ਟਰਾਂਸਪੋਰਟ ਵਿਭਾਗ ਨਾਲ ਸਬੰਧਤ 56 ਪ੍ਰਮੁੱਖ ਸੇਵਾਵਾਂ ਨੂੰ ਪੂਰੀ ਤਰ੍ਹਾਂ ਫੇਸਲੈੱਸ ਕਰ ਦਿੱਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਅਸਲੀ ਆਜ਼ਾਦੀ ਮਿਲੀ ਹੈ। ਉਨ੍ਹਾਂ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਹਾਡੀ ਵੋਟ ਹਰਮੀਤ ਸਿੰਘ ਸੰਧੂ ਨੂੰ ਹੋਰ ਤਾਕਤ ਦੇਵੇਗੀ ਤੇ ਤਰਨਤਾਰਨ ਦੇ ਵਿਕਾਸ ਦੀ ਗਤੀ ਦੁੱਗਣੀ ਹੋ ਜਾਵੇਗੀ। ਇਸ ਮੌਕੇ ਬਲਾਕ ਪ੍ਰਧਾਨ ਗੁਰਜੀਤ ਕੌਰ, ਗੁਰਪ੍ਰੀਤ ਕੌਰ, ਰਣਜੀਤ ਸਿੰਘ, ਮਨਪ੍ਰੀਤ ਸਿੰਘ ਸੰਧੂ, ਬਲਜੀਤ ਕੌਰ, ਨਿੰਦਰਪਾਲ ਕੌਰ, ਸਰਬਜੀਤ ਕੌਰ ਅਤੇ ਹੋਰ ਪਾਰਟੀ ਮੈਂਬਰ ਵੀ ਮੌਜੂਦ ਸਨ।



## ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਵਿਖੇ ਨੁੱਕੜ ਨਾਟਕ ਦੀ ਪੇਸ਼ਕਾਰੀ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਦਸ਼ਮੇਸ਼ ਪਬਲਿਕ ਸੀਨੀ.ਸੈਕੰ.ਸਕੂਲ ਅਤੇ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ ਸਵੇਰ ਦੀ ਅਸੈਂਬਲੀ ਵਿੱਚ ‘ਨਵ ਚਿੰਤਨ ਕਲਾ ਮੰਚ ’ ਬਿਆਸ ਦੀ ਟੀਮ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ‘ਹਿੰਦ ਦੀ ਚਾਦਰ ’ ਦੀ 350ਵੀਂ ਸ਼ਤਾਬਦੀ ਨੂੰ ਸਮਰਪਿਤ ਨੁੱਕੜ ਨਾਟਕ ‘ ਸਾਚਾ ਗੁਰ ਲਾਧੋ ਰੇ’ ਪੇਸ਼ ਕੀਤਾ । ਇਸ ਮੌਕੇ ਸੰਸਥਾ ਦੇ ਚੇਅਰਮੈਨ ਸ.ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿਵੇਂ ਨੌਵੇ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਗਰੀਬ ਮਜਲੂਮਾਂ ਦੇ ਹੱਕਾਂ ਦੀ ਰਾਖੀ ਕੀਤੀ ਅਤੇ ਸੱਚ ਦੀ ਖਾਤਿਰ ਕੁਰਬਾਨ ਹੋਣ ਦਾ ਰਾਹ ਦਿਖਾਇਆ ।ਉਹਨਾਂ ਨੇ ਬੱਚਿਆਂ ਨੂੰ ਗੁਰੂ ਜੀ ਦੀਆਂ ਦਿੱਤੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਲਈ ਕਿਹਾ ।ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸ.ਹਰਸ਼ਦੀਪ ਸਿੰਘ ਰੰਧਾਵਾ ਨੇ ਨਵ ਚਿੰਤਨ ਨਾਟਕ ਸਮੁੱਚੀ ਟੀਮ ਨੂੰ ਸਨਮਾਨ ਚਿੰਨ ਦੇ ਕੇ ਧੰਨਵਾਦ ਕੀਤਾ ।ਕੋਆਰਡੀਨੇਟਰ ਮੈ.ਰਵਿੰਦਰ ਕੌਰ ਨੇ ਨਾਟਕ ਕਲਾ ਮੰਚ ਦੇ ਕਲਾਕਾਰਾਂ ਨੂੰ ਸਕੂਲ ਪਹੁੰਚਣ ’ਤੇ ਜੀ ਆਇਆਂ ਆਖਿਆ ।ਇਸ ਮੌਕੇ ਸ.ਮਨਪ੍ਰੀਤ ਸਿੰਘ ਟੱਕਰ , ਹਰਪ੍ਰੀਤ ਕੌਰ ,ਸੰਦੀਪ ਕੌਰ , ਅੰਮ੍ਰਿਤਪਾਲ ਸਿੰਘ , ਸੁਧਾ ਸ਼ਰਮਾਂ , ਅਨੁਦੀਪ ਕੌਰ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਦੋ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਕਲਾਨੌਰ ਦੇ ਏ.ਐਸ.ਆਈ. ਚੈਚਲ ਸਿੰਘ ਨੇ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਟੀ. ਪੁਆਇੰਟ ਬਾਵਾ ਲਾਲ ਦਿਆਲ ਮੰਦਰ ਕਲਾਨੌਰ ਕੋਲ ਕੋਟਲੀ ਸੂਰਤ ਮੱਲੀ ਪਾਸੇ ਇਕ ਮੋਨਾ ਨੌਜਵਾਨ ਡਰੇਨ ਦੇ ਕਿਨਾਰੇ ਝਾੜੀਆਂ ਵਿਚ ਬੈਠ ਕੇ ਖੱਬੇ ਹੱਥ ਵਿਚ ਸਿਲਵਰ ਪੇਪਰ ਦੀ ਪੰਨੀ ਉਪਰ ਹੈਰੋਇੰਨ ਪਾ ਕੇ ਲਾਈਟਰ ਨਾਲ ਅੱਗ ਬਾਲ ਕੇ ਧੂਆਂ ਖਿੱਚ ਰਿਹਾ ਸੀ, ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਸੁਨੀਲ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਮੁਹੱਲਾ ਜੈਲਦਾਰਾ ਕਲਾਨੌਰ ਦੱਸਿਆ। ਉਕਤ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਏ.ਐਸ.ਆਈ. ਤੀਰਥ ਰਾਮ ਨੇ ਸਮੇਤ ਪੁਲਿਸ ਪਾਰਟੀ ਰਾਧਾ ਸੁਆਮੀ ਡੇਰੇ ਨਜਦੀਕ ਭੈਣੀ ਮੀਆਂ ਖਾਂ ਪੁੱਜੀ ਤਾਂ ਇਕ ਨੌਜਵਾਨ ਵਿਅਕਤੀ ਇਕ ਕੈਨ ਪਲਾਸਟਿਕ ਲਾਗੇ ਬੈਠਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਇਕ ਦਮ ਦੌੜਨ ਲੱਗਾ, ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਹਰਦੇਵ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਨਾਨੋਵਾਲ ਜੀਦਰ ਦੱਸਿਆ ਜਿਸ ਦੇ ਕਬਜੇ ਵਿੱਚੋਂ 24 ਹਜ਼ਾਰ ਐਮ.ਐਲ. ਨਜਾਇਜ ਸ਼ਰਾਬ ਬਰਾਮਦ ਕਰਕੇ ਉਸ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਦਿੱਤੀ ਹੈ।

## ਪਿੰਡ ਚਾਵਾ ਦੇ ਗੁਰਦੁਆਰਾ ਸਾਹਿਬ ਸਤਿਕਰਤਾਰ ’ਚ ਪ੍ਰਭਾਤ ਫੇਰੀਆਂ ਅਰੰਭ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ ’ਤੇ ਪੈਂਦੇ ਪਿੰਡ ਚਾਵਾ ਦੇ ਗੁਰਦੁਆਰਾ ਸਾਹਿਬ ਸਤਿਕਰਤਾਰ ਤੋਂ 25 ਅਕਤੂਬਰ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਅਰੰਭ ਹਨ ਅਤੇ ਇਹ ਕਾਰਜ 2 ਨਵੰਬਰ ਤੱਕ ਨਿਰੰਤਰ ਜਾਰੀ ਰਹੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੂਰਤ ਸਿੰਘ ਲੁਬਾਣਾ, ਸੈਕਟਰੀ ਸਰਵਨ ਸਿੰਘ ਲੁਬਾਣਾ, ਉਪ ਪ੍ਰਧਾਨ ਲਖਵਿੰਦਰ ਸਿੰਘ ਲੁਬਾਣਾ, ਕਰਨੈਲ ਸਿੰਘ ਲੁਬਾਣਾ ਸੇਵਾਦਾਰ, ਹੈਡ ਗ੍ਰੰਥੀ ਬਲਦੇਵ ਸਿੰਘ ਲੁਬਾਣਾ, ਮੈਂਬਰ ਸਤਪਾਲ, ਸੇਵਾਦਾਰ ਮਨਜੀਤ ਕੌਰ, ਸੇਵਦਾਰ ਰਾਜ ਕੌਰ ਨੇ ਸਾਂਝੇ ਤੌਰ ’ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਤੇ ਗੁਰਦੁਆਰਾ ਕਮੇਟੀ ਤੋਂ ਇਲਾਵਾ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਆਧੁਨਿਕ ਇਮਾਰਤ ਦੀ ਉਸਾਰੀ ਕਰਵਾ ਦਿੱਤੀ ਹੈ ਜਿਸ ਵਿਚ ਗੁਰੂਆਂ ਦੇ ਦਿਨ ਦਿਹਾੜੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ । ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਲੈ ਕੇ ਕਮੇਟੀ ਵਿਚ ਭਾਰੀ ਉਤਸ਼ਾਹ ਹੈ ਅਤੇ 3 ਨਵੰਬਰ ਨੂੰ ਪਾਠ ਅਰੰਭ ਕੀਤੇ ਜਾਣਗੇ ਅਤੇ ਜਿਨ੍ਹਾਂ ਦੇ ਭੋਗ 5 ਨਵੰਬਰ ਨੂੰ ਸਵੇਰੇ 10 ਵਜੇ ਪਾਏ ਜਾਣਗੇ, ਉਸ ਉਪਰੰਤ ਭਾਰੀ ਦੀਵਾਨ ਵੀ ਸਜਾਏ ਜਾਣਗੇ ਤੇ ਬਾਅਦ ਵਿਚ ਕਥਾ ਕੀਰਤਨ ਹੋਵੇਗਾ ਤੇ ਫ਼ਿਰ ਸੰਗਤਾਂ ਵਿਚ ਖੁੱਲ੍ਹੇ ਲੰਗਰ ਵਰਤਾਏ ਜਾਣਗੇ।



## ਮੌਂਟੇਸਰੀ ਕੈਂਬ੍ਰਿਜ ਸਕੂਲ ਪਠਾਨਕੋਟ ਵੱਲੋਂ ਮਾਨਸਿਕ ਸਿਹਤ ਸੈਮੀਨਾਰ



**ਪਠਾਨਕੋਟ (ਦਵਿੰਦਰ ਸਿੰਘ)**- ਮੌਂਟੇਸਰੀ ਕੈਂਬ੍ਰਿਜ ਸਕੂਲ ਪਠਾਨਕੋਟ ਨੇ ਪੀ.ਐਮ. ਰਾਜਕੀਯ ਸੀਨੀਅਰ ਸੈਕੰਡਰੀ ਸਕੂਲ ਮਨਵਾਲ ਬਾਗ ਦੇ ਸਹਿਯੋਗ ਨਾਲ ਵਿਦਿਆਰਥੀਆਂ ਵਿੱਚ ਸਿੱਖਣ, ਪਰਸਪਰ ਸੰਚਾਰ ਅਤੇ ਸੱਭਿਆਚਾਰਕ ਅਦਾਨ ਪ੍ਰਦਾਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇਕ ਵਿਦਿਆਰਥੀ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ। ਸਕੂਲ ਦੇ ਪ੍ਰਿੰਸੀਪਲ, ਸਟਾਫ ਅਤੇ ਵਿਦਿਆਰਥੀਆਂ ਨੇ ਮਹਿਮਾਨ ਵਿਦਿਆਰਥੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਪ੍ਰੋਗਰਾਮ ਵਿੱਚ ਸਕੂਲ ਦੇ ਢਾਂਚੇ ਦਾ ਦੌਰਾ ਵੀ ਸ਼ਾਮਲ ਸੀ, ਜਿੱਥੇ ਮਹਿਮਾਨਾਂ ਨੇ ਸਕੂਲ ਦੀਆਂ ਆਧੁਨਿਕ ਸਹੂਲਤਾਂ, ਸੁਸਜਿਤ ਪ੍ਰਯੋਗਸ਼ਾਲਾਵਾਂ ਅਤੇ ਇੰਟਰਐਕਟਿਵ ਸਿੱਖਣ ਵਾਲੀਆਂ ਥਾਵਾਂ ਦਾ ਨਿਰੀਖਣ ਕੀਤਾ। ਦੋਵਾਂ ਸਕੂਲਾਂ ਵਿਚਕਾਰ ਦੋਸਤੀ ਪੂਰਣ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਸ਼ਾਨਦਾਰ ਦੁਪਹਿਰ ਦੇ ਭੋਜਨ ਦਾ ਪ੍ਰਬੰਧ ਕੀਤਾ ਗਿਆ। ਸਕੂਲ ਨੇ ਮਾਨਸਿਕ ਸਿਹਤ ਸੈਮੀਨਾਰ ਦਾ ਵੀ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੂੰ ਭਾਵਨਾਤਮਕ ਸਿਹਤ, ਤਣਾਅ ਪ੍ਰਬੰਧਨ ਅਤੇ ਸਿੱਖਿਆ ਤੇ ਰੋਜ਼ਾਨਾ ਜੀਵਨ ਵਿੱਚ ਸਕਾਰਾਤਮਕ ਸੋਚ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ। ਚੇਅਰਮੈਨ ਵਿਨੋਦ ਮਹਾਜਨ, ਵਾਈਸ ਚੇਅਰਮੈਨ ਆਕਾਸ਼ ਮਹਾਜਨ ਅਤੇ ਪ੍ਰਿੰਸੀਪਲ ਰਸ਼ਮੀ ਅਹਲੂਵਾਲੀਆ ਨੇ ਇਸ ਪਹਿਲ ਦੀ ਪ੍ਰਸ਼ੰਸਾ ਕੀਤੀ ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀ ਕਨਵੈਨਸ਼ਨ

**ਪੱਟੀ (ਬਲਦੇਵ ਸਿੰਘ ਸੰਧੂ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ: 295 ਦੀ ਲੀਡਰਸ਼ਿਪ ਵੱਲੋਂ ਲਏ ਗਏ ਫੈਸਲੇ ਤਹਿਤ ਸਥਾਨਕ ਐਨ. ਕੇ ਪੰਨੂੰ ਪੈਲੇਸ ਗੋਇੰਦਵਾਲ ਬਾਈਪਾਸ ਤਰਨਤਾਰਨ ਵਿਖੇ ਜ਼ਿਲ੍ਹਾ ਇਕਾਈ ਤਰਨਤਾਰਨ ਵੱਲੋਂ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਅਤੇ ਜ਼ਿਲ੍ਹਾ ਪ੍ਰਧਾਨ ਡਾ. ਨਛੱਤਰ ਸਿੰਘ ਚੀਮਾ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਜੱਥੇਬੰਦਕ ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ। ਕਨਵੈਨਸ਼ਨ ਦੀ ਸ਼ੁਰੂਆਤ ਸੂਬਾਈ ਆਗੂਆਂ ਅਤੇ ਭਰਾਤਰੀ ਜੱਥੇਬੰਦੀਆਂ ਦੇ ਨੇਤਾਵਾਂ ਨੇ ਆਕਾਸ਼ ਗਜਾਊਂ ਨਾਹਰਿਆਂ ਨਾਲ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਨਾਲ ਕੀਤੀ ਅਤੇ ਉਪਰੰਤ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਚੇਅਰਮੈਨ ਐਚ.ਐਸ. ਰਾਣੂ ਅਤੇ ਕੈਸ਼ੀਅਰ ਡਾ.ਰਾਕੇਸ਼ ਮਹਿਤਾ ਨੇ ਕਿਹਾ ਕਿ ਭਾਵੇਂ ਭਾਰਤ ’ਚ ਤਜਰਬੇ ਦੇ ਆਧਾਰ ’ਤੇ 1963 ਤੋਂ ਬਾਅਦ ਮੈਡੀਕਲ ਪ੍ਰੈਕਟੀਸ਼ਨਰਜ਼ ਲਈ ਰਜਿਸਟ੍ਰੇਸ਼ਨ ਕਰਨੀ ਬੰਦ ਕਰ ਦਿੱਤੀ ਸੀ ਪ੍ਰੰਤੂ ਵੱਖ ਵੱਖ ਸਮਿਆਂ ਦੌਰਾਨ ਹੋਂਦ ’ਚ ਆਈਆਂ ਕਮੇਟੀਆਂ ਵੱਲੋਂ ਸਿਹਤ ਸੇਵਾਵਾਂ ਨੂੰ ਲੈ ਕੇ ਹੇਠਲੇ ਪੱਧਰ ’ਤੇ ਝੁੱਗੀਆਂ ਝੌਂਪੜੀਆਂ ,ਗਰੀਬ ਬਸਤੀਆਂ ਅਤੇ ਪਿੰਡਾਂ ਵਿੱਚ ਵਸਦੇ ਗਰੀਬ ਲੋਕਾਂ ਤੱਕ ਸਰਕਾਰੀ ਸਿਹਤ ਸਹੂਲਤਾਂ ਪਹੁੰਚਾਉਣ ਲਈ ਹੇਠਲੇ ਪੱਧਰ ’ਤੇ ਪ੍ਰਾਇਮਰੀ ਹੈਲਥ ਵਰਕਰ ਪੈਦਾ ਕਰਨ ਲਈ ਟ੍ਰੇਨਿੰਗ ਦੇਣ ਦੇ ਪ੍ਰਸਤਾਵ ਪੇਸ਼ ਕੀਤੇ ਗਏ। 1983 ਦੀ ਹੈਲਥ ਪਾਲਿਸੀ ਮੁਤਾਬਿਕ ਸਵੈ ਇੱਛਕ ਸੰਸਥਾਵਾਂ ਅਤੇ ਉਦਮੀ ਨੌਜਵਾਨਾਂ ਨੂੰ ਟ੍ਰੇਨਿੰਗ ਦੇ ਕੇ ਹੇਠਲੇ ਪੱਧਰ ’ਤੇ ਸਭਨਾਂ ਨੂੰ ਸਿਹਤ ਸੇਵਾਵਾਂ ਦੇਣ ਦੀਆਂ ਸਖ਼ਤ ਹਦਾਇਤਾਂ ਵੀ ਜਾਰੀ ਕੀਤੀਆਂ ਸਨ, ਪ੍ਰੰਤੂ ਇਹ ਹਦਾਇਤਾਂ ਵੀ ਸਿਰਫ਼ ਕਾਗਜ਼ਾਂ ਦਾ ਸ਼ਿੰਗਾਰ ਹੀ ਬਣਕੇ ਹੀ ਰਹਿ ਗਈਆਂ ਅਤੇ ਅਮਲੀ ਰੂਪ ਧਾਰਨ ਨਹੀਂ ਕਰ ਸਕੀਆਂ।ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਜਨਤਕ ਹਿੱਤਾਂ ਲਈ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਕੁੱਝ ਸਮੇਂ ਲਈ ਟ੍ਰੇਨਿੰਗ ਦੇ ਕੇ ਪ੍ਰਾਇਮਰੀ ਪੱਧਰ ਦੀਆਂ ਸਿਹਤ ਸੇਵਾਵਾਂ ਦੇਣ ਦਾ ਅਧਿਕਾਰ ਅਤੇ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਮੰਚ ਦੀ ਭੂਮਿਕਾ ਸੂਬਾ ਆਗੂ ਡਾ.ਸੁਖਚੈਨ ਸਿੰਘ ਬੋਪਾਰਾਏ ਅਤੇ ਡਾ.ਗੁਰਪਾਲ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ ।



## 7 ਰੋਜ਼ਾ ਮੇਲਾ ਧੂਮਧਾਮ ਨਾਲ ਸੰਪੰਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਸਰੇ ਕਲੀਅਰ ਸ਼ਰੀਫ਼ ਅਹਿਆਪੁਰ ਵਿਖੇ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲੇ ਦੀ ਅਗਵਾਈ ਵਿਚ ਕਰਵਾਇਆ ਗਿਆ 7 ਰੋਜ਼ਾ ਮੇਲਾ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਸੰਪੰਨ ਹੋਇਆ। ਇਸ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ, ਸਾਬਕਾ ਕੈਬਨਟ ਮੰਤਰੀ ਸੰਗਤ ਸਿੰਘ ਗਿਲਜੀਆਂ, ਸਨਾਤਨ ਧਰਮ ਸਭਾ ਪ੍ਰਧਾਨ ਦੀਪਕ ਬਹਿਲ, ਡਾ. ਕੇਵਲ ਸਿੰਘ ਕਾਜਲ ਪਹੁੰਚੇ। ਵਿਸ਼ੇਸ਼ ਮਹਿਮਾਨ ਵਜੋਂ ਸੋਨੂੰ ਖੰਨਾ, ਹਰੀ ਕ੍ਰਿਸ਼ਨ ਸੈਣੀ, ਕੇਸ਼ਵ ਸੈਣੀ, ਨਿਖਲੇਸ਼ ਜਸਰਾ ਨੈਨੂੰ, ਜਵਾਹਰ ਖੁਰਾਣਾ, ਦੀਪਕ ਭੀਲ, ਸੁਮਨ ਖੋਸਲਾ, ਵਿੱਕੀ ਮਹਿੰਦਰੂ, ਰਾਜਨ ਸੋਧੀ, ਵਿਕਾਸ ਮਰਵਾਹਾ, ਸੇਠ ਰਮ ਸੇਠੀ, ਸੁਖਵਿੰਦਰ ਝਾਵਰ, ਪ੍ਰੇਮ ਪਡਵਾਲ, ਵਿਕਾਸ ਮਦਾਨ, ਗੁਰਸੇਵਕ ਮਾਰਸ਼ਲ, ਆਸ਼ੂ ਵੈਦ, ਡਾ. ਬਲਦੇਵ ਰਾਜ, ਰਾਕੇਸ਼ ਬਿੱਟੂ, ਦਵਿੰਦਰ ਸੈਣੀ, ਪੰਕਜ ਸੱਚਦੇਵਾ, ਕਿਸ਼ਨ ਲਾਲ ਬਿੱਟੂ, ਨਾਮਧਾਰੀ ਗੁਰਮੁਖ ਸਿੰਘ, ਰਵੀ ਡੋਗਰਾ ਨੇ ਬਾਬਾ ਜੀ ਦੇ ਦਰਬਾਰ ਵਿੱਚ ਵਿਸ਼ੇਸ਼ ਤੌਰ ਤੇ ਆਪਣੀ ਹਾਜ਼ਰੀ ਲਗਵਾਈ। ਸਾਬਿਰ ਪਾਕ ਸੱਚੀ ਦਰਗਾਹ ਅਹੀਆਪੁਰ ਵਿਖੇ ਮੇਲੇ ਦੀ ਸ਼ੁਰੂਆਤ ਵਿੱਚ ਢੋਲ ਦੀ ਥਾਪ ਤੇ ਘੋੜੀਆਂ ਦੇ ਡਾਂਸ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਮੇਲੇ ਦੌਰਾਨ ਇੰਟਰਨੈਸ਼ਨਲ ਗਾਇਕ ਜੀ-ਖ਼ਾਨ ਨੇ ‘ਮੇਰੇ ਮੱਥੇ ਤੇ ਲਿਖੇ ਗੁਨਾਹ ਮੇਰੇ’ ਆਦਿ ਗੀਤਾਂ ਰਾਹੀਂ ਬਾਬਾ ਜੀ ਦਾ ਗੁਣਗਾਨ ਕਰਕੇ ਲੋਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਨ੍ਹਾਂ ਤੋਂ ਇਲਾਵਾ ਇੰਟਰਨੈਸ਼ਨਲ ਗਾਇਕ ਗੀਤੀਕਾ ਕੱਕੜ ਜੰਮੂ ਵਾਲੇ ਅਤੇ ਪੰਜਾਬੀ ਕਵਾਲ ਦੀਦਾਰ ਖਾਨ ਜਲੰਧਰ ਵਾਲਿਆਂ ਨੇ ਆਪਣੇ ਗੀਤਾਂ ਰਾਹੀਂ ਬਾਬਾ ਜੀ ਦਾ ਗੁਣਗਾਨ ਕੀਤਾ। ਇਸ ਮੌਕੇ ਤੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਮੇਲੇ ਹਰ ਇਨਸਾਨ ਨੂੰ ਸਤਿਗੁਰੂ ਵੱਲੋਂ ਬਖਸ਼ੇ ਗਏ ਨਾਮ ਸਿਮਰਨ ਦਾ ਜਾਪ ਕਰਦੇ ਹੋਏ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹਨ।ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ। ਮੇਲੇ ਦੌਰਾਨ ਦਿਨ ਰਾਤ ਬਾਬਾ ਜੀ ਦਾ ਅਟੁੱਟ ਲੰਗਰ ਚਲਦਾ ਰਿਹਾ। ਇਸ ਮੌਕੇ ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਸ਼ਹਿਜ਼ਾਦਾ ਡਾ. ਮੀਰਾ ਹਸਨ, ਦੇਵਿਕਾ, ਦੀਪਕ ਮਾਹਲਾ, ਬਲਜੀਤ ਸੈਣੀ, ਸ਼ਰਨਜੀਤ ਸਿੰਘ, ਗੁਰਸ਼ਰਨ ਸਿੰਘ, ਦਿਲਪ੍ਰੀਤ ਸਿੰਘ, ਕਮਲਜੀਤ ਕੌਰ ਅਤੇ ਹੋਰ ਸ਼ਰਧਾਲੂ ਹਾਜ਼ਰ ਸਨ।



## ਟੋਲ ਫਰੀ ਨੰਬਰ 1076 ’ਤੇ ਗੱਲ ਕਰਨ ਲਈ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਆਰ ਟੀ ਓ ਦਫਤਰਾਂ ਦੇ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਲੋਕਾਂ ਦੀਆਂ ਵਾਹਨਾਂ ਸਬੰਧੀ ਮੁਸ਼ਕਲਾਂ ਨੂੰ ਲੈ ਕੇ ਹੁੰਦੀ ਖੱਜਲ ਖੁਆਰੀ ਨੂੰ ਰੋਕਣ ਦੇ ਮਕਸਦ ਦੇ ਨਾਲ ਬੁੱਧਵਾਰ ਨੂੰ ਆਰ ਟੀ ਓ ਦਫਤਰ ਨਾਲ ਸੰਬੰਧਿਤ ਸੇਵਾਵਾਂ ਫੇਸਲੈੱਸ ਕਰਨ ਲਈ ਇੱਕ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਦੇ ਤਹਿਤ ਕੋਈ ਵੀ ਵਿਅਕਤੀ ਆਰ ਟੀ ਓ ਦਫਤਰ ਨਾਲ ਸੰਬੰਧਿਤ ਸੇਵਾਵਾਂ ਲੈਣ ਲਈ 1076 ਨੰਬਰ ’ਤੇ ਫੋਨ ਕਰ ਸਕਦਾ ਹੈ, ਤੋਂ ਬਾਅਦ ਸੁਵਿਧਾ ਕੇਂਦਰ ਦਾ ਕਰਮਚਾਰੀ ਸਬੰਧਤ ਵਿਅਕਤੀ ਦੇ ਘਰ ਆ ਕੇ ਆਰ ਟੀ ਓ ਦਫਤਰ ਨਾਲ ਸੰਬੰਧਿਤ ਤੁਹਾਡੀ ਮੁਸ਼ਕਲ ਨੂੰ ਹੱਲ ਕਰਵਾਉਣ ਦੇ ਲਈ ਤੁਹਾਡੀ ਮਦਦ ਕਰੇਗਾ, ਪਰ ਇਹ ਯੋਜਨਾ ਲਾਗੂ ਹੋਣ ਦੇ ਦੂਸਰੇ ਦਿਨ ਹੀ ਇਸ ਯੋਜਨਾ ’ਤੇ ਕਈ ਤਰ੍ਹਾਂ ਦੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ, ਯੋਜਨਾ ਦਾ ਲਾਭ ਲੈਣ ਲਈ ਜਦੋਂ ਵੀ ਕੋਈ ਵਿਅਕਤੀ ਉਕਤ ਨੰਬਰ ’ਤੇ ਫੋਨ ਕਰਦਾ ਹੈ ਤਾਂ ਕਾਫੀ ਦੇਰ ਤੱਕ ਇਹ ਨੰਬਰ ਰੁਝਿਆ ਆਉਂਦਾ ਹੈ ਜੇਕਰ ਕਿਸਮਤ ਵਸ ਇਹ ਨੰਬਰ ਮਿਲ ਵੀ ਜਾਂਦਾ ਹੈ ਤਾਂ ਕਾਫੀ ਦੇਰ ਤੱਕ ਇਹ ਕਿਹਾ ਜਾਂਦਾ ਹੈ ਸਾਡੇ ਅਧਿਕਾਰੀ ਹੋਰਨਾਂ ਲੋਕਾਂ ਦੀ ਸਹਾਇਤਾ ’ਚ ਰੁਝੇ ਹੋਏ ਹਨ ਇਸ ਲਈ ਤੁਹਾਨੂੰ ਆਪਣੀ ਵਾਰੀ ਦੀ ਉਡੀਕ ਕਰਨੀ ਪਵੇਗੀ। ਕਾਫੀ ਇੰਤਜ਼ਾਰ ਕਰਨ ਤੋਂ ਬਾਅਦ ਜੇਕਰ ਸੰਬੰਧਿਤ ਅਧਿਕਾਰੀ ਦੇ ਨਾਲ ਕੋਈ ਗੱਲ ਵੀ ਹੁੰਦੀ ਹੈ ਤਾਂ ਉਹ ਅੱਧੀ ਅਧੂਰੀ ਜਾਣਕਾਰੀ ਦੇ ਕੇ ਫੋਨ ਕੱਟ ਦਿੰਦਾ ਹੈ ।

## 2027 ਵਿੱਚ ਵੀ ਕਰਨਬੀਰ ਸਿੰਘ ਬੁਰਜ ਹੀ ਹੋਣਗੇ ਉਮੀਦਵਾਰ : ਬਾਜਵਾ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਾਂਗਰਸ ਪਾਰਟੀ ਦੇ ਵੱਡੇ ਆਗੂ ਸ੍ਰ: ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਕਾਂਗਰਸੀ ਆਗੂਆਂ ਦਾ ਭਲੇਖਾ ਕੱਢਦਿਆਂ ਕਿਹਾ ਕਿ 2027 ਵਿੱਚ ਵੀ ਕਰਨਬੀਰ ਸਿੰਘ ਬੁਰਜ ਹੀ ਹਲਕਾ ਤਰਨਤਾਰਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜਨਗੇ। ਸ੍ਰ: ਪ੍ਰਤਾਪ ਸਿੰਘ ਬਾਜਵਾ ਤਰਨਤਾਰਨ ਕਾਜ਼ੀ ਕੋਟ ਵਿਖੇ ਇੱਕ ਚੋਣ ਜਲਸੇ ਨੂੰ ਸੰਬੋਧਨ ਕਰ ਰਹੇ ਸਨ।ਉਨਾਂ ਕਿਹਾ ਕਿ ਇਸ ਮੌਕੇ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਜ਼ਿਮਨੀ ਚੋਣ ਲੜ ਰਿਹਾ ਕਾਂਗਰਸ ਪਾਰਟੀ ਦਾ ਉਮੀਦਵਾਰ ਕਰਨਬੀਰ ਸਿੰਘ ਬੁਰਜ ਜਿੱਥੇ ਇੱਕ ਸਾਫ ਸੁਥਰੇ ਅਕਸ ਵਾਲਾ ਨੌਜਵਾਨ ਅਤੇ ਹਲਕੇ ਦੇ ਪਿੰਡ ਖੈਰਦੀਨਕੇ ਵਿਖੇ ਬੁਰਜ ਫਾਰਮ ’ ਤੇ ਰਹਿ ਕੇ ਲੋਕਾਂ ਨੂੰ ਮਿਲਦਾ ਹੈ ਉੱਥੇ ਹੀ ਆਪਣੇ ਪੜਦਾਦਾ ਸਵ: ਸ੍ਰ:ਜਵਾਹਰ ਸਿੰਘ ਬੁਰਜ,ਦਾਦਾ ਸਵ:ਸ੍ਰ: ਅਜੀਤ ਸਿੰਘ ਬੁਰਜ ਅਤੇ ਆਪਣੇ ਪਿਤਾ ਸਵ: ਸ੍ਰ: ਜਸਬੀਰ ਸਿੰਘ ਜੱਸ ਬੁਰਜ ਦੇ ਨਕਸ਼ੇ ਕਦਮਾਂ ’ਤੇ ਚੱਲਦਿਆਂ ਹਲਕੇ ਦੇ ਲੋਕਾਂ ਨੂੰ ਆਪਣਾ ਪਰਿਵਾਰ ਸਮਝ ਕੇ ਉਨਾਂ ਦੇ ਦੁੱਖ ਸੁੱਖ ਵਿੱਚ ਭਾਈਵਾਲ ਹੋ ਕੇ ਸੇਵਾ ਭਾਵਨਾ ਨਾਲ ਵਿਚਰਦਿਆਂ ਹਰ ਵੇਲੇ ਹਰ ਕਿਸੇ ਦੀ ਮਦਦ ਕਰਨ ਲਈ ਤਤਪਰ ਰਹਿੰਦਾ ਹੈ।ਉਨਾਂ ਕਿਹਾ ਕਿ ਅਜਿਹੇ ਸੇਵਾ ਭਾਵਨਾ ਨਾਲ ਕੰਮ ਕਰਨ ਵਾਲੇ ਨੌਜਵਾਨ ਆਗੂਆ ਦਾ ਰਾਜਨੀਤੀ ਵਿੱਚ ਆਉਣਾ ਸ਼ੁੱਭ ਹੈ, ਅਤੇ ਪਾਰਟੀ ਨੂੰ ਵੀ ਅਜਿਹੇ ਹੋਣਹਾਰ ਨੌਜਵਾਨ ਆਗੂਆਂ ਦੀ ਬੇਹੱਦ ਲੋੜ ਹੈ।ਉਨ੍ਹਾਂ ਕਾਂਗਰਸੀ ਆਗੂਆਂ ਨੂੰ ਕਿਹਾ ਕਿ ਤਕੜੇ ਹੋ ਕੇ ਕਰਨਬੀਰ ਬੁਰਜ ਨੂੰ ਵੱਡੇ ਫਰਕ ਨਾਲ ਜਿਤਾਇਆ ਜਾਵੇ।



## ਅੰਮ੍ਰਿਤਸਰ-ਲੰਡਨ ਗੈਟਵਿਕ ਸਿੱਧੀ ਉਡਾਣ ਮੁੜ ਸ਼ੁਰੂ

**ਅੰਮ੍ਰਿਤਸਰ: (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਦਾ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਲਗਭਗ ਪੰਜ ਮਹੀਨਿਆਂ ਬਾਅਦ ਇੱਕ ਵਾਰ ਮੁੜ ਯੂ ਕੇ ਦੇ ਲੰਡਨ ਸ਼ਹਿਰ ਨਾਲ ਸਿੱਧੇ ਹਵਾਈ ਸੰਪਰਕ ਰਾਹੀਂ ਜੁੜ ਗਿਆ ਹੈ। ਏਅਰ ਇੰਡੀਆ ਨੇ ਅੰਮ੍ਰਿਤਸਰ ਅਤੇ ਲੰਡਨ ਗੈਟਵਿਕ ਵਿਚਕਾਰ ਆਪਣੀ ਸਿੱਧੀ ਉਡਾਣ 29 ਅਕਤੂਬਰ ਤੋਂ ਮੁੜ ਸ਼ੁਰੂ ਕਰ ਦਿੱਤੀ ਹੈ। 12 ਜੂਨ, 2025 ਨੂੰ ਅਹਿਮਦਾਬਾਦ ਵਿੱਚ ਹੋਏ ਦੁਖਦਾਈ ਏਅਰ ਇੰਡੀਆ ਹਾਦਸੇ ਤੋਂ ਕੁੱਝ ਹੀ ਦਿਨਾਂ ਬਾਅਦ ਇਹ ਉਡਾਣਾਂ ਮੁਅੱਤਲ ਕਰ ਦਿੱਤੀਆਂ ਗਈਆਂ ਸਨ। ਪਹਿਲੀ ਉਡਾਣ 29 ਅਕਤੂਬਰ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਈ, ਜਦ ਕਿ ਵਾਪਸੀ ਦੀ ਉਡਾਣ 30 ਅਕਤੂਬਰ ਨੂੰ ਅੰਮ੍ਰਿਤਸਰ ਪਹੁੰਚੀ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ, ਇਨੀਸ਼ੀਏਟਿਵ ਦੇ ਕਨਵੀਵਰ ਇੰਡੀਆ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਜਨਰਲ ਸਕੱਤਰ ਯੋਗੇਸ਼ ਕਾਮਰਾ ਨੇ ਆਪਣੇ ਸਾਂਝੇ ਬਿਆਨ ਵਿੱਚ ਉਡਾਣਾਂ ਦੀ ਮੁੜ ਸ਼ੁਰੂਆਤ ਦਾ ਸਵਾਗਤ ਕਰਦਿਆਂ ਇਸ ਨੂੰ ਪੰਜਾਬ ਅਤੇ ਲੰਡਨ ਵੱਸਦੇ ਪੰਜਾਬੀ ਭਾਈਚਾਰੇ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਦੱਸਿਆ ਹੈ। ਅੰਮ੍ਰਿਤਸਰ - ਲੰਡਨ ਗੈਟਵਿਕ ਉਡਾਣ ਹਫਤੇ ਵਿੱਚ ਤਿੰਨ ਦਿਨ - ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਦੁਪਹਿਰ 12:35 ਵਜੇ ਰਵਾਨਾ ਹੋਵੇਗੀ ਅਤੇ ਲਗਭਗ 10 ਘੰਟੇ 55 ਮਿੰਟ ਬਾਅਦ ਉਸੇ ਦਿਨ ਸ਼ਾਮ ਨੂੰ 6:00 ਵਜੇ ਲੰਡਨ ਪਹੁੰਚੇਗੀ। ਇਹੀ ਜਹਾਜ਼ ਫਿਰ ਲੰਡਨ ਤੋਂ ਰਾਤ 8:00 ਵਜੇ ਰਵਾਨਾ ਹੋ ਕੇ ਲਗਭਗ 9 ਘੰਟੇ 50 ਮਿੰਟ ਬਾਅਦ ਅਗਲੇ ਦਿਨ ਸਵੇਰੇ 11:20 ਵਜੇ ਅੰਮ੍ਰਿਤਸਰ ਪਹੁੰਚੇਗਾ।



## ਵਿਨੋਦ ਛਾਬੜਾ ਸੈਂਕੜੇ ਸਾਥੀਆਂ ਤੇ ਪਰਵਾਰਾਂ ਸਮੇਤ 'ਆਪ' 'ਚ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵਿਨੋਦ ਛਾਬੜਾ, ਪਰਮਜੀਤ ਕੌਰ, ਤਰਸੇਮ ਲਾਲ ਬਿੱਟੂ, ਅਰਸ਼ ਸਿੰਘ, ਗੁਰਦੇਵ ਸਿੰਘ, ਬੱਬੀ ਤੇ ਅਮਿਤ ਛਾਬੜਾ ਆਪਣੇ ਸਾਥੀਆਂ ਤੇ ਪਰਵਾਰਾਂ ਸਮੇਤ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਇੱਕ ਸਮਾਰੋਹ ਵਿੱਚ ਵਿਨੋਦ ਛਾਬੜਾ ਤੇ ਉਨ੍ਹਾਂ ਦੇ ਸੈਂਕੜੇ ਪਰਵਾਰ ਨੂੰ ਆਮ ਆਦਮੀ ਪਾਰਟੀ ਦੇ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ।ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਿੰਦਰ ਸ਼ਰਮਾ, ਸੰਗਠਨ ਇੰਚਾਰਜ ਜਗਦੀਸ਼ ਸ਼ਰਮਾ, ਕੌਂਸਲਰ ਜਗਸੀਰ ਸਿੰਘ ਹੁੰਦਲ, ਕੌਂਸਲਰ ਦੇ ਪਤੀ ਰਵਿੰਦਰ ਤਿਵਾੜੀ ਤੇ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਲੰਟੀਅਰ ਇਸ ਮੌਕੇ ਮੌਜੂਦ ਸਨ।ਇਸ ਮੌਕੇ ਬੋਲਦਿਆਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਸਮਾਜ ਦਾ ਹਰ ਵਰਗ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਿੱਚ ਸ਼ਾਮਲ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਮਾਜ ਦਾ ਹਰ ਵਰਗ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੈ।ਉਨ੍ਹਾਂ ਵਾਰਡ ਵਾਸੀਆਂ ਦਾ ਉਨ੍ਹਾਂ ਨੂੰ ਦਿਖਾਏ ਗਏ ਸਤਿਕਾਰ ਲਈ ਧੰਨਵਾਦ ਕੀਤਾ।ਇਸ ਮੌਕੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿਣ ਵਾਲੇ ਵਿਨੋਦ ਛਾਬੜਾ, ਪਰਮਜੀਤ ਕੌਰ, ਤਰਸੇਮ ਲਾਲ ਬਿੱਟੂ, ਅਰਸ਼ ਸਿੰਘ, ਗੁਰਦੇਵ ਸਿੰਘ, ਬੱਬੀ, ਅਮਿਤ ਛਾਬੜਾ ਤੇ ਉਨ੍ਹਾਂ ਦੇ ਪਰਿਵਾਰਾਂ ਨੇ ਕਿਹਾ ਕਿ ਉਹ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਉਨ੍ਹਾਂ ਨੂੰ ਦਿਖਾਏ ਗਏ ਸਤਿਕਾਰ ਨੂੰ ਕਦੇ ਨਹੀਂ ਭੁੱਲਣਗੇ ਤੇ ਪਾਰਟੀ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡਣਗੇ।

## ਡਾ. ਬਲਵੀਰ ਸਿੰਘ ਮਾਛੀਵਾੜਾ ਤੇ ਸਮਰਾਲਾ ਇਕਾਈ ਦੇ ਪ੍ਰਧਾਨ ਨਿਯੁਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਲਾਕੇ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਡਾ. ਬਲਵੀਰ ਸਿੰਘ ਨੂੰ ਪੰਜਾਬ ਮੈਡੀਕਲ ਕੌਂਸਲ ਵੱਲੋਂ ਮਾਛੀਵਾੜਾ ਤੇ ਸਮਰਾਲਾ ਇਕਾਈ ਦਾ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸਾਦੇ ਸਮਾਗਮ ਦੌਰਾਨ ਪਹਿਲਾਂ ਪ੍ਰਧਾਨ ਰਹੇ ਡਾ. ਸੁਨੀਲ ਦੱਤ ਤੇ ਡਾ. ਵਿਸ਼ਵ ਅਰੋੜਾ ਨੇ ਡਾ. ਬਲਵੀਰ ਸਿੰਘ ਨੂੰ ਦੋਸ਼ਾਲਾ ਪਾ ਕੇ ਪ੍ਰਧਾਨ ਚੁਣਿਆ, ਜਿਸ ਦਾ ਮੌਕੇ 'ਤੇ ਮੌਜੂਦ ਸਮੂਹ ਡਾਕਟਰਾਂ ਨੇ ਸਵਾਗਤ ਕੀਤਾ। ਇਸ ਮੌਕੇ ਡਾ. ਐੱਮ. ਐੱਸ. ਗਿੱਲ, ਡਾ. ਤੇਜਪਾਲ ਸਿੰਘ ਸਮਰਾਲਾ, ਡਾ. ਚਰਨਜੀਤ ਸਿੰਘ ਖਮਾਣੋਂ, ਡਾ. ਸੁਨੀਲ ਅਗਰਵਾਲ, ਡਾ. ਲਖਵਿੰਦਰ ਸਿੰਘ, ਡਾ. ਮਲਹੋਤਰਾ, ਡਾ. ਪਰਕਲਪ ਸ਼ਰਮਾ, ਡਾ. ਗੌਰਵ ਚੋਪੜਾ, ਡਾ. ਸੌਰਵ, ਡਾ. ਦਵਿੰਦਰ ਕੁਮਾਰ, ਡਾ. ਰਿਸ਼ਬ ਦੱਤ, ਡਾ. ਸੁਖਵਿੰਦਰ ਕੌਰ, ਡਾ. ਸੱਤਿਆਜੀਤ ਸਿੰਘ, ਡਾ. ਮਨਰੂਪ ਗਿੱਲ, ਡਾ. ਸੁਖਬੀਰ ਸਿੰਘ ਉਟਾਲਾਂ ਵੱਲੋਂ ਨਵ-ਨਿਯੁਕਤ ਪ੍ਰਧਾਨ ਡਾ. ਬਲਵੀਰ ਸਿੰਘ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਮੈਡੀਕਲ ਸੁਪਰਡੈਂਟ ਜਲੰਧਰ ਡਾ. ਤਾਰਿਕਜੋਤ, ਐੱਸ.ਐੱਮ.ਓ. ਮਾਛੀਵਾੜਾ ਡਾ. ਜਸਦੇਵ ਸਿੰਘ ਤੇ ਐੱਸ.ਐੱਮ.ਓ. ਬਸੀ ਪਠਾਣਾ ਡਾ. ਅਮਿਤ ਅਰੋੜਾ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ। ਪ੍ਰਧਾਨ ਡਾ. ਬਲਵੀਰ ਸਿੰਘ ਨੇ ਸਭਨਾਂ ਦਾ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਡਾਕਟਰਾਂ ਦੇ ਹਿੱਤਾਂ ਤੇ ਸਮਾਜ ਪ੍ਰਤੀ ਵਧੀਆ ਸਿਹਤ ਸੇਵਾਵਾਂ ਦੇਣ ਲਈ ਪੰਜਾਬ ਮੈਡੀਕਲ ਕੌਂਸਲ ਦੇ ਸਹਿਯੋਗ ਨਾਲ ਕੰਮ ਕਰਨਗੇ।

## ਪਿੰਡਾਂ 'ਚ ਬਣਨਗੀਆਂ 10 ਨਵੀਆਂ ਆਂਗਣਵਾੜੀ ਇਮਾਰਤਾਂ : ਵਿਧਾਇਕ ਦਹੀਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡਾਂ ਵਿੱਚ ਛੋਟੇ ਛੋਟੇ ਬੱਚਿਆਂ ਦੇ ਪਾਲਣ ਪੋਸ਼ਣ ਤੇ ਉਨ੍ਹਾਂ ਦੀ ਸਾਂਭ ਸੰਭਾਲ ਭੋਜਨ ਆਦਿ ਲਈ ਦਿਹਾਤੇ ਹਲਕੇ ਵਿੱਚ 10 ਨਵੀਆਂ ਆਂਗਨਵਾੜੀ ਇਮਾਰਤਾਂ ਬਣਾਈਆਂ ਜਾਣਗੀਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਮਾਰਤਾਂ ਬਣਾਉਣ ਲਈ ਕਰੀਬ ਇੱਕ ਕਰੋੜ ਰੁਪਏ ਦੀ ਲਾਗਤ ਆਵੇਗੀ। ਫਿਰੋਜ਼ਪੁਰ ਦੇ ਜ਼ਿਲ੍ਹਾ ਵਿਕਾਸ ਪੰਚਾਇਤ ਅਫਸਰ ਨਪਿੰਦਰ ਸਿੰਘ, ਬਲਾਕ ਘਲ ਖੁਰਦ ਪੰਚਾਇਤ ਅਫਸਰ ਸਰਬਜੀਤ ਸਿੰਘ, ਬਲਾਕ ਵਿਕਾਸ ਅਫਸਰ ਮਮਦੋਟ ਵਿਪਨ ਕੁਮਾਰ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਰਿਚੀਕਾ ਨੰਦਾ ਨਾਲ ਮੀਟਿੰਗ ਕਰਦਿਆਂ ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਕਿ ਵੱਖ-ਵੱਖ ਪੰਚਾਇਤਾਂ ਵੱਲੋਂ ਉਨ੍ਹਾਂ ਦੇ ਪਿੰਡਾਂ ਵਿੱਚ ਨਵੀਆਂ ਆਂਗਨਵਾੜੀ ਬਿਲਡਿੰਗਾਂ ਦੀ ਉਸਾਰੀ ਕਰਵਾਉਣ ਲਈ ਪੰਚਾਇਤੀ ਮਤੇ ਦਿੱਤੇ ਗਏ ਸੀ। ਵਿਧਾਇਕ ਨੇ ਦੱਸਿਆ ਕਿ ਦਿਹਾਤੀ ਹਲਕੇ ਵਿੱਚ ਮਨਰੇਗਾ ਅਧੀਨ, ਵਿੱਤ ਕਮਿਸ਼ਨ ਅਧੀਨ ਤੇ ਮਿਸ਼ਨ ਰੰਗਲਾ ਪੰਜਾਬ ਅਧੀਨ ਲਗਾਤਾਰ ਵਿਕਾਸ ਕਾਰਜ ਚੱਲ ਰਹੇ ਹਨ। ਬਹੁਤ ਸਾਰੇ ਵਿਕਾਸ ਕਾਰਜਾਂ ਦੀ ਫਾਈਲਾਂ ਪ੍ਰਵਾਨਗੀ ਅਧੀਨ ਪੈਂਡਿੰਗ ਹਨ। ਆਉਂਦੇ ਦਿਨਾਂ ਵਿੱਚ ਉਨ੍ਹਾਂ ਦੀ ਪ੍ਰਵਾਨਗੀ ਆਉਣ ਤੋਂ ਬਾਅਦ ਪਿੰਡਾਂ ਵਿੱਚ ਲੋਕਾਂ ਦੀ ਡਿਮਾਂਡ ਅਨੁਸਾਰ ਵਿਕਾਸ ਕਾਰਜਾਂ ਨੂੰ ਸਿਰੇ ਚੜ੍ਹਾਇਆ ਜਾਵੇਗਾ। ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਕਿ ਹਜ਼ਾਰਾ ਸਿੰਘ ਵਾਲਾ, ਨੂਰਪੁਰ ਸੇਠਾਂ, ਪੋਜੋ ਕੇ ਉਤਾੜ, ਨੌਰੰਗ ਕੇ ਸਿਆਲ, ਨਵਾਂ ਪੁਰਬਾ, ਚੁਗੱਤੇ ਵਾਲਾ, ਚੱਕ ਗੁਰਦਿਆਲ ਸਿੰਘ ਝੋਕ ਹਰੀਹਰ, ਲੱਖਾ ਭੇਡੀਆਂ ਤੇ ਸ਼ਕੂਰ ਪਿੰਡਾਂ ਵਿੱਚ ਇਹ ਆਂਗਨਵਾੜੀ ਸੈਂਟਰ ਬਣਾਏ ਜਾਣਗੇ। ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਮਿਸ਼ਨ ਰੰਗਲਾ ਪੰਜਾਬ ਅਧੀਨ ਗਰਾਂਟਾਂ ਜਾਰੀ ਕੀਤੀਆਂ ਹਨ। ਆਉਂਦੇ ਦਿਨਾਂ ਵਿੱਚ ਵਿਕਾਸ ਕਾਰਜ ਹੋਰ ਤੇਜ਼ੀ ਨਾਲ ਕੀਤੇ ਜਾਣਗੇ।

## ਐੱਸ ਬੀ ਐੱਸ ਯੂਨੀਵਰਸਿਟੀ ਕਾਲਜ 'ਚ ਡੈਂਟਲ ਚੈੱਕਅਪ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੋਗਾ ਰੋਡ ਸਥਿਤ ਐੱਸ ਬੀ ਐੱਸ ਯੂਨੀਵਰਸਿਟੀ ਕਾਲਜ ਵਿੱਚ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਇਕ ਮੁਫ਼ਤ ਦੰਦਾਂ ਚੈੱਕਅਪ ਕੈਂਪ ਲਗਾਇਆ ਗਿਆ। ਕੈਂਪ ਵਿੱਚ ਵਿਦਿਆਰਥੀਆਂ ਤੇ ਸਟਾਫ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਤੇ ਆਪਣੇ ਦੰਦਾਂ ਦੀ ਜਾਂਚ ਕਰਵਾਈ। ਕੈਂਪ ਦੌਰਾਨ ਡਾ. ਸੁਕੀਰਤ ਕੌਰ ਤੇ ਡਾ. ਸੁਮੇਰ ਕੰਬੋਜ ਨੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਦੰਦਾਂ ਦੀ ਸਫ਼ਾਈ ਨਾਲ ਸਬੰਧਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਲੋਕ ਦੰਦਾਂ ਦੀ ਸੰਭਾਲ ਪ੍ਰਤੀ ਲਾਪ੍ਰਵਾਹ ਹੁੰਦੇ ਹਨ, ਜਿਸ ਕਾਰਨ ਅੱਗੇ ਚੱਲ ਕੇ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਦਿਨ ਵਿੱਚ ਦੋ ਵਾਰੀ ਬਰਸ਼ ਕਰਨਾ, ਮਿੱਠੀਆਂ ਚੀਜ਼ਾਂ ਦਾ ਸੀਮਿਤ ਸੇਵਨ ਕਰਨਾ ਤੇ ਨਿਯਮਤ ਤੌਰ 'ਤੇ ਡੈਂਟਲ ਚੈੱਕਅਪ ਕਰਵਾਉਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਕਾਲਜ ਦੇ ਪੀ ਆਰ ਓ ਰਣਜੀਤ ਸਿੰਘ ਤੇ ਮਨਜੀਤ ਸਿੰਘ ਨੇ ਸਹਿਯੋਗ ਦਿੱਤਾ। ਕਾਲਜ ਪ੍ਰਬੰਧਕਾਂ ਨੇ ਜੈਨੇਸਿਸ ਡੈਂਟਲ ਕਾਲਜ ਦੀ ਟੀਮ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

## ਵਿਜੀਲੈਂਸ ਵਿਭਾਗ ਵੱਲੋਂ ਜਾਗਰੂਕਤਾ ਸੈਮੀਨਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਵਿਜੀਲੈਂਸ ਵਿਭਾਗ ਵੱਲੋਂ ਸਥਾਨਕ ਪੈਨਸ਼ਨਰਜ਼ ਭਵਨ 'ਚ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਡੀ.ਐੱਸ.ਪੀ. ਸ਼ਿਵ ਚੰਦ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਉਨ੍ਹਾਂ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਭਾਗ ਆਪਣੇ ਤੌਰ 'ਤੇ ਰਿਸ਼ਵਤਖੋਰੀ ਨੂੰ ਖ਼ਤਮ ਨਹੀਂ ਕਰ ਸਕਦਾ, ਇਸ ਲਈ ਆਮ ਲੋਕਾਂ ਦੇ ਸਾਥ ਦੀ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸਰਕਾਰੀ ਵਿਭਾਗ 'ਚ ਕੋਈ ਰਿਸ਼ਵਤ ਦੀ ਮੰਗ ਕਰਦਾ ਹੈ, ਆਪਣੇ ਅਹੁਦੇ ਤੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ, ਕੋਈ ਸਰਕਾਰੀ ਦਸਤਾਵੇਜ਼ਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕਰਦੇ ਹੈ ਜਾਂ ਕਿਸੇ ਨੇ ਆਪਣੀ ਆਮਦਨ ਤੋਂ ਵੱਧ ਜਾਇਦਾਦ ਬਣਾਈ ਹੈ, ਕਿਸੇ ਵੀ ਤੋਹਫੇ ਆਦਿ ਦੇ ਰੂਪ ਵਿੱਚ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ। ਜਾਣਕਾਰੀ ਦੇਣ ਵਾਲਿਆਂ ਦੀ ਨਾਮ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵਿਜੀਲੈਂਸ ਵਿਭਾਗ ਨਾਲ ਜਾਣਕਾਰੀ ਸਾਂਝੀ ਕਰਨ ਲਈ ਟੋਲ ਫਰੀ ਨੰਬਰ-18001800 1000 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਸਮਾਜ ਸੇਵੀ ਚਰਨਜੀਤ ਸਿੰਘ ਥੋਪੀਆ ਨੇ ਡੀ.ਐੱਸ.ਪੀ. ਵਿਜੀਲੈਂਸ ਸ਼ਿਵ ਚੰਦ ਸਮੇਤ ਵੱਖ-ਵੱਖ ਪਤਵੰਤਿਆਂ ਦਾ ਧੰਨਵਾਦ ਪ੍ਰਗਟਾਇਆ। ਸੈਮੀਨਾਰ 'ਚ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਤਿਵਾੜੀ, ਸਮਾਜ ਸੇਵੀ ਚਰਨਜੀਤ ਸਿੰਘ ਥੋਪੀਆ, ਪ੍ਰਧਾਨ ਰਾਮ ਸਿੰਘ, ਹੌਲਦਾਰ ਹਰਜੀਤ ਕੌਰ, ਸਹਾਇਕ ਥਾਣੇਦਾਰ ਹਰਦੀਪ ਸਿੰਘ, ਬਲਾਕ ਪ੍ਰਧਾਨ ਪਰਵੀਨ ਮੱਕੜ, ਯੁਵਰਾਜ ਜੀਤ ਸਿੰਘ ਰਾਏ, ਰਾਕੇਸ਼ ਕੁਮਾਰ ਸਿੰਦੂ, ਹਰਮਿੰਦਰ ਸਿੰਘ ਗਿੱਲ, ਸੁਖਦੀਪ ਸਿੰਘ ਬਾਜਵਾ, ਜਸਵੀਰ ਸਿੰਘ ਗਿੱਲ, ਸੁਰਿੰਦਰ ਸਿੰਘ ਗਿੱਲ, ਕਰਮਜੀਤ ਸਿੰਘ, ਪ੍ਰੇਮ ਸਿੰਘ ਰਜੂਲ, ਚਮਨ ਲਾਲ, ਹਰਵਿੰਦਰ ਸਿੰਘ, ਹਰਬੰਸ ਲਾਲ ਚਾਨਣਾ, ਸੋਹਣ ਸਿੰਘ ਹਾਜ਼ਰ ਸਨ।

## ਚੇਅਰਮੈਨ ਜੱਸੀ ਵੱਲੋਂ ਮੁੱਖ ਮੰਤਰੀ, ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਦਾ ਨਿੱਘਾ ਸਵਾਗਤ



**ਨਾਭਾ (ਵਰਿੰਦਰ ਵਰਮਾ)**-ਨਾਭਾ ਹਲਕੇ ਦੇ ਹੋਣਹਾਰ ਨੌਜਵਾਨ ਆਗੂ ਤੇ ਇਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਸਾਬਕਾ ਮੁੱਖ ਮੰਤਰੀ ਦਿੱਲੀ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਸਾਬਕਾ ਡਿਪਟੀ ਮੁੱਖ ਮੰਤਰੀ ਦਿੱਲੀ ਨੂੰ ਗੁਲਦਸਤਾ ਦੇ ਕੇ ਉਨ੍ਹਾਂ ਦਾ ਪਟਿਆਲਾ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਵੱਲੋਂ ਇਤਿਹਾਸਕ ਸ੍ਰੀ ਕਾਲੀ ਮਾਤਾ ਮੰਦਰ ਦੇ ਨਵੀਨੀਕਰਨ ਲਈ 75 ਕਰੋੜ ਰੁਪਏ ਦੇ ਪ੍ਰਾਜੈਕਟ ਦੀ ਸ਼ੁਰੂਆਤ, ਸ਼ਰਧਾਲੂਆਂ ਲਈ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਦਾ ਉਦਘਾਟਨ ਤੇ 6.78 ਕਰੋੜ ਰੁਪਏ ਦੀ ਲਾਗਤ ਦੀ ਲਾਗਤ ਨਾਲ ਮੰਦਰ ਦੀ ਅਧਿਆਤਮਕਤਾ ਸੁੰਦਰਤਾ ਵਿੱਚ ਵਾਧਾ ਕਰਨ ਲਈ ਪ੍ਰਮੁੱਖ ਤੀਰਥ ਅਸਥਾਨਾਂ ਦੀ ਤਰ੍ਹਾਂ ਸਰੋਵਰ ਨਜ਼ਦੀਕ ਇੱਕ ਲਾਈਟ ਐਂਡ ਸਾਊਂਡ ਸ਼ੋਅ ਦਾ ਜਲਦ ਹੀ ਸ਼ੁਰੂ ਹੋਣ ਵਾਲੇ ਪ੍ਰਜੈਕਟਾਂ ਦੀ ਸ਼ਲਾਘਾ ਕਰਦਿਆਂ ਸੂਬਾ ਸਰਕਾਰ ਵੱਲੋਂ ਕੀਤੇ ਇਸ ਵੱਡੇ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਪ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਸਰਕਾਰ ਦਾ ਵੀ ਧੰਨਵਾਦ ਕੀਤਾ ਹੈ।

## ਪੰਜਾਬੀ ਸਾਹਿਤ ਅਕਾਦਮੀ ਵੱਲੋਂ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਦੀ ਤਿੱਖੀ ਆਲੋਚਨਾ

**ਵਿੰਗੇ ਟੇਢੇ ਢੰਗ ਨਾਲ ਕਰਦੀ ਹੈ ਮਾਤ ਭਾਸ਼ਾ ਪੰਜਾਬੀ ਵਿਰੋਧੀ ਕਾਰਵਾਈਆਂ**

**ਲੁਧਿਆਣਾ (ਰੈਕਟਰ ਕਥੂਰੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਪੰਜਾਬ (ਹੁਸ਼ਿਆਰਪੁਰ) ਵੱਲੋਂ ਟੇਢੇ ਢੰਗ ਨਾਲ ਮਾਤ ਭਾਸ਼ਾ ਪੰਜਾਬੀ ਵਿਰੋਧੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ।ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਧਿਆਨ ਵਿੱਚ ਲਿਆਂਦਾ ਕਿ ਅਸਿਸਟੈਂਟ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ ਤੇ ਪ੍ਰੋਫੈਸਰ ਦੀਆਂ 38 ਅਸਾਮੀਆਂ ਭਰਨ ਲਈ ਇਸ਼ਤਿਹਾਰ ਦਿੱਤਾ ਗਿਆ, ਜਿਨ੍ਹਾਂ ਨੂੰ ਭਰਨ ਲਈ 1 ਨਵੰਬਰ 2025 ਤੱਕ ਅਰਜ਼ੀਆਂ ਮੰਗੀਆਂ ਗਈਆਂ ਹਨ।ਇਨ੍ਹਾਂ ਅਸਾਮੀਆਂ ਲਈ ਪੰਜਾਬੀ ਨੂੰ ਟੇਢੇ ਢੰਗ ਨਾਲ ਬਾਹਰ ਕਰ ਦਿੱਤਾ ਗਿਆ ਹੈ।ਸ਼ਰਤਾਂ ਤੇ ਨਿਯਮਾਂ ਦੇ ਕਾਲਮ ਨੰ: 8 ਵਿੱਚ ਸਪਸ਼ਟ ਲਿਖਿਆ ਹੈ ਕਿ ਉਮੀਦਵਾਰ ਨੂੰ ਨਿਯੁਕਤੀ ਦੀ ਮਿਤੀ ਤੋਂ ਦੋ ਸਾਲ ਦੇ ਅੰਦਰ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਕਰਨਾ ਹੋਵੇਗਾ।ਜੇ ਵਿਗਿਆਪਨ ਦੇਣ ਦੀ ਤਾਰੀਖ਼ ਤੱਕ ਉਮੀਦਵਾਰ ਨੇ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਨਹੀਂ ਕੀਤਾ ਤਾਂ ਉਹ ਅਸਾਮੀ ਉਪਰ ਨਿਯੁਕਤ ਹੋਣ ਉਪਰੰਤ ਤਿੰਨ ਸਾਲਾਂ ਦੇ ਵਿੱਚ ਪੰਜਾਬੀ ਦਾ ਪੇਪਰ ਪਾਸ ਕਰ ਸਕਦਾ ਹੈ।ਇਹ ਪੰਜਾਬ ਸਰਕਾਰ ਦੇ ਨੇਮਾਂ ਦੀ ਸਰਾਸਰ ਉਲੰਘਣਾ ਹੈ।ਉਮੀਦਵਾਰ ਵਿਗਿਆਪਨ ਵੇਲੇ ਤੱਕ ਪੰਜਾਬੀ ਭਾਸ਼ਾ ਦੇ ਇਮਤਿਹਾਨ ਵਿੱਚੋਂ ਪਾਸ ਹੋਣਾ ਚਾਹੀਦਾ ਹੈ ਨਾ ਕਿ ਨਿਯੁਕਤੀ ਬਾਅਦ ਉਹ ਪੇਪਰ ਪਾਸ ਕਰੇ।ਇਹ ਅਸਿੱਧੇ ਢੰਗ ਨਾਲ ਪੰਜਾਬੀ ਭਾਸ਼ਾ ਨਾਲ ਅਨਿਆ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਇਸ ਸੰਬੰਧੀ ਉਪ-ਕੁਲਪਤੀ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਪੰਜਾਬ, ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ ਸਕੱਤਰ, ਉੱਚ ਸਿੱਖਿਆ, ਪੰਜਾਬ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਨੂੰ ਚਿੱਠੀ ਲਿਖ ਕੇ ਚੇਤਾਵਨੀ ਦਿੱਤੀ ਹੈ ਕਿ ਇਸ ਕੁਤਾਹੀ ਨੂੰ ਸੋਧਿਆ ਜਾਵੇ, ਨਹੀਂ ਤਾਂ ਫਿਰ ਰੋਸ ਤੇ ਸੰਘਰਸ਼ ਦਾ ਰਸਤਾ ਅਪਣਾਉਣਾ ਅਕਾਦਮੀ ਦੀ ਮਜਬੂਰੀ ਹੋਵੇਗੀ।ਨਿੰਦਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋਫੈਸਰ ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਬਬਲੀਨ, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

## ਐੱਸ ਐੱਸ ਡੀ ਸਰਕਾਰੀ ਸਕੂਲ 'ਚ ਪ੍ਰਦਰਸ਼ਨੀ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਵੱਖ ਵੱਖ ਵਿਸ਼ਿਆਂ ਪ੍ਰਤੀ ਬੱਚਿਆਂ ਦੀ ਸਮਝ ਤੇ ਰੁਚੀ ਨੂੰ ਵਿਕਸਿਤ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੱਥੋਂ ਦੇ ਸ੍ਰੀ ਸ਼ੰਕਰ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਦੀ ਯੋਗ ਅਗਵਾਈ ਵਿੱਚ ਦੋ ਰੋਜ਼ਾ ਵਿੱਦਿਅਕ ਮੇਲਿਆਂ ਦਾ ਆਯੋਜਨ ਕੀਤਾ ਗਿਆ, ਜਿਸ ਤਹਿਤ ਵਿਗਿਆਨ, ਗਣਿਤ, ਸਮਾਜਿਕ ਵਿਗਿਆਨ, ਅੰਗਰੇਜ਼ੀ ਤੇ ਕਮਰਸ ਵਿਸ਼ਿਆਂ ਨਾਲ ਸਬੰਧਤ ਪ੍ਰਦਰਸ਼ਨੀਆਂ ਲਗਾਈਆਂ ਗਈਆਂ।ਇਨ੍ਹਾਂ ਪ੍ਰਦਰਸ਼ਨੀਆਂ ਵਿੱਚ ਵਿਦਿਆਰਥੀਆਂ ਨੇ ਬੜੀ ਉਤਸੁਕਤਾ ਤੇ ਉਤਸ਼ਾਹ ਨਾਲ ਆਪੋ ਆਪਣੇ ਟੌਪਿਕ ਨੂੰ ਸਮਝਾਇਆ।ਬਣਾਏ ਗਏ ਸਾਰੇ ਕਾਰਜਸ਼ੀਲ ਮਾਡਲ ਨਾ ਸਿਰਫ ਖਿੱਚ ਭਰਪੂਰ ਸਨ, ਬਲਕਿ ਆਸਾਨੀ ਨਾਲ ਸਮਝ ਆਉਣ ਵਾਲੇ ਸਨ।ਇਨ੍ਹਾਂ ਦਿਨਾਂ ਵਿੱਚ ਹਰ ਰੋਜ਼ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਗੁਲਦੀਪ ਸਿੰਘ ਤੇ ਮੈਂਬਰ ਜਗਮੀਤ ਸਿੰਘ ਮੱਕੜ, ਗੁਰਪ੍ਰੀਤ ਕੌਰ, ਮਨਦੀਪ ਕੌਰ ਦੇ ਨਾਲ ਨਾਲ ਮਾਰਕਿਟ ਕਮੇਟੀ ਮਾਛੀਵਾੜਾ ਸਾਹਿਬ ਦੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ ਤੇ ਆਪ ਆਗੂ ਪਰਵੀਨ ਮੱਕੜ ਹਾਜ਼ਰ ਹੋਏ।ਵੱਖ-ਵੱਖ ਵਿਸ਼ਿਆਂ ਦੀਆਂ ਇਨ੍ਹਾਂ ਪ੍ਰਦਰਸ਼ਨੀਆਂ ਬਾਰੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਵਿਦਿਆਰਥੀਆਂ ਨੂੰ ਵਿਵਹਾਰਕ ਰੂਪ ਵਿੱਚ ਆਪਣੇ ਵਿਸ਼ਿਆਂ ਨੂੰ ਸਮਝਣ ਲਈ ਨਾ ਸਿਰਫ ਨੁਕਤੇ ਸਮਝਾਏ, ਬਲਕਿ ਉਨ੍ਹਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ। ਇਸ ਮੌਕੇ ਮੈਂਬਰ ਤੇ ਕੌਂਸਲਰ ਜਗਮੀਤ ਸਿੰਘ ਮੱਕੜ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਦੋ ਰੋਜ਼ਾ ਵਿੱਦਿਅਕ ਮੇਲਿਆਂ ਨੂੰ ਸੁਚਾਰੂ ਰੂਪ ਨਾਲ ਨੇਪਰੇ ਚਾੜ੍ਹਨ ਵਿੱਚ ਸਕੂਲ ਦੇ ਅਧਿਆਪਕ ਪ੍ਰਦੀਪ ਕਪੂਰ, ਰੀਨਾ ਸ਼ਰਮਾ, ਮਨਪ੍ਰੀਤ ਬਖਸ਼ੀ, ਨਿਰਮਲ ਸਿੰਘ, ਰਾਜਵੰਤ ਕੌਰ, ਮਨੋਜ ਜੋਸ਼ੀ, ਗੁਰਪ੍ਰੀਤ ਕੌਰ, ਸੰਗੀਤਾ ਰਾਣੀ, ਟੈਰੇਸਾ, ਅਮਰਜੀਤ ਸਿੰਘ, ਰਾਕੇਸ਼ ਕੁਮਾਰ, ਹਨਦੀਪ ਕੌਰ, ਮੀਨਾਕਸ਼ੀ ਸ਼ਰਮਾ, ਸੁਖਬੀਰ ਕੌਰ ਤੇ ਹਰੀਕ੍ਰਿਸ਼ਨ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ।

## ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ (ਏਟਕ) ਦੀ ਮੀਟਿੰਗ



**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ (ਏਟਕ) ਪੰਜਾਬ ਰੋਡਵੇਜ਼ ਲੁਧਿਆਣਾ ਦੇ ਅਹੁਦੇਦਾਰਾਂ ਦੀ ਮੀਟਿੰਗ ਬੱਸ ਅੱਡਾ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਆਗੂਆਂ ਨੇ ਇਸ ਗੱਲ ਉੱਪਰ ਚਿੰਤਾ ਜ਼ਾਹਰ ਕੀਤੀ ਕਿ ਪੰਜਾਬ ਸਰਕਾਰ ਨੂੰ ਚਾਰ ਸਾਲ ਪੂਰੇ ਹੋਣ ਵਾਲੇ ਹਨ, ਪਰ ਮੁਲਾਜ਼ਮ ਤੇ ਪੈਨਸ਼ਨਰਾਂ ਦੀ ਇੱਕ ਵੀ ਮੰਗ ਸਰਕਾਰ ਨੇ ਪੂਰੀ ਨਹੀਂ ਕੀਤੀ।ਸਰਕਾਰੀ ਅਦਾਰਿਆਂ ਦਾ ਸਰਕਾਰ ਭੋਗ ਪਾਉਣ ਦੇ ਰਾਹ ਤੇਜ਼ੀ ਨਾਲ ਤੁਰੀ ਹੋਈ ਹੈ। ਉਦਾਹਰਨ ਵਜੋਂ ਮਾਨ ਸਰਕਾਰ ਵੱਲੋਂ ਆਰ.ਟੀ.ਓ. ਦਫਤਰ ਲੁਧਿਆਣਾ ਨੂੰ ਬੰਦ ਕਰ ਦਿੱਤਾ ਹੈ।ਮਾਨ ਸਰਕਾਰ ਦੀ ਬਾਜ਼ ਅੱਖ ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ 'ਤੇ ਹੈ, ਜਿਸ ਦੀ ਕਾਰਵਾਈ ਛੇਤੀ ਨਾਲ ਨੇਪਰੇ ਚਾੜ੍ਹੀ ਜਾ ਰਹੀ ਹੈ, ਜਿਸ ਦੇ ਖਿਲਾਫ 2 ਨਵੰਬਰ ਨੂੰ ਬਿਜਲੀ ਬੋਰਡ ਕਰਮਚਾਰੀ, ਪੈਨਸ਼ਨਰ, ਕਿਸਾਨ, ਵਿਭਾਗਾਂ ਦੀਆਂ ਟਰੇਡ ਯੂਨੀਅਨਾਂ ਬਿਜਲੀ ਮੰਤਰੀ ਖ਼ਿਲਾਫ਼ ਲੁਧਿਆਣਾ ਵਿਖੇ ਰਿਹਾਇਸ਼ 'ਤੇ ਵੱਡਾ ਧਰਨਾ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਮੁਲਾਜ਼ਮ ਆਪਣੀਆਂ ਆਰਥਿਕ ਮੰਗਾਂ ਦੇ ਨਾਲ-ਨਾਲ ਪਬਲਿਕ ਅਦਾਰਿਆਂ ਨੂੰ ਬਚਾਉਣ ਦੀ ਲੜਾਈ ਵੀ ਲੜ ਰਹੇ ਹਨ।

ਪੰਜਾਬ ਸਰਕਾਰ ਠੇਕੇ 'ਤੇ ਰੱਖੇ ਕਾਮਿਆਂ ਨੂੰ ਛੇਤੀ ਪੱਕਾ ਕਰਨ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੇ ਨਾਮ ਉਪਰ ਸੱਤਾ ਵਿੱਚ ਆਈ, ਪਰ ਸਿਵਾਏ ਮੀਟਿੰਗਾਂ ਦੇ ਅਮਲੀ ਰੂਪ ਵਿੱਚ ਕੱਖ ਨਹੀਂ ਹੋਇਆ।ਲੰਘੇ ਚਾਰ ਸਾਲਾਂ ਵਿੱਚ ਇੱਕ ਵੀ ਨਵੀਂ ਬੱਸ ਰੋਡਵੇਜ਼ ਵਿਭਾਗ ਵਿੱਚ ਨਹੀਂ ਪਾਈ ਗਈ, ਸਗੋਂ ਹੁਣ ਕਿਲੋਮੀਟਰ ਬੱਸਾਂ ਪਾਉਣ ਲਈ ਸਰਕਾਰ ਬਜ਼ਿੱਦ ਹੈ, ਜਿਸ ਨਾਲ ਸਿੱਧੇ ਰੂਪ ਵਿੱਚ ਲੋਕਾਂ ਦਾ ਰੋਜ਼ਗਾਰ ਪ੍ਰਭਾਵਿਤ ਹੋਣਾ ਹੈ।ਮਹਿਕਮੇ ਦੀਆਂ ਵਰਕਸ਼ਾਪਾਂ ਬੇਹੱਦ ਖਸਤਾ ਹਾਲ ਹਨ।ਇਨ੍ਹਾਂ ਦੇ ਨਵੀਨੀਕਰਨ ਲਈ ਬਜਟ ਵਿੱਚ ਜੋ 20 ਕਰੋੜ ਰੁਪਏ ਰੱਖੇ ਸਨ, ਉਹ ਵੀ ਸਰਕਾਰ ਦੀ ਲਾਪ੍ਰਵਾਹੀ ਕਰਕੇ ਵਾਪਸ ਹੋ ਗਏ ਹਨ। ਔਰਤਾਂ ਦੇ ਮੁਫ਼ਤ ਸਫ਼ਰ ਸਹੂਲਤ ਦਾ ਲਗਭਗ ਇੱਕ ਹਜ਼ਾਰ ਕਰੋੜ ਰੁਪਈਆ ਸਰਕਾਰ ਵੱਲ ਬਕਾਇਆ ਖੜ੍ਹਾ ਹੈ।ਸਪੇਅਰ ਪਾਰਟ ਦੀ ਸਥਿਤੀ ਇਹ ਹੈ ਕਿ ਮਾਮੂਲੀ ਨੁਕਸ ਕਰਕੇ ਵੀ ਬੱਸ ਹਫ਼ਤਾ-ਹਫ਼ਤਾ ਵਰਕਸ਼ਾਪ ਵਿੱਚ ਹੀ ਖੜ੍ਹੀ ਰਹਿੰਦੀ ਹੈ, ਜਿਸ ਨਾਲ ਰੋਜ਼ਾਨਾ ਲਗਭਗ 01 ਲੱਖ ਕਿਲੋਮੀਟਰ ਮਿਸ ਹੋ ਰਿਹਾ ਹੈ, ਜਿਸ ਦਾ ਸਿੱਧਾ ਲਾਭ ਨਿੱਜੀ ਟਰਾਂਸਪੋਰਟ ਨੂੰ ਦਿੱਤਾ ਜਾ ਰਿਹਾ ਹੈ।ਮਹਿਕਮੇ ਦੀ ਵਿੱਤੀ ਹਾਲਤ ਏਨੀ ਨਿੱਘਰ ਚੁੱਕੀ ਹੈ ਕਿ ਨਵੀਆਂ ਟਿਕਟ ਮਸ਼ੀਨਾਂ ਦੀ ਖਰੀਦ ਕਰਨ ਲਈ ਕੋਈ ਪੈਸਾ ਮੌਜੂਦ ਨਹੀਂ, ਜਦਕਿ ਪੁਰਾਣੀਆਂ ਮਸ਼ੀਨਾਂ ਖਸਤਾ ਹੋ ਚੁੱਕੀਆਂ ਹਨ। ਇਸ ਦੇ ਨਾਲ ਹੀ ਬੱਸ ਸਟੈਂਡ ਲੁਧਿਆਣਾ 'ਤੇ ਸ਼ਰੇਆਮ ਭ੍ਰਿਸ਼ਟਾਚਾਰ ਹੋ ਰਿਹਾ ਹੈ ਤੇ ਪ੍ਰਾਈਵੇਟ ਮਾਫੀਏ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ।ਇਸ ਤੋਂ ਇਲਾਵਾ ਦਫਤਰ ਦੀ ਮੈਨੇਜਮੈਂਟ/ਕਮੇਟੀ ਦੀ ਲਿਖਤੀ ਸਿਫਾਰਿਸ਼ ਤੋਂ ਬਿਨਾਂ ਹੀ ਜੀ ਐੱਮ ਵੱਲੋਂ ਡਿੱਪੂ ਕਰਮਚਾਰੀਆਂ ਦੀ ਆਪਣੀ ਮਰਜ਼ੀ ਨਾਲ ਹੀ ਸੀਟਾਂ ਦੀ ਅਦਲਾ-ਬਦਲੀ ਕੀਤੀ ਜਾਂਦੀ ਹੈ। ਰਿਟਾਇਰ ਹੋਣ ਵਾਲੇ ਮੁਲਾਜ਼ਮਾਂ ਵੱਲੋਂ ਕਿਸੇ ਜਾਇਜ਼ ਕੰਮ ਕਰਕੇ ਜਾਂ ਮੈਡੀਕਲ ਛੁੱਟੀ ਮੰਗਣ 'ਤੇ ਛੁੱਟੀ ਨਹੀਂ ਦਿੱਤੀ ਜਾਂਦੀ ਬਲਕਿ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ।ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਜੀ ਐੱਮ ਤੇ ਟੀ ਐੱਮ ਨੂੰ ਬਹੁਤ ਵਾਰ ਲਿਖਤੀ ਤੌਰ 'ਤੇ ਵੀ ਮੰਗ ਪੱਤਰ ਦਿੱਤਾ ਗਿਆ ਸੀ ਤੇ ਜਥੇਬੰਦੀ ਦੇ ਅਹੁਦੇਦਾਰਾਂ ਵੱਲੋਂ ਇਨ੍ਹਾਂ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਕੀਤੀਆਂ ਗਈਆਂ, ਜੋ ਕਿ ਬੇ-ਸਿੱਟਾ ਰਹੀਆਂ ਹਨ। ਸਾਡੀ ਜਥੇਬੰਦੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਪਰੋਕਤ ਮੰਗਾਂ ਦਾ ਸੰਜੀਦਗੀ ਨਾਲ ਕੋਈ ਹੱਲ ਕੀਤਾ ਜਾਵੇ ਨਹੀਂ ਤਾਂ ਰੋਡਵੇਜ਼, ਪਨਬਸ ਦਾ ਸਮੁੱਚਾ ਕਾਮਾ ਸੜਕਾਂ 'ਤੇ ਆਉਣ ਲਈ ਮਜਬੂਰ ਹੋਵੇਗਾ।

## 78ਵਾਂ ਸਾਲਾਨਾ ਅੰਤਰਰਾਸ਼ਟਰੀ ਨਿਰੰਕਾਰੀ ਸੰਤ ਸਮਾਗਮ ਸ਼ੁਰੂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸੰਤ ਨਿਰੰਕਾਰੀ ਮਿਸ਼ਨ ਦਾ 78ਵਾਂ ਚਾਰ ਰੋਜ਼ਾ ਸਾਲਾਨਾ ਅੰਤਰਰਾਸ਼ਟਰੀ ਨਿਰੰਕਾਰੀ ਸੰਤ ਸਮਾਗਮ ਸ਼ੁੱਕਰਵਾਰ ਤੋਂ ਹਰਿਆਣਾ ਦੇ ਸਮਾਲਖਾਂ ਸ਼ਹਿਰ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਰਹਿਨੁਮਾਈ ਹੇਠ 'ਆਤਮ ਮੰਥਨ' ਵਿਸ਼ੇ ਉੱਪਰ ਸ਼ੁਰੂ ਹੋਣ ਜਾ ਰਿਹਾ ਹੈ, ਜਿੱਥੇ ਭਾਰਤ ਦੇ ਵੱਖ-ਵੱਖ ਸੂਬਿਆਂ ਸਮੇਤ ਬਾਹਰਲੇ ਦੇਸ਼ਾਂ ਦੇ ਸ਼ਰਧਾਲੂ ਵੀ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ।ਇਹ ਜਾਣਕਾਰੀ ਦਿੰਦਿਆਂ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਜੋਗਿੰਦਰ ਸੁਖੀਜਾ ਤੇ ਜ਼ੋਨਲ ਇੰਚਾਰਜ ਸੰਗਰੂਰ ਡਾ. ਵੀ ਸੀ ਲੂਥਰਾ ਨੇ ਦਿੰਦਿਆਂ ਦੱਸਿਆ ਕਿ ਅੰਬਾਲਾ-ਦਿੱਲੀ ਹਾਈਵੇ ਉੱਪਰ ਸਮਾਲਖਾਂ ਵਿਖੇ ਬਣੇ ਸੰਤ ਨਿਰੰਕਾਰੀ ਅਧਿਆਤਮਕ ਸਥਲ ਦੇ ਵਿਸ਼ਾਲ ਗਰਾਊਂਡਾਂ ਵਿੱਚ ਇਹ ਸੰਤ ਸਮਾਗਮ 31 ਅਕਤੂਬਰ ਤੋਂ ਸ਼ੁਰੂ ਹੋ ਕੇ 3 ਨਵੰਬਰ ਤੱਕ ਚੱਲੇਗਾ।ਉਨ੍ਹਾਂ ਦੱਸਿਆ ਕਿ ਇਸ ਸੰਤ ਸਮਾਗਮ ਵਿੱਚ ਪਹੁੰਚਣ ਵਾਲੇ ਲੱਖਾਂ ਸ਼ਰਧਾਲੂਆਂ ਦੇ ਰਹਿਣ-ਸਹਿਣ ਤੇ ਖਾਣ-ਪੀਣ ਦਾ ਪ੍ਰਬੰਧ ਸੰਤ ਨਿਰੰਕਾਰੀ ਮੰਡਲ ਵੱਲੋਂ ਕੀਤਾ ਗਿਆ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਤਾਇਨਾਤ ਸੇਵਾ ਦਲ ਦੇ ਭੈਣ ਭਾਈ ਟਰੈਫਿਕ ਨਿਯਮਾਂ, ਸੁਰੱਖਿਆ ਤੇ ਬਜ਼ੁਰਗਾਂ ਉੱਤੇ ਸਪੈਸ਼ਲ ਲੋੜਾਂ ਵਾਲੇ ਵਿਅਕਤੀਆਂ ਦੀ ਸੇਵਾ ਸੰਭਾਲ ਆਦਿ ਦੇ ਕੰਮ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

## ਹੋਲੀ ਹਾਰਟ ਦੇ ਰਮਨਪ੍ਰੀਤ ਨੇ ਕੁਸ਼ਤੀ 'ਚ ਮੈਡਲ ਜਿੱਤਿਆ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨੇੜਲੇ ਪਿੰਡ ਛਾਜਲੀ ਦੇ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੇ ਵਿਦਿਆਰਥੀਆਂ ਨੇ 69ਵੀਆਂ ਪੰਜਾਬ ਸਕੂਲ ਖੇਡਾਂ ਦੇ ਅੰਤਰ ਜ਼ਿਲ੍ਹਾ ਕੁਸ਼ਤੀ ਮੁਕਾਬਲੇ, ਜੋ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਏ, ਵਿੱਚ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ ਵੱਖ ਉਮਰ ਵਰਗ ਵਿੱਚ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੇ ਵਿਦਿਆਰਥੀਆਂ ਏਕਮਪ੍ਰੀਤ ਸਿੰਘ, ਮਨਿੰਦਰ ਸਿੰਘ, ਜਸਕਰਨ ਸਿੰਘ, ਰਮਨਪ੍ਰੀਤ ਸਿੰਘ, ਗੁਰਨੂਰ ਸਿੰਘ ਨੇ ਭਾਗ ਲਿਆ।ਰਮਨਪ੍ਰੀਤ ਸਿੰਘ ਨੇ ਆਪਣੇ ਭਾਰ ਵਰਗ ਵਿੱਚ ਬਰਾਊਨ ਮੈਡਲ ਜਿੱਤ ਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ।ਸਕੂਲ ਦੇ ਚੇਅਰਮੈਨ ਸ੍ਰ. ਮਨਦੀਪ ਚੱਠਾ ਤੇ ਡਾਇਰੈਕਟਰ ਸ੍ਰ. ਅਮ੍ਰਿਤ ਪਾਲ ਚੱਠਾ ਨੇ ਖਿਡਾਰੀਆਂ ਨੂੰ ਸਕੂਲ ਆਉਣ 'ਤੇ ਸਨਮਾਨਤ ਕੀਤਾ ਅਤੇ ਅੱਗੇ ਹੋਰ ਵੱਧ ਚੜ੍ਹ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਸਮੇਂ ਮੈਡਮ ਕਾਮਨੀ ਸਿੰਗਲਾ, ਲਖਵਿੰਦਰ ਸਿੰਘ, ਮਨਦੀਪ ਸਿੰਘ ਡੀ ਪੀ ਈ, ਹਰਵਿੰਦਰ ਸਿੰਘ ਡੀ ਪੀ ਈ, ਲਖਵਿੰਦਰ ਸਿੰਘ ਡੀ ਪੀ ਈ ਹਾਜ਼ਰ ਸਨ।

## ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 'ਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ 4 ਨੂੰ : ਵਿਧਾਇਕ ਰਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਹਿੰਦ ਦੀ ਚਾਦਰ ਵਜੋਂ ਜਾਣੇ ਜਾਂਦੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਪੰਜਾਬ ਸਰਕਾਰ ਵੱਲੋਂ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ।ਇਸ ਦੇ ਤਹਿਤ ਜਿੱਥੇ ਦਿੱਲੀ ਤੋਂ ਲੈ ਕੇ ਅਨੰਦਪੁਰ ਸਾਹਿਬ ਤੱਕ ਪ੍ਰੋਗਰਾਮ ਹੋ ਰਹੇ ਹਨ, ਉੱਥੇ ਹੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਦਿਆਂ ਹਲਕਾ ਫਤਿਹਗੜ੍ਹ ਸਾਹਿਬ ਅਧੀਨ ਆਉਂਦੇ ਪਿੰਡ ਮਾਧੋਪੁਰ ਦੇ ਸਟੇਡੀਅਮ ਵਿਖੇ 4 ਨਵੰਬਰ ਨੂੰ ਸ਼ਾਮ 6 ਵਜੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਕੀਤਾ ਜਾ ਰਿਹਾ ਹੈ।ਇਹ ਪ੍ਰਗਟਾਵਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ, ਉਹ ਸੂਬੇ ਦੇ ਹਰ ਨਾਗਰਿਕ ਨੂੰ ਸਾਡੇ ਗੁਰੂਆਂ ਦੀਆਂ ਕੀਤੀਆਂ ਕੁਰਬਾਨੀਆਂ ਸਬੰਧੀ ਜਾਗਰੂਕ ਕਰ ਰਹੀ ਹੈ।ਅਜਿਹੇ ਪ੍ਰੋਗਰਾਮ ਸਾਡੇ ਲਈ ਚਾਨਣ ਮੁਨਾਰਾ ਹਨ, ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਇਤਿਹਾਸ ਤੋਂ ਜਾਣੂ ਕਰਵਾਉਂਦੇ ਹਨ।ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਪਰਵਾਰ ਸਮੇਤ ਉਕਤ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰੀਏ ਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਉੱਤੇ ਤਿਆਰ ਲਾਈਟ ਐਂਡ ਸਾਊਂਡ ਪ੍ਰੋਗਰਾਮ ਨੂੰ ਦੇਖੀਏ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਗੁਰੂ ਜੀ ਦੇ ਇਸ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਵੱਡੇ ਪੱਧਰ 'ਤੇ ਸਮਾਗਮ ਕਰ ਰਹੀ ਹੈ ਤੇ 23 ਨਵੰਬਰ ਤੋਂ 25 ਨਵੰਬਰ ਤੱਕ ਆਨੰਦਪੁਰ ਸਾਹਿਬ ਵਿਖੇ ਵੀ ਸੂਬਾ ਪੱਧਰੀ ਪ੍ਰੋਗਰਾਮ ਕੀਤਾ ਜਾ ਰਿਹਾ ਹੈ, ਜਿਸ ਵਿੱਚ ਦੇਸ਼ ਹੀ ਨਹੀਂ ਵਿਦੇਸ਼ਾਂ ਤੋਂ ਵੀ ਸੰਗਤਾਂ ਸ਼ਾਮਲ ਹੋਣ ਲਈ ਪਹੁੰਚ ਰਹੀਆਂ ਹਨ।



ਸ੍ਰੀ ਕ੍ਰਿਸ਼ਨ ਗਊਸ਼ਾਲਾ ਵਿਖੇ ਗੋਪਾਸ਼ਟਮੀ ਮੌਕੇ ਵਿਧਾਇਕ ਨੀਨਾ ਮਿੱਤਲ ਨੂੰ ਸਨਮਾਨਿਤ ਕਰਦੇ ਚੇਅਰਮੈਨ ਸ਼ਾਮ ਲਾਲ ਆਨੰਦ, ਪੰਜ ਮੈਂਬਰੀ ਕਮੇਟੀ ਦੇ ਕੈਸ਼ੀਅਰ ਸੁਰਿੰਦਰ ਮੁਖੀ, ਰੀਤੇਸ਼ ਬਾਂਸਲ, ਤਰਲੋਕ ਚਾਵਲਾ ਤੋਂ ਇਲਾਵਾ ਮੰਦਰ ਦੀ ਮਹਿਲਾ ਪ੍ਰਧਾਨ ਸਨਮਾਨਿਤ ਕਰਦੇ ਹੋਏ। (ਫੋਟੋ ਤੇ ਵੇਰਵਾ : ਰਮੇਸ਼ ਕਟਾਰੀਆ, ਰਾਜਪੁਰਾ)

## ...ਸ.ਫ਼ਾ 3 ਦੇ ਬਾਕੀ

### ਵਹੀਰਾਂ ਘੱਤ ਲਓ, ਗ਼ਦਰੀ...





ਕ੍ਰਮਵਾਰ ਜੀਆ (ਗੌਰਮਿੰਟ ਕਾਲਜ, ਹੁਸ਼ਿਆਰਪੁਰ), ਹਰਪ੍ਰੀਤ ਕੌਰ (ਖਾਲਸਾ ਕਾਲਜ, ਸੁਲਤਾਨਪੁਰ ਲੋਧੀ) ਅਤੇ ਸੁਖਨਜੋਤ ਸਿੰਘ ਜੌਹਲ (ਏ ਪੀ ਜੇ ਕਾਲਜ, ਜਲੰਧਰ) ਨੇ ਪ੍ਰਾਪਤ ਕੀਤਾ। ਗਾਇਨ ਮੁਕਾਬਲੇ ਦੇ ਸੋਲੋ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਹਰਮਨਪ੍ਰੀਤ ਸਿੰਘ (ਸੇਂਟ ਸੋਲਜ਼ਰ ਲਾਅ ਕਾਲਜ, ਜਲੰਧਰ), ਸੁਖਬੀਰ ਕੌਰ (ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ) ਅਤੇ ਅਰਸ਼ਜੋਤ (ਗਰਚਾ ਮਿਊਜ਼ਿਕ ਅਕੈਡਮੀ, ਬੰਗਾ) ਨੇ ਪ੍ਰਾਪਤ ਕੀਤਾ।

ਗਾਇਨ ਦੇ ਗਰੁੱਪ ਮੁਕਾਬਲੇ 'ਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਗੌਰੀ ਰੁਧਰ ਤੇ ਸਾਥੀ (ਡੀ ਏ ਵੀ ਸਕੂਲ ਬਿਲਗਾ), ਅੰਜਲੀ ਤੇ ਸਾਥੀ (ਜਲੰਧਰ ਮਾਡਲ ਸਕੂਲ, ਜਲੰਧਰ) ਅਤੇ ਸਿਮਰਨ ਤੇ ਸਾਥੀ (ਐਮ ਜੀ ਐਨ ਐਜੂਕੇਸ਼ਨ ਕਾਲਜ, ਜਲੰਧਰ) ਨੇ ਪ੍ਰਾਪਤ ਕੀਤਾ।

ਪੇਂਟਿੰਗ ਮੁਕਾਬਲੇ ਦੇ ਗਰੁੱਪ ਏ 'ਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਮੰਨਤ (ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਕਪੂਰਥਲਾ), ਤਰੁਨ (ਲਾਲਾ ਜਗਤ ਨਰਾਇਣ ਡੀ ਏ ਵੀ ਮਾਡਲ ਸਕੂਲ, ਜਲੰਧਰ), ਕਿਰਨਜੋਤ ਕੌਰ (ਗੌਰਮਿੰਟ ਐਜੂਕੇਸ਼ਨ ਕਾਲਜ, ਜਲੰਧਰ), ਗਰੁੱਪ ਬੀ 'ਚ ਨੀਤਿਸ਼ ਕਾਂਤ (ਲਿਟਲ ਏਂਜਲਜ਼ ਕੋ-ਐਡ. ਸਕੂਲ, ਕਪੂਰਥਲਾ), ਨੀਤੇਸ਼ ਬੱਧਨ (ਐਸ ਡੀ ਮਾਡਲ ਸਕੂਲ, ਜਲੰਧਰ) ਅਤੇ ਪ੍ਰਥਮਜੋਤ ਕੌਰ (ਡਿਪਸ ਸਕੂਲ, ਅਰਬਨ ਅਸਟੇਟ, ਜਲੰਧਰ) ਅਤੇ ਗਰੁੱਪ ਸੀ ਵਿੱਚ ਵਿਰਾਟ (ਐਸ.ਆਰ. ਟੰਗਰੀ ਡੀ ਏ ਵੀ ਸਕੂਲ, ਬਿਲਗਾ), ਜਸਕਰਨ ਸਿੰਘ (ਜਲੰਧਰ ਮਾਡਲ ਸਕੂਲ, ਜਲੰਧਰ) ਅਤੇ ਸਾਕਸ਼ੀ ਸ਼ਰਮਾ (ਲਾਲਾ ਜਗਤ ਨਰਾਇਣ ਸਕੂਲ, ਜਲੰਧਰ) ਨੇ ਪ੍ਰਾਪਤ ਕੀਤਾ। ਸਭਨਾਂ ਮੁਕਾਬਲਿਆਂ ਦੇ ਜੇਤੂਆਂ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਗਦ ਰਾਸ਼ੀ, ਪੁਸਤਕਾਂ ਅਤੇ ਸਰਟੀਫਿਕੇਟ ਨਾਲ ਸਨਮਾਨ ਕੀਤਾ ਗਿਆ। ਵਿਚਾਰ-ਚਰਚਾ ਮੌਕੇ ਮੰਚ 'ਤੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਪ੍ਰੋ. ਤੇਜਿੰਦਰ ਵਿਰਲੀ ਸੁਸ਼ੋਭਤ ਸਨ। ਇਸ ਵਿਚਾਰ-ਚਰਚਾ 'ਚ ਬੋਲਦੇ ਹੋਏ ਪ੍ਰਭਾਤ ਪਟਨਾਇਕ ਨੇ ਕਿਹਾ ਕਿ ਸਾਮਰਾਜੀ ਅਰਥਚਾਰੇ ਦਾ ਮਰਲ ਪਹਿਰੇ ਪਿਆ ਸੰਕਟ ਲੋਕਾਂ ਉਪਰ ਚੌਤਰਫ਼ੇ ਸੰਕਟ ਅਤੇ ਹੱਲੇ ਲੱਦ ਰਿਹਾ ਹੈ। ਡਾ. ਸਵਰਾਜਬੀਰ ਨੇ ਕਿਹਾ ਕਿ ਸਾਡੇ ਮੁਲਕ ਅੰਦਰ ਫਾਸ਼ੀਵਾਦ ਦੀਆਂ ਜੜ੍ਹਾਂ ਬਸਤੀਵਾਦੀ ਗ਼ੁਲਾਮੀ 'ਚ ਲੱਗੀਆਂ ਹਨ। ਉਹਨਾਂ ਕਿਹਾ ਕਿ ਇਸ ਨੂੰ ਭਾਂਜ ਦੇਣ ਲਈ ਗ਼ਦਰ ਲਹਿਰ ਦੇ ਚਿੰਤਨ ਦੀ ਆਧਾਰਸ਼ਿਲਾ 'ਤੇ ਖੜ੍ਹੇ ਹੋ ਕੇ ਵਿਸ਼ਾਲ ਸਾਂਝ ਉਸਾਰਨ ਦੀ ਲੋੜ ਹੈ।

ਸ਼ਾਮ 4 ਵਜੇ ਹੋਏ ਕਵੀ-ਦਰਬਾਰ ਦਾ ਆਗਾਜ਼ ਦਰਜਨਾਂ ਹੀ ਕਿਤਾਬਾਂ ਲੋਕ-ਅਰਪਣ ਕਰਨ ਨਾਲ ਹੋਇਆ। ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਪਾਲ ਕੌਰ, ਸੁਰਜੀਤ ਜੱਜ, ਹਰਮੀਤ ਵਿਦਿਆਰਥੀ ਅਤੇ ਸੁਸ਼ੀਲ ਦੁਸਾਂਝ ਦੀ ਪ੍ਰਧਾਨਗੀ ਅਤੇ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਦੇ ਮੰਚ ਸੰਚਾਲਨ 'ਚ ਹੋਏ ਕਵੀ ਦਰਬਾਰ ਵਿੱਚ ਮਨਜੀਤ ਪੁਰੀ, ਸੰਦੀਪ ਜਸਵਾਲ, ਬਲਜੀਤ ਬੱਲ, ਤਲਵਿੰਦਰ ਸ਼ੇਰਗਿੱਲ, ਪੁਸ਼ਪਿੰਦਰ ਵਿਰਕ, ਗੋਪਾਲ ਸਿੰਘ ਬੁੱਟਰ, ਤਾਰੀ ਅਟਵਾਲ ਬਰਮਿੰਘਮ, ਪ੍ਰੀਤ ਜੱਗਾ, ਸ਼ਬਦੀਸ਼, ਅਰਵਿੰਦਰ ਕੌਰ ਕਾਕੜਾ, ਸਤੇਂਦਰ ਕੁਮਾਰ ਅਤੇ ਮਨਦੀਪ ਔਲਖ ਕਵੀਆਂ ਨੇ ਆਪਣੀਆਂ ਨਜ਼ਮਾਂ ਸਾਂਝੀਆਂ ਕੀਤੀਆਂ।

ਪੀਪਲਜ਼ ਵਾਇਸ ਵੱਲੋਂ ਗ਼ਦਰੀ ਬਾਬਿਆਂ ਦੇ ਮੇਲੇ 'ਚ ਫ਼ਿਲਮਾਂ ਦੀ ਸਕਰੀਨਿੰਗ ਕੀਤੀ ਗਈ। ਪਹਿਲੀ ਫ਼ਿਲਮ 'ਦਾ ਪਰੇਜ਼ੈਂਟ' ਫ਼ਲਸਤੀਨ ਦੇ ਨਸਲਘਾਤ ਅਤੇ ਹਨੇਰੇ ਰਾਹਾਂ ਉਪਰ ਰੌਸ਼ਨੀ ਦੇ ਸਫ਼ਰ ਦੀ ਲਾ-ਮਿਸਾਲ ਕਹਾਣੀ ਪੇਸ਼ ਕੀਤੀ ਗਈ। ਇਸ ਫ਼ਿਲਮ ਦੇ ਦਿਲਕਸ਼ ਦ੍ਰਿਸ਼ ਫ਼ਲਸਤੀਨ ਦੇ ਲੋਕਾਂ ਦੀ ਹੱਕੀ ਜੱਦੋ-ਜਹਿਦ ਦਾ ਲਾ ਮਿਸਾਲ ਨਮੂਨਾਂ ਦੁਨੀਆਂ ਅੱਗੇ ਪੇਸ਼ ਕਰਦੇ ਹਨ।

ਦੂਜੀ ਫ਼ਿਲਮ 'ਲੋਹਾ ਗਰਮ' ਪੇਸ਼ ਕੀਤੀ ਗਈ। ਇਹ ਫ਼ਿਲਮ ਕਬਾਇਲੀ ਖੇਤਰ ਦੇ ਲੋਕਾਂ ਦੇ ਜੰਗਲ, ਜਲ, ਜ਼ਮੀਨ ਅਤੇ ਹੋਰ ਕੁਦਰਤੀ ਅਨਮੋਲ ਸੋਮਿਆਂ ਨੂੰ ਖੋਹਣ ਅਤੇ ਉਹਨਾਂ ਦੇ ਮੁੱਢਲੇ ਮਾਨਵੀ ਹੱਕਾਂ ਉਪਰ ਅਤੇ ਸਮਾਜਕ ਸਰੋਕਾਰਾਂ ਉਪਰ ਡਾਕਾ ਮਾਰਨ ਦੀ ਹਿਰਦੇਵੇਦਕ ਕਹਾਣੀ ਪੇਸ਼ ਕਰਦੀ ਹੈ। ਫ਼ਿਲਮ ਦੀ ਸਕਰੀਨਿੰਗ ਮੌਕੇ ਪੀਪਲਜ਼ ਵਾਇਸ ਟੀਮ ਦੇ ਆਗੂ ਡਾ. ਸੈਲੇਸ਼ ਨੇ ਕਿਹਾ ਕਿ ਫ਼ਲਸਤੀਨ ਹੋਵੇ ਜਾਂ ਆਦਿਵਾਸੀ ਖੇਤਰ, ਜਾਂ ਦੁਨੀਆਂ ਦਾ ਕੋਈ ਵੀ ਖਿੱਤਾ ਉਸਦੀ ਦਾਸਤਾਂ ਪੇਸ਼ ਕਰਨ ਵਿੱਚ ਜਿਥੇ ਫ਼ਿਲਮਸਾਜ਼, ਵਿਦਵਾਨ, ਲੇਖਕ, ਕਵੀ, ਰੰਗ ਕਰਮੀ ਅਤੇ ਫੋਟੋ ਪੱਤਰਕਾਰ ਆਪਣੀ ਜਿੰਦ ਤਲੀ 'ਤੇ ਧਰਕੇ ਭੂਮਿਕਾ ਨਿਭਾ ਰਹੇ ਹਨ। ਉਸੇ ਤਰਜ਼ 'ਤੇ ਅੱਜ ਦਾ ਮੇਲਾ ਗ਼ਦਰੀ ਬਾਬਿਆਂ ਦਾ ਰੌਸ਼ਨੀ ਕਰਦਾ ਹੈ। ਇਹੋ ਕਹਾਣੀ ਇਹਨਾਂ ਫ਼ਿਲਮਾਂ ਦੇ ਵਿਸ਼ਿਆਂ ਦਾ ਮੂਲ ਆਧਾਰ ਹੈ।

### ਅੱਜ ਹੋਣ ਵਾਲੇ ਸਮਾਗਮ

ਮੇਲੇ ਦੇ ਸਿਖ਼ਰਲੇ ਦਿਨ ਪਹਿਲੀ ਨਵੰਬਰ ਸਵੇਰੇ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕੁਲਬੀਰ ਸਿੰਘ ਸੰਘੇੜਾ ਕਰਨਗੇ। ਇਸ ਮੌਕੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਸੰਬੋਧਨ ਕਰਨਗੇ। ਅਮੋਲਕ ਸਿੰਘ ਦਾ ਲਿਖਿਆ ਸੱਤਪਾਲ ਬੰਗਾ ਪਟਿਆਲਾ ਦੁਆਰਾ ਨਿਰਦੇਸ਼ਤ ਕੀਤਾ ਸੰਗੀਤ ਨਾਟ ਓਪੇਰਾ ਝੰਡੇ ਦਾ ਗੀਤ 'ਗ਼ਦਰੀ ਗੁਲਾਬ ਖਿੜਦੇ ਰਹਿਣਗੇ' 100 ਕਲਾਕਾਰਾਂ ਵੱਲੋਂ ਪੇਸ਼ ਕੀਤਾ ਜਾਏਗਾ। ਮੁਹੰਮਦ ਯੂਸਫ਼ ਤਾਰੀਗਾਮੀ ਅਤੇ ਡਾ. ਨਵਸ਼ਰਨ ਮੁੱਖ ਵਕਤਾ ਹੋਣਗੇ। ਦਿਨ ਵੇਲੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਨਾਟਕ ਹੋਏਗਾ 'ਧਰਤ ਵੰਗਾਰੇ ਤਖ਼ਤ ਨੂੰ'। ਸ਼ਾਮ 7 ਵਜੇ ਤੋਂ 2 ਨਵੰਬਰ ਸਰਘੀ ਵੇਲੇ ਤੱਕ ਨਾਟਕਾਂ ਭਰੀ ਰਾਤ 'ਚ ਲੋਕ ਕਲਾ ਮੰਚ ਮਾਨਸਾ, ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਮਾਲਾ ਹਾਸ਼ਮੀ ਨਵੀਂ ਦਿੱਲੀ, ਪ੍ਰੋਗਰੈਸਿਵ ਆਰਟਿਸਟਸ ਲੀਗ ਨਵੀਂ ਦਿੱਲੀ, ਛਤੀਸਗੜ੍ਹ, ਏਕੱਤਰ ਚੰਡੀਗੜ੍ਹ ਨਾਟਕ ਪੇਸ਼ ਕਰਨਗੇ।

### ਪੀ ਆਰ ਟੀ ਸੀ ਕਾਮਿਆਂ...

ਰੱਖੀਆਂ ਹੋਈਆਂ ਹਨ।ਪੰਜਾਬ ਸਰਕਾਰ ਪੀ.ਆਰ.ਟੀ.ਸੀ. ਦੇ ਪ੍ਰਬੰਧਕਾਂ 'ਤੇ ਦਬਾਅ ਪਾ ਕੇ ਪੁਰਾਣਾ ਬੱਸ ਅੱਡਾ ਪਟਿਆਲਾ ਅਤੇ ਇੱਥੋਂ ਦੀ ਵਰਕਸ਼ਾਪ ਦੀ ਜਗ੍ਹਾ ਵੇਚਣ ਦਾ ਤੇਜ਼ੀ ਨਾਲ ਯਤਨ ਕਰ ਰਹੀ ਹੈ।ਜਿਸ ਦਾ ਕਿ ਵਰਕਰਾਂ ਵੱਲੋਂ ਜ਼ਬਰਦਸਤ ਵਿਰੋਧ ਕੀਤਾ ਜਾ ਰਿਹਾ ਹੈ।ਸੇਵਾ ਮੁਕਤ ਕਰਮਚਾਰੀਆਂ ਦੇ ਸੇਵਾ-ਮੁਕਤੀ ਲਾਭ ਇੱਕ ਸਾਲ ਤੋਂ ਵੱਧ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ। ਸਰਕਾਰ ਵੱਲੋਂ ਟੀ.ਏ. ਰੂਲਾਂ ਵਿੱਚ ਕੀਤੀ ਸੁਧਾਈ ਲਾਗੂ ਨਾ ਕਰਕੇ ਪ੍ਰਬੰਧਕ ਵਰਕਰਾਂ ਦਾ ਘੋਰ ਆਰਥਿਕ ਸ਼ੋਸ਼ਣ ਕਰ ਰਹੇ ਹਨ। ਸਰਕਾਰ ਦੇ ਫੈਸਲੇ ਮੁਤਾਬਿਕ 01-04-2004 ਤੋਂ ਪਹਿਲਾਂ ਭਰਤੀ ਹੋਏ ਵਰਕਰਾਂ ਨੂੰ ਪੈਨਸ਼ਨ ਦਾ ਹੱਕਦਾਰ ਨਹੀਂ ਬਣਾਇਆ ਗਿਆ।ਰਿਟ ਨੰ: 8240 ਰਾਹੀਂ ਰੈਗੂਲਰ ਹੋਏ ਕਰਮਚਾਰੀਆਂ ਦਾ ਜੀ.ਪੀ. ਫੰਡ ਨਾ ਕੱਟ ਕੇ ਪੈਨਸ਼ਨ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ।ਵਿਵਾਦਗ੍ਰਸਤ ਕਿਲੋਮੀਟਰ ਸਕੀਮ ਅਧੀਨ ਬੱਸ ਪਾਉਣ ਦੀ ਜ਼ਿੱਦ ਨਹੀਂ ਛੱਡੀ ਜਾ ਰਹੀ। ਪਟਿਆਲਾ ਵਿਖੇ ਨਵੇਂ ਬੱਸ ਸਟੈਂਡ ਵਿੱਚ ਬਣੀ ਵਰਕਸ਼ਾਪ ਵਿੱਚ ਅਨੇਕਾਂ ਕਮੀਆਂ ਹਨ, ਜਿਨ੍ਹਾਂ ਕਰਕੇ ਜਿੱਥੇ ਵਰਕਰਾਂ ਨੂੰ ਮੁਸ਼ਕਲਾਂ ਆ ਰਹੀਆਂ ਹਨ, ਉੱਥੇ ਹੀ ਅਦਾਰੇ ਦਾ ਕੰਮ ਵੀ ਸੁਚਾਰੂ ਢੰਗ ਨਾਲ ਨਹੀਂ ਚੱਲ ਰਿਹਾ।ਪਟਿਆਲਾ ਦੇ ਨਵੇਂ ਬੱਸ ਸਟੈਂਡ ਦੀ ਉਸਾਰੀ ਦਾ ਮਿਆਰ ਵੀ ਸਬ ਸਟੈਂਡਰਡ ਹੈ ਅਤੇ ਉਸਾਰੀ ਦੀ ਯੋਜਨਾਬੰਦੀ ਵੀ ਠੀਕ ਨਹੀਂ ਕਿਉਂਕਿ ਕਈ ਵੱਡੇ-ਛੋਟੇ ਹਾਲ ਬੇਲੋੜੇ ਬਣਾ ਦਿੱਤੇ ਗਏ ਹਨ।ਐਕਸ਼ਨ ਕਮੇਟੀ ਨੇ ਪੀ.ਆਰ.ਟੀ.ਸੀ. ਦੇ ਸਮੁੱਚੇ ਕਰਮਚਾਰੀਆਂ ਨੂੰ ਅਤੇ ਸੇਵਾ-ਮੁਕਤ ਕਰਮਚਾਰੀਆਂ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਇਨ੍ਹਾਂ ਅਹਿਮ ਮੁੱਦਿਆਂ ਨੂੰ ਲੈ ਕੇ 11 ਨਵੰਬਰ ਨੂੰ ਕੀਤੀ ਜਾ ਰਹੀ ਰੋਸ ਰੈਲੀ ਅਤੇ ਰੋਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਨਵਾਂ ਬੱਸ ਸਟੈਂਡ ਪਟਿਆਲਾ ਵਿੱਚ ਪਹੁੰਚਣ।

## ਸ਼ਹੀਦਾਂ ਨੂੰ ਸਮਰਪਤ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਭਰਵਾਂ ਸਵਾਗਤ

**ਲੌਂਗੋਵਾਲ (ਪ੍ਰਦੀਪ ਸੱਪਲ)**-53 ਸ਼ਹੀਦਾਂ ਦੀ ਧਰਤੀ ਲੌਂਗੋਵਾਲ ਵਿਖੇ ਧੰਨ-ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ 350 ਸਾਲਾ ਸਮਰਪਤ ਮੁੱਖ ਰੱਖਦਿਆਂ, ਜੋ ਨਗਰ ਕੀਰਤਨ ਗੁਰਦੁਆਰਾ ਸਾਹਿਬ ਧੋਬੜੀ (ਆਸਾਮ) ਤੋਂ ਆਰੰਭ ਹੋਇਆ ਸੀ, ਉਹ ਨਗਰ ਕੀਰਤਨ ਸ਼ਾਹਪੁਰ ਤੋਂ ਹੁੰਦਾ ਕਸਬਾ ਲੌਂਗੋਵਾਲ ਵਿਖੇ ਪਹੁੰਚਣ 'ਤੇ ਸਮੂਹ ਸਾਧ ਸੰਗਤ ਵੱਲੋਂ ਫੁੱਲ ਦੀ ਵਰਖਾ ਕਰਕੇ ਭਰਵਾਂ ਸਵਾਗਤ ਕੀਤਾ ਗਿਆ।ਇਸ ਦਾ ਮੁੱਖ ਪਹਿਲਾ ਪੜਾਅ ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਪੱਤੀ ਰੰਧਾਵਾਂ ਵਿਖੇ ਹੋਇਆ।ਇਸ ਤੋਂ ਅੱਗੇ ਮੰਡੇਰਾ ਵਾਲਾ ਬੱਸ ਸਟੈਂਡ, ਗਊਸ਼ਾਲਾ ਰੋਡ ਲੋਹਾਖੇੜਾ, ਗੁਰਦੁਆਰਾ ਸਿੱਧ ਸਮਾਧਾਂ ਤੇ ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਡੈਲੀਗੇਟ ਗੁਰਮੀਤ ਸਿੰਘ ਲੱਲੀ ਕੌਂਸਲਰ ਦੇ ਘਰ ਹੁੰਦਾ ਹੋਇਆ ਅਤੇ ਸਬ-ਤਹਿਸੀਲ ਦੇ ਸਾਹਮਣੇ ਅੰਮ੍ਰਿਤਪਾਲ ਸਿੰਘ ਸਿੱਧੂ ਦੇ ਦਫਤਰ ਤੋਂ ਹੁੰਦਾ ਹੋਇਆ ਬਡਬਰ ਵੱਲ ਨੂੰ ਰਵਾਨਾ ਹੋਇਆ। ਇਸ ਮੌਕੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੇਲਾ ਸਿੰਘ ਸੂਬੇਦਾਰ, ਅੰਮ੍ਰਿਤਪਾਲ ਸਿੰਘ ਸਿੱਧੂ, ਗੁਰਮੀਤ ਸਿੰਘ ਲੱਲੀ, ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ ਦੇ ਨਵੇਂ ਮੈਨੇਜਰ ਅਮਰੀਕ ਸਿੰਘ, ਵਿਜੇ ਗੋਇਲ, ਯੂਥ ਜ਼ਿਲ੍ਹਾ ਪ੍ਰਧਾਨ ਗੁਰਤੇਗ ਸਿੰਘ ਲੌਂਗੋਵਾਲ, ਜਗਸੀਰ ਸਿੰਘ ਗਾਂਧੀ, ਸਾਬਕਾ ਪ੍ਰਧਾਨ ਦਲਜੀਤ ਸਿੰਘ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਡਾ. ਮਾਲਵਿੰਦਰ ਸਿੰਘ ਸਿੱਧੂ, ਮਹਾਂਮੰਡਲੇਸ਼ਵਰ ਸੁਆਮੀ ਚੰਦਰਮੁਨੀ ਪਿੰਡ ਸ਼ੇਰੋਂ, ਬਲਵਿੰਦਰ ਸਿੰਘ ਢਿੱਲੋਂ ਨੇ ਆਪਣੀ ਨਗਰ ਕੀਰਤਨ ਵਿੱਚ ਹਾਜ਼ਰੀ ਲਗਵਾਈ।

### ਉਮਰ ਖਾਲਿਦ ਨੇ ...

ਕਿਹਾ ਕਿ ਦਿੱਲੀ ਹਾਈ ਕੋਰਟ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰਦੇ ਹੋਏ ਉਮਰ ਖਾਲਿਦ ਦੇ 17 ਫਰਵਰੀ, 2020 ਦੇ ਅਮਰਾਵਤੀ ਵਿੱਚ ਦਿੱਤੇ ਭਾਸ਼ਣ ਨੂੰ ਭੜਕਾਊ ਕਰਾਰ ਦਿੱਤਾ ਸੀ। ਸਿੱਬਲ ਨੇ ਅੱਗੇ ਕਿਹਾ, "ਇਹ ਯੂਟਿਊਬ 'ਤੇ ਉਪਲੱਬਧ ਹੈ। ਇਹ ਇੱਕ ਜਨਤਕ ਭਾਸ਼ਣ ਸੀ, ਜਿੱਥੇ ਖਾਲਿਦ ਨੇ ਗਾਂਧੀਵਾਦੀ ਸਿਧਾਂਤਾਂ ਬਾਰੇ ਗੱਲ ਕੀਤੀ ਸੀ।"

ਗੁਲਫਿਸ਼ਾ ਫਾਤਿਮਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਦਲੀਲ ਦਿੱਤੀ ਕਿ ਉਹ ਅਪਰੈਲ 2020 ਤੋਂ ਪਿਛਲੇ ਪੰਜ ਸਾਲ ਅਤੇ ਪੰਜ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ। ਸਿੰਘਵੀ ਨੇ ਦੱਸਿਆ ਕਿ ਜਦੋਂ ਕਿ ਮੁੱਖ ਚਾਰਜਸ਼ੀਟ 16 ਸਤੰਬਰ, 2020 ਨੂੰ ਦਾਇਰ ਕੀਤੀ ਗਈ ਸੀ, ਪ੍ਰੋਸੀਕਿਊਸ਼ਨ ਨੇ ਹਰ ਸਾਲ ਸਪਲੀਮੈਂਟਰੀ ਚਾਰਜਸ਼ੀਟਾਂ ਦਾਇਰ ਕਰਨਾ ਇੱਕ ਸਾਲਾਨਾ ਰਿਵਾਜ ਬਣਾ ਲਿਆ ਹੈ। ਉਨ੍ਹਾ ਦੱਸਿਆ ਕਿ ਫਾਤਿਮਾ ਦੀ ਜ਼ਮਾਨਤ ਅਰਜ਼ੀ 'ਤੇ ਵਿਚਾਰ ਕਰਨ ਵਿੱਚ ਬਹੁਤ ਜ਼ਿਆਦਾ ਦੇਰੀ ਹੋਈ ਹੈ, ਜਿਸਨੂੰ 2020 ਤੋਂ ਲੈ ਕੇ 90 ਤੋਂ ਵੱਧ ਵਾਰ ਸੂਚੀਬੱਧ ਕੀਤਾ ਗਿਆ ਹੈ। ਸਿੰਘਵੀ ਨੇ ਕਿਹਾ ਕਿ ਉਸ ਦੇ ਮੁਵੱਕਿਲ ਦੇ ਖਿਲਾਫ ਦੋਸ਼ ਸਿਰਫ ਇਹ ਹੈ ਕਿ ਉਸ ਨੇ ਤਾਲਮੇਲ ਜਾਂ ਸਮਰਥਨ ਜੁਟਾਉਣ ਲਈ ਇੱਕ ਵਟਸਐਪ ਗਰੁੱਪ ਬਣਾਇਆ ਸੀ। ਉਨ੍ਹਾ ਕਿਹਾ, "ਪਰ ਕਾਨੂੰਨ ਵਿੱਚ ਅਸਲ ਪ੍ਰੀਖਿਆ, ਜਿਵੇਂ ਕਿ ਸੁਪਰੀਮ ਕੋਰਟ ਵੱਲੋਂ ਨਿਰਧਾਰਤ ਕੀਤੀ ਗਈ ਹੈ, ਇਹ ਹੈ ਕਿ ਕੀ ਹਿੰਸਾ ਭੜਕਾਉਣ ਜਾਂ ਅਸਹਿਮਤੀ ਪੈਦਾ ਕਰਨ ਦਾ ਕੋਈ ਇਰਾਦਾ ਸੀ।" ਸ਼ਰਜੀਲ ਇਮਾਮ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਦਵੇ ਨੇ ਦੱਸਿਆ ਕਿ ਪੁਲਸ ਨੇ ਆਪਣੀ ਜਾਂਚ ਪੂਰੀ ਕਰਨ ਲਈ ਤਿੰਨ ਸਾਲ ਲਏ। ਇਸ ਮਾਮਲੇ ਦੀ ਸੁਣਵਾਈ ਅਧੂਰੀ ਰਹੀ ਅਤੇ 3 ਨਵੰਬਰ ਨੂੰ ਜਾਰੀ ਰਹੇਗੀ।

### ਕਿਸਾਨਾਂ 'ਤੇ ਅੱਤਿਆਚਾਰ...

ਸੰਕਟ ਦੀ ਘੜੀ ਵਿੱਚ ਦੇਸ਼ ਦੇ ਕਿਸਾਨਾਂ ਦੇ ਨਾਲ ਖੜ੍ਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਸਿਰਫ਼ ਪੰਜਾਬ ਹੀ ਅਜਿਹਾ ਸੂਬਾ ਹੈ ਜੋ ਕੌਮੀ ਖੁਰਾਕ ਪੂਲ ਵਿੱਚ 180 ਲੱਖ ਮੀਟਰਿਕ ਟਨ ਝੋਨੇ ਅਤੇ 150 ਲੱਖ ਮੀਟਰਿਕ ਟਨ ਕਣਕ ਦਾ ਯੋਗਦਾਨ ਪਾਉਂਦਾ ਹੈ। ਭਾਜਪਾ ਦੇ ਕਿਸਾਨ ਵਿਰੋਧੀ ਰਵੱਈਏ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਗੁਜਰਾਤ ਸਰਕਾਰ ਨੇ ਬੇਮੌਸਮੀ ਬਾਰਿਸ਼ ਕਾਰਨ ਤਬਾਹ ਹੋਈਆਂ ਫਸਲਾਂ ਲਈ ਕਿਸਾਨਾਂ ਨੂੰ ਮੁਆਵਜ਼ੇ ਦਾ ਇੱਕ ਪੈਸਾ ਵੀ ਨਹੀਂ ਦਿੱਤਾ। ਖੇਤੀਬਾੜੀ ਅਤੇ ਕਿਸਾਨਾਂ ਨੂੰ ਦੇਸ਼ ਦੀ ਰੀੜ੍ਹ ਦੀ ਹੱਡੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ, ਜਦੋਂ ਕਿ ਭਾਜਪਾ ਆਗੂ ਕਿਸਾਨਾਂ ਨੂੰ ਅਣਗੌਲਿਆ ਕਰ ਰਹੇ ਹਨ। ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟ ਕਰਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ' ਸਰਕਾਰ ਜ਼ੁਲਮ, ਬੇਇਨਸਾਫ਼ੀ ਅਤੇ ਅੱਤਿਆਚਾਰ ਵਿਰੁੱਧ ਕਿਸਾਨਾਂ ਦੀ ਲੜਾਈ ਵਿੱਚ ਉਨ੍ਹਾਂ ਦੇ ਨਾਲ ਹੈ।

### ਸੰਘ 'ਤੇ ਪਾਬੰਦੀ ...

ਕੋਈ ਤੁਹਾਡਾ ਇਤਿਹਾਸ ਜਾਣਦਾ ਹੈ। ਨਹਿਰੂ ਪਹਿਲੇ ਵਿਅਕਤੀ ਸਨ ਜਿਨ੍ਹਾ ਨੇ ਗੁਜਰਾਤ ਵਿੱਚ ਪਟੇਲ ਦੀ ਮੂਰਤੀ ਦਾ ਉਦਘਾਟਨ ਕੀਤਾ ਅਤੇ ਸਰਦਾਰ ਸਰੋਵਰ ਡੈਮ ਦਾ ਨੀਂਹ ਪੱਥਰ ਰੱਖਿਆ। ਇਸੇ ਦੌਰਾਨ ਸਾਬਕਾ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਦੀ ਜਯੰਤੀ ਮੌਕੇ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਹੈ ਕਿ ਖਾਸ ਤੌਰ 'ਤੇ 2014 ਤੋਂ ਇਤਿਹਾਸ ਨੂੰ ਬੇਸ਼ਰਮੀ ਨਾਲ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਅਤੇ ਵਿਗਾੜਿਆ ਗਿਆ ਹੈ। ਰਮੇਸ਼ ਨੇ 'ਐਕਸ' 'ਤੇ ਲਿਖਿਆ, "ਅੱਜ ਜਦੋਂ ਇੱਕ ਸ਼ੁਕਰਗੁਜ਼ਾਰ ਦੇਸ਼ ਸਰਦਾਰ ਪਟੇਲ ਦੀ 150ਵੀਂ ਜਯੰਤੀ ਮਨਾ ਰਿਹਾ ਹੈ, ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 13 ਫਰਵਰੀ, 1949 ਨੂੰ ਜਵਾਹਰ ਲਾਲ ਨਹਿਰੂ ਨੇ ਗੋਧਰਾ ਵਿੱਚ ਸਰਦਾਰ ਪਟੇਲ ਦੇ ਬੁੱਤ ਤੋਂ ਪਰਦਾ ਹਟਾਇਆ ਸੀ, ਜਿੱਥੇ ਭਾਰਤ ਦੇ ਲੋਹ ਪੁਰਸ਼ ਨੇ ਆਪਣੀ ਕਾਨੂੰਨੀ ਪ੍ਰੈਕਟਿਸ ਸ਼ੁਰੂ ਕੀਤੀ ਸੀ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਦੀ ਉਨ੍ਹਾਂ ਦੀ ਸ਼ਕਤੀਸ਼ਾਲੀ ਅਤੇ ਗੂੜ੍ਹੀ ਸਾਂਝ ਦੀ ਸਮਝ ਪ੍ਰਾਪਤ ਕਰਨ ਲਈ ਉਸ ਮੌਕੇ ਨਹਿਰੂ ਦੇ ਭਾਸ਼ਣ ਨੂੰ ਵਾਰ-ਵਾਰ ਪੜ੍ਹਿਆ ਜਾਣਾ ਚਾਹੀਦਾ ਹੈ।" ਰਮੇਸ਼ ਨੇ ਕਿਹਾ, "ਖਾਸ ਤੌਰ 'ਤੇ 2014 ਤੋਂ ਜੀ-2 ਅਤੇ ਉਨ੍ਹਾਂ ਦੇ ਈਕੋਸਿਸਟਮ ਵੱਲੋਂ ਇਤਿਹਾਸ ਨੂੰ ਬੇਸ਼ਰਮੀ ਨਾਲ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਅਤੇ ਵਿਗਾੜਿਆ ਗਿਆ ਹੈ। ਨਿਰਸਵਾਰਥ ਆਗੂ ਉਸ ਵਿਚਾਰਧਾਰਾ ਦੁਆਰਾ ਆਪਣੀ ਦੁਰਵਰਤੋਂ ਤੋਂ ਭੈਭੀਤ ਹੋਏ ਹੋਣਗੇ, ਜਿਸ ਦੀ ਆਜ਼ਾਦੀ ਦੀ ਲਹਿਰ ਵਿੱਚ, ਸੰਵਿਧਾਨ ਦੇ ਨਿਰਮਾਣ ਵਿੱਚ ਕੋਈ ਭੂਮਿਕਾ ਨਹੀਂ ਸੀ ਅਤੇ ਜਿਸ ਨੇ ਖੁਦ ਸਰਦਾਰ ਪਟੇਲ ਦੇ ਸ਼ਬਦਾਂ ਵਿੱਚ, ਅਜਿਹਾ ਮਾਹੌਲ ਪੈਦਾ ਕੀਤਾ ਜਿਸ ਨੇ 30 ਜਨਵਰੀ, 1948 ਦੀ ਭਿਆਨਕ ਤ੍ਰਾਸਦੀ ਨੂੰ ਸੰਭਵ ਬਣਾਇਆ (ਸਰੋਤ: ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਸਰਦਾਰ ਪਟੇਲ ਦਾ ਪੱਤਰ, 1 ਜੁਲਾਈ, 1948)।"

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਝੋਨੇ ਦੀ ਖਰੀਦ ਦੇ ਨਾਲ-ਨਾਲ ਲਿਫਟਿੰਗ ਦਾ ਕੰਮ ਤੇਜ਼ੀ ਨਾਲ ਜਾਰੀ : ਸੇਤੀਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚੋਂ ਝੋਨੇ ਦੀ ਖਰੀਦ ਦੇ ਨਾਲ ਨਾਲ ਲਿਫਟਿੰਗ ਦਾ ਕੰਮ ਵੀ ਤੇਜ਼ ਗਤੀ ਨਾਲ ਚਲਾਇਆ ਜਾ ਰਿਹਾ ਹੈ ਤਾਂ ਕਿ ਕਿਸਾਨ ਆਪਣੀ ਜਿਣਸ ਜਲਦ ਤੋਂ ਜਲਦ ਵੇਚ ਕੇ ਘਰਾਂ ਨੂੰ ਪਰਤਣ।ਸਰਕਾਰੀ ਹਦਾਇਤਾਂ ਅਨੁਸਾਰ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਵੀ ਤਹਿ ਸਮਾਂ ਸੀਮਾ ਅੰਦਰ ਕਰਨੀ ਯਕੀਨੀ ਬਣਾਈ ਜਾ ਰਹੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਪਹੁੰਚੀ 5,52,236 ਮੀਟ੍ਰਿਕ ਟਨ ਝੋਨੇ ਦੀ ਫਸਲ ਵਿੱਚੋਂ 5,06,476 ਮੀਟ੍ਰਿਕ ਟਨ ਝੋਨਾ ਖਰੀਦਿਆ ਗਿਆ ਹੈ।ਖਰੀਦ ਕੀਤੇ ਗਏ ਝੋਨੇ ਵਿੱਚੋਂ 346164 ਲਿਫਟਿੰਗ ਵੀ ਕਰਵਾਈ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਨਿਰਧਾਰਤ ਨਮੀ ਵਾਲੀ ਫ਼ਸਲ ਦੀ ਖਰੀਦ ਵੀ ਘੱਟ ਤੋਂ ਘੱਟ ਸਮੇਂ ਅੰਦਰ ਖਰੀਦ ਕਰਨੀ ਯਕੀਨੀ ਬਣਾਈ ਜਾ ਰਹੀ ਹੈ, ਇਸ ਲਈ ਮੰਡੀਆਂ ਵਿੱਚ ਸਿਰਫ 17 ਫੀਸਦੀ ਜਾਂ ਇਸ ਤੋਂ ਘੱਟ ਨਮੀ ਵਾਲੇ ਝੋਨੇ ਦੀ ਫਸਲ ਹੀ ਲਿਆਂਦੀ ਜਾਵੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਪਰਾਲੀ ਸਾੜਨ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਬਣਾਈਆਂ ਗਈਆਂ ਨੋਡਲ ਅਫ਼ਸਰਾਂ/ਕਲੱਸਟਰ ਅਫ਼ਸਰਾਂ ਦੀਆਂ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਉਪਰ ਪੂਰਨ ਪਾਬੰਦੀ ਦੇ ਆਦੇਸ਼ ਜਾਰੀ ਕੀਤੇ ਗਏ ਹਨ।ਕਿਸੇ ਵੀ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਕਿਸਾਨ ਪਰਾਲੀ ਸਾੜਨ ਦੀ ਬਜਾਇ ਇਸਦੇ ਸੁਚੱਜੇ ਪ੍ਰਬੰਧਨ ਦੇ ਸਾਧਨਾਂ ਨੂੰ ਅਪਣਾਉਣ। ਉਨ੍ਹਾਂ ਕਿਹਾ ਕਿ ਕੋਈ ਵੀ ਕਿਸਾਨ ਸੁਪਰ ਐਸ.ਐਮ.ਐਸ. ਲੱਗੇ ਵਾਲੀ ਕੰਬਾਈਨ ਤੋਂ ਬਗੈਰ ਝੋਨੇ ਦੀ ਵਾਢੀ ਨਾ ਕਰਵਾਉਣ ਕਿਉਂਕਿ ਇਹ ਗੈਰਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਝੋਨਾ ਕੱਟਣ ਤੇ ਪਾਬੰਦੀ ਦੇ ਆਦੇਸ਼ਾਂ ਦੀ ਵੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

## ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 1.80 ਲੱਖ ਠੱਗੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲ ਖੁਰਦ ਅਧੀਨ ਆਉਂਦੇ ਪਿੰਡ ਕਾਦਾ ਬੋੜਾ ਵਿਖੇ ਇੱਕ ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ 1 ਲੱਖ 80 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਪੁਲਸ ਨੇ ਇੱਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਮਰੀਕ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਕਾਦਾ ਬੋੜਾ ਨੇ ਦੱਸਿਆ ਕਿ ਪ੍ਰਗਟ ਸਿੰਘ ਪੁੱਤਰ ਚਕੌਰ ਸਿੰਘ ਵਾਸੀ ਪਿੰਡ ਨੱਥੂ ਕੇ ਜ਼ਿਲ੍ਹਾ ਮੋਗਾ ਨੇ ਕੁੱਲ 1 ਲੱਖ 80 ਹਜ਼ਾਰ ਰੁਪਏ ਉਸ ਪਾਸੋਂ ਲੈ ਲਏ। ਅਮਰੀਕ ਸਿੰਘ ਨੇ ਦੱਸਿਆ ਕਿ ਵਾਅਦੇ ਮੁਤਾਬਿਕ ਉਸ ਨੂੰ ਪ੍ਰਗਟ ਸਿੰਘ ਨੇ ਵਿਦੇਸ਼ ਨਹੀਂ ਭੇਜਿਆ।ਅਮਰੀਕ ਸਿੰਘ ਨੇ ਦੱਸਿਆ ਕਿ ਪ੍ਰਗਟ ਸਿੰਘ ਵਾਸੀ ਪਿੰਡ ਨੱਥੂ ਕੇ ਜ਼ਿਲ੍ਹਾ ਮੋਗਾ ਨੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 1 ਲੱਖ 80 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ।ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰੇਸ਼ਮ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਪਾਵਰਕਾਮ ਠੇਕਾ ਮੁਲਾਜ਼ਮਾਂ ਦਾ ਫ਼ਿਰੋਜ਼ਪੁਰ 'ਚ ਜ਼ੋਰਦਾਰ ਪ੍ਰਦਰਸ਼ਨ

### ਨਿੱਜੀਕਰਨ ਤੇ ਠੇਕਾ ਪ੍ਰਥਾ ਖ਼ਤਮ ਕਰਨ ਦੀ ਕੀਤੀ ਮੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਪੰਜਾਬ ਸਰਕਾਰ ਦੀਆਂ ਕਥਿਤ ਮੁਲਾਜ਼ਮ ਵਿਰੋਧੀ ਨੀਤੀਆਂ ਖ਼ਿਲਾਫ਼ ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਨੇ ਫ਼ਿਰੋਜ਼ਪੁਰ ਸਥ ਅਰਬਨ ਡਵੀਜ਼ਨ ਐਕਸੀਅਨ ਦਫ਼ਤਰ ਅੱਗੇ ਰੋਸ ਮੁਜ਼ਾਹਰਾ ਕੀਤਾ।ਇਸ ਮੌਕੇ ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਨੇ ਐੱਸਡੀਓ ਸੁਖਦੇਵ ਸਿੰਘ ਫ਼ਿਰੋਜ਼ਪੁਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਦੌਰਾਨ ਠੇਕਾ ਕਾਮਿਆਂ ਨੇ ਸ਼ਹਿਰ ਵਿਚ ਰੋਸ ਮਾਰਚ ਵੀ ਕੀਤਾ। ਯੂਨੀਅਨ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਰਪੋਰੇਸ਼ਨ ਦੇ ਨਿੱਜੀਕਰਨ ਦੇ ਤੇਜ਼ ਕੀਤੇ ਹਮਲਿਆਂ ਤੇ ਪਾਵਰਕਾਮ ਦੀਆਂ ਜਾਇਦਾਦਾਂ ਤੇ ਬਿਜਲਿਗਰਾਂ ਵੇਚਣ ਦੀ ਨਿਖੇਧੀ ਕਰਦਿਆਂ ਕੇਂਦਰ ਦੇ 2025 ਬਿਜਲੀ ਸੋਧ ਬਿੱਲ ਖਰੜੇ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਮੌਕੇ ਪ੍ਰਧਾਨ ਵਿਸ਼ਾਲ ਤੇਜੀ, ਰਾਜਵਿੰਦਰ ਸਿੰਘ, ਗੱਬਰ, ਯੋਗੇਸ਼ ਖੋਖਰ, ਜਗਦੀਸ਼ ਗੁਪਤਾ ਸਮੇਤ ਹੋਰ ਕਈ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਚੋਣਾਂ ਦੌਰਾਨ ਕੀਤੇ ਗਏ ਠੇਕਾ ਪ੍ਰਥਾ ਖ਼ਤਮ ਕਰਨ ਦੇ ਵਾਅਦਿਆਂ ਤੋਂ ਮੁੱਕਰ ਗਈ ਹੈ। ਉਨ੍ਹਾਂ ਦੀ ਮੁੱਖ ਮੰਗ ਹੈ ਕਿ ਠੇਕੇਦਾਰ ਕੰਪਨੀਆਂ ਨੂੰ ਬਾਹਰ ਕੱਢ ਕੇ ਸਮੂਹ ਆਊਟਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਲ ਕੀਤਾ ਜਾਵੇ। ਇਸ ਤੋਂ ਇਲਾਵਾ ਘੱਟੋ ਘੱਟ ਤਨਖਾਹ ਨੂੰ 1948 ਐਕਟ ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਨਿਸ਼ਚਿਤ ਕਰਨ ਤੇ ਬਿਜਲੀ ਮਹਿਕਮੇ ਵਿੱਚੋਂ ਖ਼ਤਮ ਕੀਤੀਆਂ ਪੋਸਟਾਂ ਨੂੰ ਮੁੜ ਤੋਂ ਭਰਨ ਦੀ ਮੰਗ ਕੀਤੀ ਗਈ। ਵਿਸ਼ਾਲ ਤੇਜੀ, ਰਾਜਵਿੰਦਰ ਸਿੰਘ, ਗੱਬਰ ਨੇ ਪਾਵਰਕਾਮ ਵਿਭਾਗ ਦੇ ਮਾੜੇ ਪ੍ਰਬੰਧਾਂ ਅਤੇ ਸੇਫਟੀ ਕਿੱਟਾਂ ਤੇ ਸੁਰੱਖਿਆ ਪ੍ਰਬੰਧਾਂ ਦੀ ਘਾਟ ਕਾਰਨ ਹੋ ਰਹੇ ਹਾਦਸਿਆਂ 'ਤੇ ਗਹਿਰਾ ਰੋਸ ਪ੍ਰਗਟਾਇਆ। ਉਨ੍ਹਾਂ ਦੱਸਿਆ ਕਿ ਬਿਜਲੀ ਦਾ ਕਰੰਟ ਲੱਗਣ ਕਾਰਨ ਹੁਣ ਤੱਕ 400 ਤੋਂ ਵੱਧ ਕਾਮੇ ਆਪਣੀਆਂ ਜਾਨਾਂ ਗਵਾ ਚੁੱਕੇ ਹਨ ਤੇ ਸੈਂਕੜੇ ਕਾਮੇ ਅਪੰਗ ਹੋ ਚੁੱਕੇ ਹਨ। ਯੂਨੀਅਨ ਨੇ ਮੰਗ ਕੀਤੀ ਕਿ ਇਨ੍ਹਾਂ ਮ੍ਰਿਤਕ ਕਾਮਿਆਂ ਦੇ ਵਾਰਸਾਂ ਨੂੰ ਪੱਕੀ ਨੌਕਰੀ, ਪੱਕੀ ਪੈਨਸ਼ਨ ਤੇ ਕਾਨੂੰਨ ਮੁਤਾਬਿਕ ਮੁਆਵਜ਼ੇ ਦੀ ਤੁਰੰਤ ਗਰੰਟੀ ਦਿੱਤੀ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਘਾਤਕ ਹਾਦਸਿਆਂ ਦੇ ਸ਼ਿਕਾਰ ਠੇਕਾ ਕਾਮਿਆਂ ਦੀਆਂ ਸੂਚੀਆਂ ਅਧਿਕਾਰੀਆਂ ਨੂੰ ਦੇਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਰਹੀ। ਬਿਜਲੀ ਮੰਤਰੀ ਸੰਜੀਵ ਅਰੋੜਾ ਦੀ ਰਿਹਾਇਸ਼ ਅੱਗੇ ਵੀ ਰੋਸ ਪ੍ਰਦਰਸ਼ਨ ਕਰਨ ਦੀ ਤਿਆਰੀ ਕੀਤੀ ਗਈ ਸੀ। ਪੁਲਸ-ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦਖਲ ਦੇ ਕੇ ਆਗੂਆਂ ਦੀ ਮੰਤਰੀ ਨਾਲ ਫ਼ੋਨ 'ਤੇ ਗੱਲ ਕਰਵਾਈ ਤੇ ਮਸਲਿਆਂ ਦੇ ਹੱਲ ਲਈ ਅਗਲੀ ਮੀਟਿੰਗ 6 ਨਵੰਬਰ ਨੂੰ ਤੈਅ ਕਰਵਾਈ। ਇਸ ਤੋਂ ਬਾਅਦ ਧਰਨਾ ਭਾਵੇਂ ਹਟਾ ਲਿਆ ਗਿਆ, ਪਰ ਯੂਨੀਅਨ ਨੇ 6 ਨਵੰਬਰ ਤੱਕ ਹੜਤਾਲ ਜਾਰੀ ਰੱਖਣ ਦਾ ਐਲਾਨ ਕੀਤਾ। ਉਨ੍ਹਾਂ ਸਮੂਹ ਬਿਜਲੀ ਮੁਲਾਜ਼ਮਾਂ ਨੂੰ ਨਿੱਜੀਕਰਨ ਖ਼ਿਲਾਫ਼ ਵਿਸ਼ਾਲ, ਸਾਂਝੇ ਤੇ ਤਿੱਖੇ ਸੰਘਰਸ਼ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ।

## ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਦਾ ਵਫਦ ਸਿੱਖਿਆ ਅਧਿਕਾਰੀਆਂ ਨੂੰ ਮਿਲਿਆ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਦੀ ਸੂਬਾਈ ਦਾ ਵਫਦ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਦੀ ਅਗਵਾਈ ਹੇਠ ਪ੍ਰਮੋਸ਼ਨ ਸੈੱਲ ਪ੍ਰਾਇਮਰੀ ਤੋਂ ਮਾਸਟਰ ਕਾਡਰ ਤਰੱਕੀਆਂ ਸਬੰਧੀ ਸਿੱਖਿਆ ਮਹਿਕਮੇ ਦੇ ਅਧਿਕਾਰੀਆਂ ਨੂੰ ਮਿਲਿਆ।ਜਥੇਬੰਦੀ ਨੂੰ ਵਿਸ਼ਵਾਸ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ਤਰੱਕੀਆਂ ਸਬੰਧੀ ਜਲਦੀ ਹੀ ਸੂਚੀਆਂ ਜਾਰੀ ਕਰ ਦਿੱਤੀਆਂ ਜਾਣਗੀਆਂ ਤੇ ਇਹ ਹੁਕਮ ਅਗਲੇ ਹਫਤੇ ਹੀ ਹੋ ਸਕਦੇ ਹਨ।ਉਨ੍ਹਾਂ ਇਹ ਵੀ ਕਿਹਾ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ 'ਚ ਵੱਡੇ ਪੱਧਰ 'ਤੇ ਪ੍ਰਮੋਸ਼ਨਾਂ ਹੋਣਗੀਆਂ।ਜਥੇਬੰਦੀ ਵੱਲੋਂ ਅਧਿਆਪਕਾਂ ਦੇ ਹੋਰ ਮਸਲਿਆਂ ਸਬੰਧੀ ਡੀਪੀਆਈ ਐਲੀਮੈਂਟਰੀ ਸਿੱਖਿਆ ਪੰਜਾਬ ਦੇ ਨੁਮਾਇੰਦੇ ਨੂੰ ਮੰਗ ਪੱਤਰ ਦਿੰਦਿਆਂ ਮਸਲਿਆਂ ਦੀ ਅਸਲ ਸਥਿਤੀ ਸਬੰਧੀ ਗੱਲਬਾਤ ਕੀਤੀ।ਉਨ੍ਹਾਂ ਕਿਹਾ ਕਿ ਮਸਲੇ ਹੱਲ ਕੀਤੇ ਜਾਣਗੇ ਤੇ ਜਥੇਬੰਦੀ ਨੂੰ ਮੀਟਿੰਗ ਦਾ ਮੁੜ ਤੋਂ ਸਮਾਂ ਵੀ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਪੰਜਾਬ ਭਰ 'ਚ ਹੈੱਡ ਟੀਚਰ, ਸੈਂਟਰ ਹੈੱਡ ਟੀਚਰਜ਼, ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀਆਂ ਤਰੱਕੀਆਂ ਨੂੰ ਵੀ ਸਮਾਂ-ਬੱਧ ਕਰਨ ਦੀ ਮੰਗ ਰੱਖੀ ਗਈ। ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨ ਜਸ਼ਨਦੀਪ ਸਿੰਘ ਕੁਲਾਣਾ ਨੇ ਕਿਹਾ ਕਿ 599,2364 ਭਰਤੀਆਂ ਦੀਆਂ ਬਾਕੀ ਰਹਿੰਦੀਆਂ ਪੋਸਟਾਂ ਵੀ ਤੁਰੰਤ ਭਰੀਆਂ ਜਾਣ।ਵਫ਼ਦ 'ਚ ਗੁਲਜਾਰ ਡੋਗਰਾ, ਲਖਵਿੰਦਰ ਪਟਿਆਲਾ, ਗੁਰਜੰਟ ਸਿੰਘ ਬੱਛੋਆਣਾ, ਸਤਿੰਦਰ ਸਿੰਘ, ਅਮਿਤ ਕੁਮਾਰ ਆਦਿ ਆਗੂ ਹਾਜ਼ਰ ਸਨ।

## ਤੰਬਾਕੂਨੋਸ਼ੀ ਵਿਰੋਧੀ ਮੁਹਿੰਮ ਤਹਿਤ ਸਕੂਲੀ ਬੱਚਿਆਂ ਵੱਲੋਂ ਜਾਗਰੂਕਤਾ ਰੈਲੀ

### *ਜ਼ਿੰਦਗੀ ਚੁਣੋ, ਤੰਬਾਕੂ ਨਹੀਂ : ਡਾ. ਗੁਰਤੇਜਿੰਦਰ ਕੌਰ*



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਿਵਲ ਸਰਜਨ ਡਾ. ਬਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫ਼ਸਰ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਸਿਹਤ ਵਿਭਾਗ ਮਹਿਲ ਕਲਾਂ ਦੀ ਟੀਮ ਵੱਲੋਂ ਤੰਬਾਕੂ ਰਹਿਤ ਜਵਾਨੀ ਮੁਹਿੰਮ ਤਹਿਤ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸਕੂਲ ਮਹਿਲ ਕਲਾਂ ਵਿਖੇ ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾਂ ਪ੍ਰਤੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਇੱਕ ਰੈਲੀ ਕਰਵਾਈ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਬੀ ਈ ਈ ਸ਼ਿਵਾਨੀ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਵੱਖ ਵੱਖ ਸਕੂਲਾਂ ਕਾਲਜਾਂ ਵਿਖੇ ਜਾਗਰੂਕਤਾ ਸੈਮੀਨਾਰ, ਗ੍ਰਾਮ ਸਭਾਵਾਂ, ਜਨਤਕ ਥਾਵਾਂ 'ਤੇ ਜਾਣਕਾਰੀ ਦੇਣਾ, ਵਿੱਦਿਅਕ ਸੰਸਥਾਵਾਂ ਨੂੰ ਤੰਬਾਕੂਨੋਸ਼ੀ ਰਹਿਤ ਘੋਸ਼ਿਤ ਕਰਵਾਉਣਾ ਆਦਿ ਗਤਿਵਿਧਿਆਂ ਕਰਾਈਆਂ ਜਾ ਰਹੀਆਂ ਹਨ।ਇਸ ਮੌਕੇ ਸਿਹਤ ਵਰਕਰ ਬੂਟਾ ਸਿੰਘ ਨੇ ਕਿਹਾ ਕਿ ਤੰਬਾਕੂ ਦੇ ਸੇਵਨ ਨਾਲ ਜਿੱਥੇ ਸਰੀਰ 'ਤੇ ਬੁਰਾ ਪ੍ਰਭਾਵ ਪੈਂਦਾ ਹੈ, ਉੱਥੇ ਹੀ ਇਸ ਨਾਲ ਕੈਂਸਰ ਵਰਗਾ ਮਾਰੂ ਰੋਗ ਲੱਗ ਜਾਂਦਾ ਹੈ।ਉਨ੍ਹਾਂ ਕਿਹਾ ਕਿ ਵਿਅਕਤੀ ਨੂੰ ਤੰਬਾਕੂ ਦਾ ਕਿਸੇ ਵੀ ਪ੍ਰਕਾਰ ਦੇ ਸੇਵਨ ਤੋਂ ਬਚਣਾ ਚਾਹੀਦਾ ਹੈ ਤੇ ਸਾਨੂੰ ਸਭ ਨੂੰ ਇਸ ਦੀ ਵਰਤੋਂ ਵਿਰੁੱਧ ਡੱਟ ਕੇ ਖੜਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਤੰਬਾਕੂ ਨਾਲ ਸਭ ਤੋਂ ਵੱਧ ਮੂੰਹ, ਗਲਾ ਤੇ ਫ਼ੇਫੜਿਆਂ ਦਾ ਕੈਂਸਰ ਅਤੇ ਪੇਟ, ਸਾਹ ਤੇ ਦੰਦਾਂ ਆਦਿ ਦੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ।ਇਸ ਮੌਕੇ ਐੱਸ ਆਈ ਜਸਵੀਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦੀ ਟੀਮ ਵੱਲੋਂ ਕੋਟਪਾ (ਸਿਗਰਟ ਤੇ ਹੋਰ ਤੰਬਾਕੂ ਉਤਪਾਦ) ਐਕਟ 2003 ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੀਤੇ ਜਾ ਰਹੇ ਹਨ।ਇਸ ਮੌਕੇ ਕਰਮਜੀਤ ਸਿੰਘ ਅਪਥੈਲਮਿਕ ਅਫ਼ਸਰ, ਪ੍ਰਿੰਸੀਪਲ ਰਜਿੰਦਰਪਾਲ ਸਿੰਘ, ਤੇਜਿੰਦਰ ਸਿੰਘ ਛਾਪਾ ਸਮੂਹ ਸਕੂਲ ਸਟਾਫ਼ ਮੈਂਬਰ ਹਾਜ਼ਰ ਸਨ।

## ਵਿਜੀਲੈਂਸ ਨੇ ਮਲੋਟ 'ਚ ਭ੍ਰਿਸ਼ਟਾਚਾਰ ਵਿਰੁੱਧ ਲੋਕਾਂ ਨੂੰ ਕੀਤਾ ਜਾਗਰੂਕ



**ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਓਮ ਪ੍ਰਕਾਸ਼ ਸੇਖੂ, ਪੂਜਾ)**-ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਚੰਡੀਗੜ੍ਹ ਪ੍ਰਵੀਨ ਕੁਮਾਰ ਸਿਨਹਾ ਦੀ ਰਹਿਨੁਮਾਈ ਹੇਠ ਤੇ ਦਿਗਵਿਜੈ ਕਪਿਲ ਐੱਸ.ਐੱਸ.ਪੀ. ਵਿਜੀਲੈਂਸ ਰੇਂਜ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਭ੍ਰਿਸ਼ਟਾਚਾਰ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ 27 ਅਕਤੂਬਰ ਤੋਂ 2 ਨਵੰਬਰ 2025 ਤੱਕ ਜ਼ਿਲ੍ਹੇ ਵਿੱਚ ਪੋਸਟਰ ਤੇ ਸੈਮੀਨਾਰ ਲਗਾਏ ਜਾ ਰਹੇ ਹਨ, ਇਸੇ ਲੜੀ ਤਹਿਤ ਮਲੋਟ ਵਿਖੇ ਵਿਜੀਲੈਂਸ ਬਿਊਰੋ ਦੇ ਨੁਮਾਇੰਦਿਆਂ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਸਰਕਾਰੀ ਬਿਲਡਿੰਗਾਂ 'ਤੇ ਪੋਸਟਰ ਲਗਾਏ ਗਏ।ਇਸ ਮੌਕੇ ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਸਰਕਾਰੀ ਕੰਮ ਕਰਵਾਉਣ ਬਦਲੇ ਕੋਈ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਇਸ ਦੀ ਸੂਚਨਾ ਵਿਜੀਲੈਂਸ ਵਿਭਾਗ ਨੂੰ ਜ਼ਰੂਰ ਦਿੱਤੀ ਜਾਵੇ।ਉਨ੍ਹਾਂ ਦੱਸਿਆ ਕਿ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਵਿਭਾਗ ਵੱਲੋਂ ਐਂਟੀ-ਕੁਰੱਪਸ਼ਨ ਐਕਸ਼ਨ ਲਾਈਨ ਨੰਬਰ 95012-00200 ਤੇ ਟੋਲ ਫਰੀ 1800-1800-1000 ਵੀ ਜਾਰੀ ਕੀਤਾ ਹੋਇਆ ਹੈ।ਇਸ ਮੌਕੇ ਦਫਤਰ ਵਿਜੀਲੈਂਸ ਬਿਊਰੋ ਦੇ ਨੁਮਾਇੰਦੇ ਐੱਮ.ਐੱਚ.ਸੀ. ਗੁਰਤੇਜ ਸਿੰਘ ਤੇ ਮਹਿਲਾ ਸੀਨੀਅਰ ਸਿਪਾਹੀ ਦਵਿੰਦਰ ਕੌਰ ਹਾਜ਼ਰ ਸਨ।

## ਪ੍ਰਕਾਸ਼ ਪੁਰਬ ਡੇਰਾ ਉਦਾਸੀਨ ਬੈਕੁੰਠ ਧਾਮ ਵਿਖੇ 5 ਨੂੰ ਮਨਾਇਆ ਜਾਵੇਗਾ : ਬਾਬਾ ਪ੍ਰੀਤਮ ਦਾਸ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਮਾੜੇਵਾਲ ਵਿਖੇ ਸਥਿਤ ਡੇਰਾ ਉਦਾਸੀਨ ਬੈਕੁੰਠ ਧਾਮ ਟਰੱਸਟ ਦੀ ਇੱਕ ਮੀਟਿੰਗ ਚੇਅਰਮੈਨ ਬਾਬਾ ਪ੍ਰੀਤਮ ਦਾਸ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਸਬੰਧੀ ਵਿਚਾਰ ਚਰਚਾ ਹੋਈ। ਬਾਬਾ ਪ੍ਰੀਤਮ ਦਾਸ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 5 ਨਵੰਬਰ ਨੂੰ ਡੇਰਾ ਉਦਾਸੀਨ ਬੈਕੁੰਠ ਧਾਮ ਵਿਖੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਇਸ ਮੌਕੇ ਪ੍ਰਸਿੱਧ ਰਾਗੀ, ਢਾਡੀ ਤੇ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਸਮਾਗਮ ਵਿੱਚ ਵੱਧ ਚੜ੍ਹ ਕੇ ਪੁੱਜਣ ਦੀ ਅਪੀਲ ਕੀਤੀ। ਇਸ ਮੌਕੇ ਮਲਕੀਤ ਸਿੰਘ ਯੂ.ਐੱਸ.ਏ., ਕੁਲਦੀਪ ਸਿੰਘ ਬਿੱਟੂ, ਡਾਕਟਰ ਦਰਪਣ ਸ਼ਰਮਾ, ਜਗਮੋਹਨ ਸਿੰਘ ਕਲਸੀ, ਮਹਿੰਦਰਪਾਲ ਸਿੰਘ ਗਰੇਵਾਲ, ਸੁਖਵਿੰਦਰ ਸਿੰਘ, ਜਗਤਾਰ ਸਿੰਘ ਤਾਰੀ, ਜਸਵੀਰ ਸਿੰਘ, ਹੁਕਮ ਸਿੰਘ, ਹਰਨੇਕ ਸਿੰਘ, ਸੋਹਣ ਸਿੰਘ ਹਾਜ਼ਰ ਸਨ।

## ਦਿਨ ਦਿਹਾੜੇ ਸ਼ਿਵ ਮੰਦਰ 'ਚ ਚੋਰੀ



**ਬਰੇਟਾ (ਰੀਤਵਾਲ)**-ਸਥਾਨਕ ਪਿੰਡ ਵਾਲੇ ਪਾਸੇ ਰੁਦਰਾਪੁਰੀ ਪ੍ਰਾਚੀਨ ਸ਼ਿਵ ਮੰਦਰ ਵਿਖੇ ਇੱਕ ਚੋਰ ਵੱਲੋਂ ਦਿਨ ਦਿਹਾੜੇ ਗੱਲਾ ਤੋੜ ਕੇ ਚੋਰੀ ਕਰਨ ਦਾ ਸਮਾਚਾਰ ਹੈ। ਇਹ ਜਾਣਕਾਰੀ ਦਿੰਦੇ ਹੋਏ ਮੰਦਰ ਦੇ ਪੁਜਾਰੀ ਹਰਪਾਲ ਸ਼ਰਮਾ ਨੇ ਦੱਸਿਆ ਕਿ ਦੁਪਹਿਰ 3-4 ਵਜੇ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ ਤਾਂ ਇੱਕ ਚੋਰ ਮੰਦਰ ਵਿੱਚ ਦਾਖਲ ਹੋਇਆ ਤੇ ਸਫਾਈ ਦਾ ਬਹਾਨਾ ਕਰਕੇ ਮੰਦਰ ਵਿੱਚ ਦਾਨ ਵਾਲੇ ਗੱਲੇ ਦਾ ਜਿੰਦਾ ਤੋੜ ਕੇ ਉਸ ਵਿੱਚੋਂ ਲਗਭਗ 5 ਹਜ਼ਾਰ ਰੁਪਏ ਚੋਰੀ ਕਰ ਕੇ ਲੈ ਗਿਆ। ਉਨ੍ਹਾਂ ਦੱਸਿਆ ਇਸ ਘਟਨਾ ਦਾ ਉਨ੍ਹਾਂ ਨੂੰ ਮੰਦਰ ਜਾਣ 'ਤੇ ਪਤਾ ਲੱਗਾ। ਇਹ ਸਾਰੀ ਘਟਨਾ ਸੀ ਸੀ ਟੀ ਵੀ ਵਿੱਚ ਕੈਦ ਹੋ ਗਈ। ਮੰਦਰ ਕਮੇਟੀ ਵੱਲੋਂ ਥਾਣਾ ਮੁਖੀ ਨੂੰ ਦਰਖਾਸਤ ਦੇ ਕੇ ਚੋਰਾਂ ਨੂੰ ਜਲਦ ਤੋਂ ਜਲਦ ਫੜਨ ਦੀ ਬੇਨਤੀ ਕੀਤੀ ਹੈ। ਇਸ ਸਬੰਧੀ ਵੱਖ ਵੱਖ ਸੰਸਥਾਵਾਂ ਦੇ ਆਗੂ ਸੁਰਿੰਦਰ ਬਾਂਸਲ, ਅਸ਼ੋਕ ਜਿੰਦਲ, ਰੋਸ਼ਨ ਲਾਲ, ਪੁਨੀਤ ਜੈਨ, ਗਗਨਦੀਪ ਸ਼ਰਮਾ, ਗਾਂਧੀ ਰਾਮ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਨ੍ਹਾਂ ਚੋਰਾਂ ਨੂੰ ਜਲਦੀ ਨੱਥ ਪਾਈ ਜਾਵੇ।

## ਸਰਕਾਰੀ ਏਜੰਸੀ ਸੀ ਸੀ ਆਈ ਵੱਲੋਂ ਨਰਮੇ ਦੀ ਖਰੀਦ



**ਮਲੋਟ/ਲੰਬੀ (ਓਮ ਪ੍ਰਕਾਸ਼ ਸੇਖੂ)**-ਸਥਾਨਕ ਦਾਣਾ ਮੰਡੀ ਵਿੱਚ ਸਰਕਾਰੀ ਏਜੰਸੀ ਸੀ ਸੀ ਆਈ ਵੱਲੋਂ ਨਰਮੇ ਦੀ ਖਰੀਦ ਕੀਤੀ ਗਈ। ਨਰਮੇ ਦੀ ਫਸਲ ਲਿਆਉਣ ਵਾਲੇ ਕਿਸਾਨ ਗੁਰਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਪੰਨੀ ਵਾਲਾ ਫੱਤਾ ਦਾ ਨਰਮਾ 7860 ਰੁਪਏ 'ਤੇ ਵਿਕਿਆ। ਇਸ ਮੌਕੇ ਮਾਰਕੀਟ ਕਮੇਟੀ ਦੇ ਸੈਕਟਰੀ ਮਨਦੀਪ ਰਹੇਜਾ, ਸੰਦੀਪ ਕੁਮਾਰ ਮੰਡੀ ਸੁਪਰਵਾਈਜ਼ਰ, ਗੌਰਵ ਮੌਂਗਾ ਮੰਡੀ ਸੁਪਰਵਾਈਜ਼ਰ, ਸੰਜੇ ਕੁਮਾਰ ਡੋਲੇ ਸੀਸੀਆਈ ਦੇ ਇੰਚਾਰਜ ਮਲੋਟ ਤੇ ਓਮ ਪ੍ਰਕਾਸ਼ ਕਾਲਵਾ ਸੀਸੀਆਈ ਇੰਚਾਰਜ ਅਬਹੋਰ ਹਾਜ਼ਰ ਸਨ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਜਸ਼ਨ ਬਰਾੜ ਲੱਖੇਵਾਲੀ ਤੇ ਮਾਰਕੀਟ ਕਮੇਟੀ ਦੇ ਸੈਕਟਰੀ ਮਨਦੀਪ ਰਹੇਜਾ ਵੱਲੋਂ ਕਿਸਾਨ ਭਰਾਵਾਂ ਨੂੰ ਬੇਨਤੀ ਕੀਤੀ ਗਈ ਕਿ ਜਿੱਥੇ ਪ੍ਰਾਈਵੇਟ ਏਜੰਸੀਆਂ ਕਿਸਾਨ ਦੀ ਫਸਲ ਦਾ ਮੁੱਲ ਘੱਟ ਲਾਉਂਦੀਆਂ ਹਨ, ਉਥੇ ਐੱਮ ਐੱਸ ਪੀ ਲੈਣ ਲਈ ਤੁਸੀਂ ਆਪ ਹੀ ਕਿਸਾਨ ਐਪ ਲੋਡ ਕਰਕੇ ਆਪਣੀ ਫਸਲ ਦਾ ਜੋ ਬੀਜ ਲਿਆ ਸੀ, ਉਹਦਾ ਬਿੱਲ ਤੇ ਆਧਾਰ ਕਾਰਡ ਲੋਡ ਕਰਕੇ ਰਜਿਸਟਰੇਸ਼ਨ ਕਰਵਾ ਸਕਦੇ ਹੋ ਤਾਂ ਜੋ ਤੁਹਾਨੂੰ ਸਰਕਾਰ ਵੱਲੋਂ ਐੱਮ ਐੱਸ ਪੀ ਰੇਟ ਮਿਲ ਸਕੇ। ਉਨ੍ਹਾਂ ਕਿਹਾ ਕਿ ਕਿਸਾਨ ਭਰਾਵਾਂ ਨੂੰ ਫਸਲ ਸਬੰਧੀ ਕਿਸੇ ਪ੍ਰਕਾਰ ਦੀ ਕੋਈ ਦਿੱਕਤ ਜਾਂ ਪ੍ਰੇਸ਼ਾਨੀ ਹੋਵੇ ਤਾਂ ਉਹ ਕਿਸੇ ਵੀ ਟਾਈਮ ਦਫਤਰ ਵਿੱਚ ਮਿਲ ਸਕਦੇ ਹਨ ਅਤੇ ਸਾਡੇ ਵੱਲੋਂ ਹਰ ਸੰਭਵ ਕੋਸ਼ਿਸ਼ ਹੋਏਗੀ ਕਿ ਪੰਜਾਬ ਸਰਕਾਰ ਦੀਆਂ ਜੋ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਵੱਲੋਂ ਹਦਾਇਤਾਂ ਹਨ ਕਿ ਕਿਸਾਨਾਂ ਨੂੰ ਫਸਲ ਦੀ ਵੇਚਣ ਸਬੰਧੀ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

# ਐੱਮ ਏ ਐੱਮ ਸਕੂਲ ਨੇ ਸਹੋਦਿਆ ਟੂਰਨਾਮੈਂਟ ਦੀ ਕੀਤੀ ਮੇਜ਼ਬਾਨੀ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵੱਲੋਂ ਲੜਕਿਆਂ ਦੇ ਲੁਧਿਆਣਾ ਸਹੋਦਿਆ ਕੰਪਲੈਕਸ ਵਿਖੇ ਹੈਂਡਬਾਲ ਮੁਕਾਬਲੇ ਕਰਵਾਏ ਗਏ।ਇਹ ਮੁਕਾਬਲੇ ਅੰਡਰ-14, ਅੰਡਰ-17 ਦੀਆਂ ਟੀਮਾਂ ਵਿਚਕਾਰ ਹੋਏ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ।ਅੰਡਰ-14 ਅਧੀਨ ਅੱਠ ਟੀਮਾਂ ਤੇ ਅੰਡਰ-17 ਅਧੀਨ ਸੱਤ ਟੀਮਾਂ ਨੇ ਇਸ ਟੂਰਨਾਮੈਂਟ ਵਿੱਚ ਭਾਗ ਲਿਆ।ਇਸ ਮੁਕਾਬਲੇ ਵਿੱਚ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਸਾਹਿਬ, ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ, ਕਲਗੀਧਰ ਅਕੈਡਮੀ ਦੁੱਗਰੀ ਲੁਧਿਆਣਾ, ਸੈਂਟੀਨਲ ਇੰਟਰਨੈਸ਼ਨਲ ਸਕੂਲ ਸਮਰਾਲਾ, ਗੁਰੂ ਨਾਨਕ ਪਬਲਿਕ ਸਕੂਲ ਦੋਰਾਹਾ, ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਦਿਆਲਪੁਰਾ, ਓਰੀਐਂਟਲ ਇੰਟਰਨੈਸ਼ਨਲ ਸਕੂਲ ਬੁਰਜ ਪੱਕਾ, ਮਾਛੀਵਾੜਾ ਸਾਹਿਬ ਤੇ ਸੁਪੀਰੀਅਰ ਵਰਲਡ ਸਕੂਲ ਗੜ੍ਹੀ ਤਰਖਾਣਾ ਦੀਆਂ ਟੀਮਾਂ ਸ਼ਾਮਲ ਹੋਈਆਂ।ਸਮਾਰੋਹ ਦਾ ਆਰੰਭ ਵਿਦਿਆਰਥੀਆਂ ਦੁਆਰਾ ਸ਼ਬਦ ਕੀਰਤਨ ਰਾਹੀਂ ਕੀਤਾ ਗਿਆ।ਸਮਾਰੋਹ ਵਿੱਚ ਮੁੱਖ ਮਹਿਮਾਨ ਡਾਕਟਰ ਦਿਨੇਸ਼ ਸ਼ਰਮਾ ਪ੍ਰਿੰਸੀਪਲ ਮਾਲਵਾ ਕਾਲਜ ਬੌਂਦਲੀ, ਵਿਸ਼ੇਸ਼ ਮਹਿਮਾਨ ਡਾ. ਕੁਲਵਿੰਦਰ ਕੌਰ ਇੰਚਾਰਜ ਗਰਲਜ਼ ਵਿੰਗ, ਮਿਸ ਪਵਨਦੀਪ ਕੌਰ ਸਹਾਇਕ ਪ੍ਰੋਫ਼ੈਸਰ ਬੌਂਦਲੀ, ਸਕੂਲ ਪ੍ਰਿੰਸੀਪਲ ਡਾਕਟਰ ਮੋਨਿਕਾ ਮਲਹੋਤਰਾ, ਸਕੂਲ ਮੈਨੇਜਰ ਸ੍ਰ. ਰਮਨਦੀਪ ਸਿੰਘ ਨੇ ਸ਼ਮ੍ਹਾਂ ਰੋਸ਼ਨ ਕੀਤੀ।

ਮਹਿਮਾਨਾਂ ਦੁਆਰਾ ਖਿਡਾਰੀਆਂ ਨਾਲ ਜਾਣ ਪਹਿਚਾਣ ਕਰਦੇ ਹੋਏ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਹ ਮੈਚ ਅਧਿਆਪਕ ਹਰਪ੍ਰੀਤ ਸਿੰਘ, ਰਸ਼ਪ੍ਰੀਤ ਕੌਰ ਦੀ ਅਗਵਾਈ ਅਧੀਨ ਕਰਵਾਏ ਗਏ।ਟੂਰਨਾਮੈਂਟ ਵਿੱਚ ਅੰਡਰ-14 ਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਸਾਹਿਬ, ਦੂਜਾ ਸਥਾਨ ਗੁਰੂ ਨਾਨਕ ਪਬਲਿਕ ਸਕੂਲ ਦੋਰਾਹਾ, ਤੀਜਾ ਸਥਾਨ ਸੁਪੀਰੀਅਰ ਵਰਲਡ ਸਕੂਲ ਗੜ੍ਹੀ ਤਰਖਾਣਾਂ ਨੇ ਪ੍ਰਾਪਤ ਕੀਤਾ।ਅੰਡਰ-17 ਵਿੱਚ ਪਹਿਲਾ ਸਥਾਨ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਸਾਹਿਬ, ਦੂਜਾ ਸਥਾਨ ਸੈਂਟੀਨਲ ਇੰਟਰਨੈਸ਼ਨਲ ਸਕੂਲ ਸਮਰਾਲਾ, ਤੀਜਾ ਸਥਾਨ ਓਰੀਐਂਟਲ ਇੰਟਰਨੈਸ਼ਨਲ ਸਕੂਲ ਬੁਰਜ ਪੱਕਾ ਮਾਛੀਵਾੜਾ ਸਾਹਿਬ ਨੇ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ।ਅੰਤ ਵਿੱਚ ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਤੇ ਸਕੂਲ ਮੈਨੇਜਰ ਰਮਨਦੀਪ ਸਿੰਘ ਨੇ ਜਿੱਤੀਆਂ ਟੀਮਾਂ ਨੂੰ ਮੈਡਲ, ਸਰਟੀਫਿਕੇਟ ਤੇ ਟਰਾਫੀ ਦੇ ਕੇ ਉਨ੍ਹਾਂ ਦਾ ਉਤਸ਼ਾਹ ਵਧਾਇਆ।ਅੰਤ ਵਿੱਚ ਪ੍ਰਿੰਸੀਪਲ ਮੈਡਮ ਮੋਨਿਕਾ ਮਲਹੋਤਰਾ ਨੇ ਸਾਰੇ ਹੀ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਉਨ੍ਹਾਂ ਵਿਦਿਆਰਥੀ ਨੂੰ ਇਨਾਮ ਜੀਵਨ ਵਿੱਚ ਖੇਡਾਂ ਦੀ ਅਹਿਮ ਭੂਮਿਕਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਦੇ ਨਾਲ ਹੀ ਭਵਿੱਖ ਵਿੱਚ ਹੋਰ ਲਗਨ ਤੇ ਆਤਮ ਵਿਸ਼ਵਾਸ ਦੀ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ।

# ਪੰਜਾਬੀ ਯੂਨੀਵਰਸਿਟੀ ਕੈਂਪ 'ਚ 142 ਵਿਅਕਤੀਆਂ ਵੱਲੋਂ ਖ਼ੂਨ ਦਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਵਿਭਾਗ ਵੱਲੋਂ ਰੈੱਡ ਰਿਬਨ ਕਲੱਬ ਤੇ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੇ ਸਹਿਯੋਗ ਨਾਲ਼ ਖ਼ੂਨਦਾਨ ਕੈਂਪ ਲਗਵਾਇਆ ਗਿਆ।ਇਸ ਕੈਂਪ ਵਿੱਚ 142 ਵਿਅਕਤੀਆਂ ਨੇ ਖ਼ੂਨ ਦਾਨ ਕੀਤਾ।ਯੂਨੀਵਰਸਿਟੀ ਦੇ ਗੁਰੂ ਤੇਗ ਬਹਾਦੁਰ ਹਾਲ ਵਿਖੇ ਇਸ ਖ਼ੂਨਦਾਨ ਕੈਂਪ ਵਿੱਚ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਤੇ ਡੀਨ ਕਾਲਜ ਵਿਕਾਸ ਕਾਉਂਸਲ ਡਾ. ਬਲਰਾਜ ਸੈਣੀ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਖ਼ੂਨ ਦਾਨ ਕਰਨ ਵਾਲਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਸ ਮੌਕੇ ਗੁਰਪ੍ਰੀਤ ਸਿੰਘ ਜੀ ਪੀ ਸਾਬਕਾ ਐੱਮ.ਐੱਲ.ਏ. ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਉਨ੍ਹਾਂ ਪੰਜਾਬੀ ਯੂਨੀਵਰਸਿਟੀ ਵੱਲੋਂ ਲਗਾਏ ਇਸ ਖ਼ੂਨਦਾਨ ਕੈਂਪ ਦੀ ਸ਼ਲਾਘਾ ਕਰਦੇ ਹੋਏ ਇਸ ਨੂੰ ਇੱਕ ਨੇਕ ਕਾਰਜ ਦੱਸਿਆ।ਪ੍ਰੋਗਰਾਮ ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਵਲੰਟੀਅਰਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਦਾਨ ਕੀਤੇ ਹੋਏ ਇੱਕ ਯੂਨਿਟ ਖ਼ੂਨ ਨਾਲ ਤਿੰਨ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ ਤੇ ਸਾਨੂੰ ਵੱਧ ਤੋਂ ਵੱਧ ਇਸ ਨੇਕ ਕਾਰਜ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ।ਉਨ੍ਹਾਂ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਦੀ ਟੀਮ, ਐੱਨ. ਐੱਸ. ਐੱਸ. ਪ੍ਰੋਗਰਾਮ ਅਫਸਰਾਂ, ਦਫਤਰੀ ਸਟਾਫ ਤੇ ਵਲੰਟੀਅਰਜ਼/ਡੋਨਰਾਂ ਦਾ ਇਸ ਮਹਾਨ ਕਾਰਜ ਵਿੱਚ ਜੁੜਨ ਲਈ ਧੰਨਵਾਦ ਕੀਤਾ।ਇਸ ਕੈਂਪ ਵਿੱਚ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਡਾ. ਸਿਮਰਨਜੀਤ ਸਿੰਘ ਸਿੱਧੂ, ਡਾ. ਅਭਿਨਵ ਭੰਡਾਰੀ ਅਤੇ ਡਾ. ਸੁਨੀਤਾ, ਡਾ. ਚਰਨਜੀਵ ਸਰੋਆ ਤੇ ਡਾ. ਨਮਰਤਾ ਵਡੇਰਾ ਸਮੇਤ 40 ਵਲੰਟੀਅਰਾਂ ਵੱਲੋਂ ਭਾਗ ਲਿਆ ਗਿਆ।ਇਸ ਖ਼ੂਨਦਾਨ ਕੈਂਪ ਵਿੱਚ 210 ਵਲੰਟੀਅਰਾਂ ਵੱਲੋਂ ਰਜਿਸਟ੍ਰੇਸ਼ਨ ਕਰਵਾਈ ਗਈ।

# ਭਲਕ ਦੇ ਝੰਡਾ ਮਾਰਚ 'ਚ ਵੱਡੀ ਗਿਣਤੀ ਮੁਲਾਜ਼ਮ ਸ਼ਾਮਲ ਹੋਣਗੇ : ਜਗਸੀਰ ਗਿੱਲ

### 25 ਨੂੰ ਦਿੱਲੀ 'ਚ ਕੀਤੀ ਜਾਵੇਗੀ ਮਹਾਂਰੈਲੀ : ਗੁਰਜੀਤ ਸਿੰਘ



**ਜ਼ੀਰਾ (ਨਰਿੰਦਰ ਅਨੇਜਾ)**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ 2 ਨਵੰਬਰ ਨੂੰ ਤਰਨਤਾਰਨ ਵਿਖੇ ਕੀਤੇ ਜਾ ਰਹੇ ਝੰਡਾ ਮਾਰਚ ਦੀ ਤਿਆਰੀ ਸੰਬੰਧੀ ਇੱਕ ਅਹਿਮ ਮੀਟਿੰਗ ਜ਼ੀਰਾ ਵਿਖੇ ਕੀਤੀ ਗਈ।ਜ਼ਿਲ੍ਹਾ ਕਨਵੀਨਰ ਜਗਸੀਰ ਸਿੰਘ ਗਿੱਲ ਨੇ ਕਿਹਾ ਕਿ ਆਪ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਨੂੰ ਲਿਖਤੀ ਗਰੰਟੀ ਦਿੱਤੀ ਸੀ ਕਿ ਪੰਜਾਬ ਵਿੱਚ ਆਪ ਸਰਕਾਰ ਬਣਦਿਆਂ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਜਾਵੇਗੀ, ਪਰ ਪੰਜਾਬ ਸਰਕਾਰ ਦੁਆਰਾ 18 ਨਵੰਬਰ 2022 ਨੂੰ ਦਿਵਾਲੀ ਤੋਂ ਪਹਿਲਾਂ ਕੀਤਾ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਹੁਣ ਤੱਕ ਵੀ ਲਾਗੂ ਨਹੀਂ ਕੀਤਾ ਗਿਆ, ਜਦਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਨਵੀਂ ਬਣੀ ਸਰਕਾਰ ਨੇ ਛੇ ਮਹੀਨੇ ਦੇ ਅੰਦਰ ਹੀ ਪੁਰਾਣੀ ਪੈਨਸ਼ਨ ਬਹਾਲ ਕਰਕੇ ਆਪਣਾ ਚੋਣਾਂ ਦੌਰਾਨ ਮੁਲਾਜ਼ਮਾਂ ਨਾਲ ਕੀਤਾ ਵਾਅਦਾ ਇਮਾਨਦਾਰੀ ਨਾਲ ਨਿਭਾਇਆ।ਜ਼ਿਲ੍ਹਾ ਆਗੂ ਬਲਰਾਮ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਦੋ ਲੱਖ ਕਰਮਚਾਰੀਆਂ ਦੀ ਮੁੱਖ ਮੰਤਰੀ ਦੇ ਐਲਾਨ ਤੋਂ ਚਾਰ ਸਾਲ ਬਾਅਦ ਵੀ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਤੇ ਜੋ ਕਰਮਚਾਰੀ ਐੱਨ.ਪੀ.ਐੱਸ. ਅਧੀਨ ਰਿਟਾਇਰਡ ਹੋ ਰਹੇ ਹਨ। ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੀ ਜਾ ਰਹੀ ਇਸ ਧੱਕੇਸ਼ਾਹੀ ਨੂੰ ਲੋਕ ਕਚਹਿਰੀ ਵਿੱਚ ਤਰਨਤਾਰਨ ਜ਼ਿਮਨੀ ਚੋਣ ਦੌਰਾਨ ਝੰਡਾ ਮਾਰਚ ਕਰ ਵੋਟਰਾਂ ਨੂੰ ਦੱਸਣਗੇ ਤੇ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਪ੍ਰਤੀ ਵੋਟਰਾਂ ਨੂੰ ਜਾਗਰੂਕ ਕਰਨਗੇ।ਸੀ.ਪੀ.ਐੱਫ. ਕਰਮਚਾਰੀ ਯੂਨੀਅਨ ਦੇ ਤਹਿਸੀਲ ਪ੍ਰਧਾਨ ਗੁਰਜੀਤ ਸਿੰਘ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਦੇਸ਼ ਦੇ 70 ਲੱਖ ਐੱਨ.ਪੀ.ਐੱਸ. ਪੀੜਤ ਮੁਲਾਜ਼ਮ 25 ਨਵੰਬਰ ਨੂੰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ ਮਹਾਂਰੈਲੀ ਕਰਨਗੇ, ਜਿਸ ਵਿੱਚ ਕੇਂਦਰ ਤੇ ਰਾਜ ਸਰਕਾਰ ਨੂੰ ਸਪੱਸ਼ਟ ਸੁਨੇਹਾ ਦੇਣਗੇ ਕਿ ਐੱਨ.ਪੀ.ਐੱਸ. ਵਿੱਚ ਸਾਨੂੰ ਕੋਈ ਸੋਧ ਜਾਂ ਯੂ.ਪੀ.ਐੱਸ. ਨਹੀਂ ਚਾਹੀਦੀ।ਇਸ ਮੌਕੇ ਖੇਤੀਬਾੜੀ ਵਿਭਾਗ ਤੋਂ ਗੁਰਦੀਪ ਸਿੰਘ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਤੋਂ ਗਗਨ ਮਿੱਤਲ, ਲੈਕਚਰਾਰ ਯੂਨੀਅਨ ਤੋਂ ਸੁਖਦੀਪ ਸਿੰਘ ਔਲਖ, ਨਿਰਵੈਰ ਸਿੰਘ, ਡੀ.ਟੀ.ਐੱਫ. ਤੋਂ ਗੁਰਪ੍ਰੀਤ ਸਿੰਘ, ਈ.ਟੀ.ਟੀ. ਯੂਨੀਅਨ ਤੋਂ ਅਵਤਾਰ ਸਿੰਘ, ਮਾਸਟਰ ਕਾਡਰ ਯੂਨੀਅਨ ਤੋਂ ਹਰਸੇਵਕ ਸਿੰਘ ਸਾਧੂ ਵਾਲਾ, ਗੌਰਮਿੰਟ ਸਕੂਲ ਟੀਚਰ ਯੂਨੀਅਨ ਤੋਂ ਰਾਜਬੀਰ ਸਿੰਘ, ਹੈੱਡ-ਮਾਸਟਰ ਐਸੋਸੀਏਸ਼ਨ ਤੋਂ ਅਰਵਿੰਦ ਸਿੰਘ, ਜਸਪ੍ਰੀਤ ਸਿੰਘ, ਨੀਲ ਕਮਲ, 5178 ਯੂਨੀਅਨ ਤੋਂ ਗੁਰਚਰਨ ਸਿੰਘ ਕਲਸੀ, ਗੌਰਮਿੰਟ ਟੀਚਰਜ਼ ਯੂਨੀਅਨ ਤੋਂ ਬਲਜਿੰਦਰ ਸਿੰਘ ਮੱਲਾਂਵਾਲਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਤੋਂ ਅਵਤਾਰ ਸਿੰਘ, ਗੁਰਦਿੱਤ ਸਿੰਘ, ਅਜੇ ਕੁਮਾਰ, ਕੁਲਵਿੰਦਰ ਸਿੰਘ, ਰਮਾ ਕਾਂਤ ਯਾਦਵ, ਗੁਰਪ੍ਰੀਤ ਸਿੰਘ, ਸੁਮੇਸ਼ ਕੁਮਾਰ, ਨੀਰਜ ਕੁਮਾਰ, ਮਨਜੀਤ ਸਿੰਘ, ਪਰਮਿੰਦਰ ਸਿੰਘ, ਹਿੱਤਪਾਲ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਈ ਟੀ ਟੀ 5994 ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਭਰਤੀ ਨੂੰ ਮੁਕੰਮਲ ਕਰਨ ਦੀ ਮੰਗ

### ਮੰਗਾਂ ਦਾ ਹੱਲ ਨਾ ਹੋਣ ਦੇ ਰੋਸ ਵਜੋਂ ਤਰਨ ਤਾਰਨ 'ਚ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ



**ਜਲਾਲਾਬਾਦ (ਜੀਤ ਕੁਮਾਰ)**-ਈ ਟੀ ਟੀ 5994 ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਕੀਤੀ ਗਈ, ਜਿਸ ਵਿੱਚ ਜਸਵਿੰਦਰ ਕੰਬੋਜ, ਅਰਸ਼ ਬੱਲੂਆਣਾ, ਕੁਲਵਿੰਦਰ ਸਾਮਾ, ਸਰਬਜੀਤ ਪਿੰਡੀ, ਅਨਿਲ ਅਬੋਹਰ, ਹਰਪ੍ਰੀਤ ਸਿੰਘ ਹੈਪੀ, ਰਿਸ਼ੀ ਲੁਧਿਆਣਾ, ਵਰਿੰਦਰ ਅਬੋਹਰ, ਮੋਹਿਤ ਮੋਹਨ ਕੇ, ਰਿਪੁਦਮਨ ਮਾਨਸਾ, ਨਰਿੰਦਰ ਫਾਜ਼ਿਲਕਾ, ਸੀਮਾ ਘੁਬਾਇਆ, ਬਲਜੀਤ ਕੌਰ, ਮੀਨੂ ਬਾਲਾ ਆਦਿ ਮੌਜੂਦ ਸਨ। ਇਸ ਮੌਕੇ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਸਾਡੀ ਈ.ਟੀ.ਟੀ. ਦੀ ਭਰਤੀ 5994 ਜੋ ਲਗਭਗ ਪਿਛਲੇ 2022 ਵਿੱਚ ਆਈ ਸੀ। ਇਸ ਭਰਤੀ ਲਈ ਅਸੀਂ 4 ਪੇਪਰ ਦਿੱਤੇ ਹਨ, ਜਿਨ੍ਹਾਂ ਵਿੱਚ ਅਸੀਂ ਯੋਗ ਉਮੀਦਵਾਰ ਹਾਂ। ਸਾਡੀ ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋ ਚੁੱਕੀ ਹੈ, ਮਤਲਬ ਸਕਰੂਟਨੀ ਵੀ ਕਰਵਾ ਚੁੱਕੇ ਹਾਂ। ਹੁਣ ਲਗਭਗ ਅਸੀਂ ਪਿਛਲੇ 3 ਸਾਲਾਂ ਤੋਂ ਸੜਕਾਂ 'ਤੇ ਰੁਲ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਭਰਤੀ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਪਹਿਲਾਂ ਵੀ ਬਹੁਤ ਮੰਗ-ਪੱਤਰ ਦੇ ਚੁੱਕੇ ਹਾਂ, ਪਰ ਸਾਡਾ ਕੋਈ ਹੱਲ ਨਹੀਂ ਕੀਤਾ ਗਿਆ। ਅਸੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਸਾਨੂੰ ਜੁਆਇਨਿੰਗ ਲੈਟਰ ਦੇ ਕੇ ਜਲਦੀ ਸਕੂਲਾਂ ਵਿੱਚ ਭੇਜਿਆ ਜਾਵੇ ਤੇ ਈ ਟੀ ਟੀ 5994 ਭਰਤੀ ਨੂੰ ਜਲਦੀ ਪੂਰਾ ਕੀਤਾ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਸਾਡੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਤਰਨਤਾਰਨ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਸਰਕਾਰ ਦਾ ਵਿਰੋਧ ਕੀਤਾ ਜਾਵੇਂਗਾ। ਮੁੱਖ ਚੋਣ ਦਫ਼ਤਰ ਦਾ ਘੇਰਾਓ ਤੇ ਸਾਡੇ ਵੱਲੋਂ ਗੁਪਤ ਐਕਸ਼ਨ ਕੀਤੇ ਜਾਣਗੇ ਅਤੇ ਬਜ਼ਾਰਾਂ ਵਿੱਚ ਵੀ ਜਲੂਸ ਕੱਢਿਆ ਜਾਵੇਗਾ। ਇਸ ਦੇ ਨਿਕਲਣ ਵਾਲੇ ਨਤੀਦਿਆਂ ਦੀ ਜ਼ੁੰਮੇਵਾਰ ਪੰਜਾਬ ਸਰਕਾਰ ਹੋਵੇਗੀ।-

## ਮਰਹੂਮ ਚਮਕੌਰ ਸਿੰਘ ਯੂ ਐੱਸ ਏ ਦੀ ਯਾਦ 'ਚ ਮੁਫਤ ਮੈਡੀਕਲ ਚੈੱਕਅਪ ਕੈਂਪ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸੰਤ ਬਾਬਾ ਕਰਮ ਸਿੰਘ ਨਾਮਧਾਰੀ ਗੁਰਦੁਆਰਾ ਪਿੰਡ ਹਿੰਮਤਪੁਰਾ ਵਿਖੇ ਸਾਬਕਾ ਸਰਪੰਚ ਪੱਪੂ ਜੋਸ਼ੀ ਹਿੰਮਤਪੁਰਾ ਤੇ ਸਮੁੱਚੀ ਟੀਮ ਵੱਲੋਂ ਸਵਰਗਵਾਸੀ ਚਮਕੌਰ ਸਿੰਘ ਯੂ.ਐੱਸ.ਏ. ਦੀ ਯਾਦ 'ਚ ਪਹਿਲਾ ਫ੍ਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਤਥਗੁਰ ਹਸਪਤਾਲ ਬਰਨਾਲਾ ਦੇ ਸੀਨੀਅਰ ਡਾਕਟਰ ਗਗਨਦੀਪ ਸਿੰਘ ਸਿੰਘ ਤੇ ਟੀਮ ਨੇ ਸੈਂਕੜੇ ਮਰੀਜ਼ਾਂ ਦੇ ਗਲੇ, ਨੱਕ ਤੇ ਕੰਨਾਂ ਦੇ ਚੈੱਕਅਪ ਕਰਕੇ ਲੋੜਵੰਦਾਂ ਨੂੰ 10 ਦਿਨਾਂ ਦੀ ਫ੍ਰੀ ਦਵਾਈ ਦਿੱਤੀ ਗਈ।ਇਸ ਕੈਂਪ ਵਿੱਚ ਹਿੰਮਤਪੁਰੇ ਤੋਂ ਇਲਾਵਾ ਲਾਗਲੇ ਪਿੰਡਾਂ ਦੇ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ।ਇਸ ਮੌਕੇ ਪੱਪੂ ਜੋਸ਼ੀ ਨੇ ਦੱਸਿਆ ਕਿ ਪਿੰਡ ਹਿੰਮਤਪੁਰਾ ਵਿਖੇ ਸਮਾਜਸੇਵੀ ਕਾਰਜਾਂ ਨੂੰ ਜਾਰੀ ਰੱਖਿਆ ਜਾਵੇਗਾ।ਇਸ ਮੈਡੀਕਲ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਨੌਜਵਾਨ ਆਗੂ ਕਮਲਜੀਤ ਸਿੰਘ ਬਰਾੜ ਤੇ ਪਰਮਿੰਦਰ ਡਿੰਪਲ ਨੇ ਕੀਤਾ। ਉਨ੍ਹਾਂ ਇਸ ਉੱਦਮ ਲਈ ਪੱਪੂ ਜੋਸ਼ੀ ਤੇ ਉਸ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ।ਇਸ ਕੈਂਪ ਵਿੱਚ ਜੋ ਬਜ਼ੁਰਗ ਹਸਪਤਾਲਾਂ 'ਤੇ ਜਾਣ ਤੋਂ ਅਸਮੱਰਥ ਸਨ, ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡ 'ਚ ਹੀ ਆਪਣਾ ਚੈੱਕਅਪ ਕਰਵਾਉਣਾ ਇੱਕ ਵੱਡਾ ਉਪਰਾਲਾ ਹੈ। ਉਨ੍ਹਾਂ ਡਾਕਟਰਾਂ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਬਕਾ ਪੰਚਾਇਤ ਵੱਲੋਂ ਇਹ ਕਾਰਜ ਬਹੁਤ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਸਾਬਕਾ ਪੰਚ ਬਲਜੀਤ ਸਿੰਘ, ਸਵਰਨ ਸਿੰਘ ਨੈਬ ਸਿੰਘ, ਮੰਗਾਂ ਸਿੰਘ, ਚੰਦ ਸਿੰਘ, ਪ੍ਰਧਾਨ ਗੁਰਤੇਜ ਸਿੰਘ, ਤੇਗਵੀਰ ਸਿੰਘ, ਟੋਨੀ ਸਿੰਘ, ਲਹਿੰਬਰ ਸਿੰਘ ਆਦਿ ਹਾਜ਼ਰ ਸਨ।

## ਥਾਪਰ ਪਰਵਾਰ ਨੇ ਮਨਾਇਆ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਬਲਿਦਾਨ ਦਿਵਸ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਬਲਿਦਾਨ ਦਿਵਸ 'ਤੇ ਉਨ੍ਹਾਂ ਨੂੰ ਸ਼ਰਧਾ ਸੁਮਨ ਭੇਟ ਕਰਦੇ ਹੋਏ ਡਾ. ਮਾਲਤੀ ਥਾਪਰ ਸਾਬਕਾ ਮੰਤਰੀ ਪੰਜਾਬ ਨੇ ਕਿਹਾ ਕਿ ਉਹ ਇੱਕ ਸਹੀ ਸ਼ਬਦਾ ਦੇ ਵਿੱਚ ਆਈਰੈਨ ਲੇਡੀ ਸਨ, ਜਿਨ੍ਹਾਂ ਨੇ ਭਾਰਤ ਹੀ ਨਹੀਂ, ਸਗੋਂ ਦੁਨੀਆ ਦੇ ਨਕਸ਼ੇ ਨੂੰ ਬਦਲ ਕੇ ਰੱਖ ਦਿੱਤਾ।ਉਨ੍ਹਾਂ ਪੂਰੀ ਤਾਕਤ ਦੇ ਨਾਲ ਬੰਗਲਾਦੇਸ਼ ਦੇ ਨਾਮ ਦਾ ਇੱਕ ਨਵਾਂ ਦੇਸ਼ ਖੜ੍ਹਾ ਕਰਨ ਵਿੱਚ ਵੱਡਾ ਯੋਗਦਾਨ ਪਾਇਆ।ਉਨ੍ਹਾਂ ਦੁਖੀ ਤੇ ਗਰੀਬਾਂ ਅਤੇ ਬੇਸਹਾਰੀਆਂ ਦੀ ਮੱਦਦ ਕੀਤੀ ਅਤੇ ਹਰ ਆਮ ਆਦਮੀ ਲਈ ਨਵੇਂ ਰਸਤੇ ਖੋਲ੍ਹੇ।ਵੱਡੇ ਵੱਡੇ ਸ਼ਾਹੂਕਾਰਾਂ ਦੀ ਸੰਪਤੀ ਨੂੰ ਕੌਮ ਦੀ ਸੰਪਤੀ ਬਣਾਇਆ।ਅੱਜ ਸਾਨੂੰ ਉਨ੍ਹਾਂ ਨੂੰ ਯਾਦ ਕਰਦੇ ਹੋਏ ਇਹ ਪ੍ਰਣ ਲੈਣ ਦੀ ਲੋੜ ਹੈ ਕਿ ਸਾਡਾ ਭਾਰਤ ਦੇਸ਼ ਧਰਮ ਨਿਰਪੱਖ ਤੇ ਪ੍ਰਜਾਤੰਤਰਿਕ, ਸਮਾਜਵਾਦ ਵਾਲੇ ਸੰਵਿਧਾਨ ਲਈ ਰੱਖਿਆ ਕਰਾਂਗੇ ਅਤੇ ਦੇਸ਼ ਭਗਤਾ ਦੇ ਸੁਪਨਿਆਂ ਨੂੰ ਸਾਕਾਰ ਕਰਾਂਗੇ।ਇਸ ਮੌਕੇ ਡਾਕਟਰ ਪਵਨ ਥਾਪਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

# ਪੰਜਾਬ ਸਰਕਾਰ ਸਫ਼ਾਈ ਕਰਮਚਾਰੀਆਂ ਦੀ ਭਲਾਈ ਲਈ ਵਚਨਬੱਧ : ਚੇਅਰਮੈਨ ਗਰੇਵਾਲ

### ਸਫ਼ਾਈ ਵਿਵਸਥਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਅਧਿਕਾਰੀਆਂ ਨੂੰ ਦਿੱਤੀਆਂ ਹਦਾਇਤਾਂ ਤੇ ਕਰਮੀਆਂ ਦੀਆਂ ਸੁਣੀਆਂ ਮੁਸ਼ਕਲਾਂ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਚੰਦਨ ਗਰੇਵਾਲ ਵੱਲੋਂ ਮਾਲੇਰਕੋਟਲਾ ਨਗਰ ਕੌਂਸਲ ਵਿਖੇ ਜ਼ਿਲ੍ਹਾ ਅਧਿਕਾਰੀਆਂ ਤੇ ਸਫ਼ਾਈ ਕਰਮਚਾਰੀਆਂ ਨਾਲ ਮੀਟਿੰਗ ਕਰਦਿਆਂ ਜ਼ਿਲ੍ਹੇ ਦੀ ਸਫ਼ਾਈ ਪ੍ਰਣਾਲੀ ਦੀ ਸਮੀਖਿਆ ਕੀਤੀ ਗਈ।ਉਨ੍ਹਾਂ ਵੱਲੋਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ ਤੇ ਸਫਾਈ ਪ੍ਰਣਾਲੀ ਨੂੰ ਹੋਰ ਬਿਹਤਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਢੁੱਕਵੇਂ ਕਦਮ ਚੁੱਕੇ ਜਾਣ।ਚੇਅਰਮੈਨ ਗਰੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਸਫ਼ਾਈ ਕਰਮਚਾਰੀਆਂ ਦੀ ਭਲਾਈ ਤੇ ਸਮਾਜਿਕ ਸੁਰੱਖਿਆ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਇਹ ਕਰਮਚਾਰੀ ਸਾਡੇ ਸਮਾਜ ਦੇ ਉਹ ਅਹਿਮ ਹਿੱਸੇ ਹਨ, ਜੋ ਰੋਜ਼ਾਨਾ ਲੋਕਾਂ ਦੇ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਉਂਦੇ ਹਨ।ਇਸ ਲਈ ਇਨ੍ਹਾਂ ਦੀਆਂ ਸਹੂਲਤਾਂ, ਤਨਖਾਹ ਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਨੂੰ ਸਮੇਂ-ਸਿਰ ਤਨਖਾਹ, ਸਿਹਤ ਸਹੂਲਤਾਂ, ਸੁਰੱਖਿਅਤ ਕੰਮਕਾਜ ਲਈ ਉਪਕਰਨ ਤੇ ਹੋਰ ਅਵੱਸ਼ਕ ਸਹਾਇਤਾ ਮੁਹੱਈਆ ਕਰਵਾਈ ਜਾਵੇ।ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਤਰ੍ਹਾਂ ਦੀ ਬੇਨਿਯਮੀ ਜਾਂ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਮੀਟਿੰਗ ਦੌਰਾਨ ਕਾਰਜ ਸਾਧਕ ਅਫਸਰ ਸ਼੍ਰੀ ਚੰਦਰ ਪ੍ਰਕਾਸ਼ ਵਧਵਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਦਿੱਤੀਆਂ ਸਾਰੀਆਂ ਸਹੂਲਤਾਂ ਨੂੰ ਮਾਲੇਰਕੋਟਲਾ ਜ਼ਿਲ੍ਹੇ ਦੇ ਸਫ਼ਾਈ ਕਰਮਚਾਰੀਆਂ ਤੱਕ ਪਹੁੰਚਾਉਣ ਲਈ ਲਗਾਤਾਰ ਯਤਨ ਜਾਰੀ ਹਨ ਤੇ ਜੇਕਰ ਕਿਸੇ ਕਰਮਚਾਰੀ ਨੂੰ ਕੋਈ ਸਮੱਸਿਆ ਹੈ ਤਾਂ ਉਸ ਦਾ ਹੱਲ ਨਿਯਮਾਂ ਅਨੁਸਾਰ ਤੁਰੰਤ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਮਾਲ ਅਫਸਰ ਮਨਦੀਪ ਕੌਰ, ਡੀ.ਐੱਸ.ਪੀ. ਯਾਦਵਿੰਦਰ ਸਿੰਘ, ਕਾਰਜ ਸਾਧਕ ਅਫਸਰ ਅਹਿਮਦਗੜ੍ਹ ਵਿਕਾਸ ਉੱਪਲ, ਪ੍ਰਿੰਸੀਪਲ ਕਮਲੇਸ਼ ਰਾਣੀ, ਅਸਰਫ ਅਬਦੁੱਲਾ, ਵਿਸ਼ਾਲ ਟਾਂਕ, ਸਫ਼ਾਈ ਕਰਮਚਾਰੀ ਯੂਨੀਅਨ ਪ੍ਰਧਾਨ ਦੀਪਕ ਬੱਗਨ, ਸਰਪ੍ਰਸਤ ਅਸ਼ੋਕ ਕੁਮਾਰ ਸ਼ੋਕੀ, ਚੇਅਰਮੈਨ ਪਵਨ ਕੁਮਾਰ ਗੇਜਾ, ਮੀਤ ਪ੍ਰਧਾਨ ਬਾਦਲ ਕਲਿਆਣ, ਸੁਨੀਲ ਹੰਸ, ਬਲਕਾਰ ਸਿੰਘ (ਅਮਰਗੜ੍ਹ) ਸਮੇਤ ਕਈ ਅਧਿਕਾਰੀ ਤੇ ਕਰਮਚਾਰੀ ਯੂਨੀਅਨ ਦੇ ਮੈਂਬਰ ਮੌਜੂਦ ਸਨ।


**AXIS BANK**

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana-141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ**

ਇਹ ਨੋਟਿਸ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਕਰਜ਼ਦਾਰ/ਗਰੰਟਰ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਸ਼ਚਿਤ ਮਿਤੀ 'ਤੇ ਮੂਲ ਰਕਮ ਅਤੇ ਇਸ 'ਤੇ ਵਿਆਜ ਦੀ ਮੁੜ ਅਦਾਇਗੀ ਲਈ ਅਨੇਕਾਂ ਭੁੱਲਾਂ ਕੀਤੀਆਂ ਹਨ। ਸਿੱਟੇ ਵਜੋਂ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਮੁਤਾਬਿਕ ਅਜਿਹੇ ਖਾਤੇ ਨਾਨ-ਪਰਫਾਰਮਿੰਗ ਐਸਟ ਵਜੋਂ ਕਲਾਸੀਫਾਈਡ ਕਰ ਦਿੱਤੇ ਗਏ ਹਨ। ਸਰਫੇਸੀ ਐਕਟ, 2002 ਦੇ ਸੈਕਸ਼ਨ 13(2) ਅਧੀਨ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਜੋ ਕਿ ਬਿਨਾਂ ਤਾਮੀਲ ਵਾਪਸ ਆ ਗਏ ਅਤੇ ਇਹ ਸੂਚਨਾ ਇਸ ਦੇ ਸੰਬੰਧ 'ਚ ਹੀ ਜਨਤਕ ਨੋਟਿਸ ਰਾਹੀਂ ਦਿੱਤੀ ਜਾ ਰਹੀ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਮਨਜ਼ੂਰ ਕਰਜ਼ਾ ਰਕਮ/ਭੁਗਤਾਨ |
|---|---|---|---|---|---|
| 1. | 1. ਰਾਜਬੀਰ ਸਿੰਘ ਪੁੱਤਰ ਸ੍ਰੀ ਸੁਰਿੰਦਰ ਪਾਲ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀ ਅਮਨਦੀਪ ਸਿੰਘ ਪੁੱਤਰ ਸ੍ਰੀ ਸੁਰਿੰਦਰਪਾਲ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-Oct-2025 | 16-Oct-2025 | ਰੁਪਏ 55,44,700/- (ਪਚਵੰਜਾ ਲੱਖ ਚੁਤਾਲੀ ਹਜ਼ਾਰ ਸੱਤ ਸੌ ਰੁਪਏ ਕੇਵਲ) | ਰੁਪਏ 60,33,368/- (ਸੱਠ ਲੱਖ ਤੇਤੀ ਹਜ਼ਾਰ ਤਿੰਨ ਸੌ ਅਠਾਹਠ ਰੁਪਏ ਕੇਵਲ) |
| | **ਸਕਿਉਰਡ ਐਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ/ਦਸਤਾਵੇਜ਼ ਨੰ. 2020-21/187/1/3164 ਮਿਤੀ 28.09.2020 ਅਨੁਸਾਰ ਸ੍ਰੀ ਰਾਜਬੀਰ ਸਿੰਘ ਅਤੇ ਸ੍ਰੀ ਅਮਨਦੀਪ ਸਿੰਘ ਪੁੱਤਰਾਨ ਸ੍ਰੀ ਸੁਰਿੰਦਰ ਪਾਲ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 29 ਮਰਲੇ ਜ਼ਮੀਨ ਖੇਤਰ 39 ਮਰਲਾ 117 ਵਰਗ ਫੁੱਟ 'ਚੋਂ, ਖੱਤਾ ਨੰ. 222/312, 223/313, ਖਸਰਾ ਨੰ. 548, 532/1, ਜਮ੍ਹਾਂਬੰਦੀ ਸਾਲ 2012-2013, ਪਿੰਡ ਨਾਗਰਾ ਵਿਖੇ ਸਥਿਤ, ਹੱਦਬਸਤ ਨੰ. 158, ਅਬਾਦੀ ਗੁਰੂ ਨਾਨਕ ਨਗਰ, ਨੇੜੇ ਰਤਨ ਨਗਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਾਜਵੀਰ ਸਿੰਘ ਦੀ ਦੁਕਾਨ, ਪੱਛਮ : ਸੜਕ, ਉੱਤਰ : ਸੜਕ, ਦੱਖਣ: ਹਰਜੀਤ ਸਿੰਘ। | | | | |
| 2. | 1. ਅਰੁਣ ਕੁਮਾਰ ਅਰੁਣ ਪੁੱਤਰ ਸ੍ਰੀ ਬਲਬੀਰ ਸਿੰਘ (ਕਰਜ਼ਦਾਰ) ਅਤੇ 2. ਸ੍ਰੀ ਵਿਸ਼ਾਲ ਕੁਮਾਰ ਪੁੱਤਰ ਸ੍ਰੀ ਬਲਬੀਰ ਸਿੰਘ (ਸਹਿ-ਕਰਜ਼ਦਾਰ) 3. ਸ੍ਰੀਮਤੀ ਸ਼ੀਲਾ ਪਤਨੀ ਸ੍ਰੀ ਬਲਬੀਰ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-Oct-2025 | 17-Oct-2025 | ਰੁਪਏ 7,94,114/- (ਸੱਤ ਲੱਖ ਚੁਰਾਨਵੇ ਹਜ਼ਾਰ ਇੱਕ ਸੌ ਚੌਦਾਂ ਰੁਪਏ ਕੇਵਲ) | ਰੁਪਏ 13,00,000/- (ਤੇਰਾਂ ਲੱਖ ਰੁਪਏ ਕੇਵਲ) |
| | **ਸਕਿਉਰਡ ਐਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ/ਦਸਤਾਵੇਜ਼ ਨੰ. 2018-19/101/1/2610 ਮਿਤੀ 1 ਅਕਤੂਬਰ 2018 ਅਨੁਸਾਰ ਸ਼ੀਲਾ ਪਤਨੀ ਸ੍ਰੀ ਬਲਬੀਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਮਿਊਂਸਪਲ ਨੰ. ਬੀ-34-12000/92-ਏ, ਰਕਬਾ 70 ਵਰਗ ਗਜ਼, ਖੱਤਾ ਨੰ. 1872/2080, ਖਸਰਾ ਨੰ. 24//16, 25//6, 7/1,11,12,13,14,15,19, 20/1, 20/2, 21,26//10/2 ਜਮ੍ਹਾਂਬੰਦੀ ਸਾਲ 2006-2007, ਪਿੰਡ ਹੈਬੋਵਾਲ ਕਲਾਂ ਵਿਖੇ ਸਥਿਤ, ਹੱਦਬਸਤ ਨੰ. 102, ਮਹਾਬੀਰ ਜੈਨ ਕਾਲੋਨੀ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। | | | | |
| 3. | 1. ਰਾਕੇਸ਼ ਪੁੱਤਰ ਸ੍ਰੀ ਸਰਜੂ (ਕਰਜ਼ਦਾਰ) ਅਤੇ 2. ਸ੍ਰੀਮਤੀ ਨੀਲਮ ਪਤਨੀ ਸ੍ਰੀ ਰਾਕੇਸ਼ (ਸਹਿ-ਕਰਜ਼ਦਾਰ/ਰਹਿਣਕਾਰ) | 08-Oct-2025 | 17-Oct-2025 | ਰੁਪਏ 8,86,463/- (ਅੱਠ ਲੱਖ ਸਿਆਸੀ ਹਜ਼ਾਰ ਚਾਰ ਸੌ ਤਰੇਹਠ ਰੁਪਏ ਕੇਵਲ) | ਰੁਪਏ 11,70,000/- (ਗਿਆਰਾਂ ਲੱਖ ਸੱਤਰ ਹਜ਼ਾਰ ਰੁਪਏ ਕੇਵਲ) |
| | **ਸਕਿਉਰਡ ਐਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ/ਦਸਤਾਵੇਜ਼ ਨੰ. 2019-20/101/1/17021 ਮਿਤੀ 13.03.2020 ਅਨੁਸਾਰ ਸ੍ਰੀਮਤੀ ਨੀਲਮ ਪਤਨੀ ਸ੍ਰੀ ਰਾਕੇਸ਼ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ, ਮਿਊਂਸਪਲ ਨੰ. ਬੀ-34-8844/21/ਏ, ਰਕਬਾ 50 ਵਰਗ ਗਜ਼, ਖੱਤਾ ਨੰ. 444/574 ਖਸਰਾ ਨੰ. 6//18, ਜਮ੍ਹਾਂਬੰਦੀ ਸਾਲ 2011-2012, ਪਿੰਡ ਹੈਬੋਵਾਲ ਕਲਾਂ ਵਿਖੇ ਸਥਿਤ, ਨੇੜੇ ਚੂਹੜਪੁਰ ਰੋਡ, ਹੱਦਬਸਤ ਨੰ. 102, ਅਬਾਦੀ ਬਿਹਾਰੀ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ : ਪੂਰਬ : ਗਲੀ 10 ਫੁੱਟ ਚੌੜੀ, ਪੱਛਮ : ਮਦਨ ਲਾਲ ਬਾਹੀ 10 ਫੁੱਟ, ਉੱਤਰ : ਖਾਲੀ ਪਲਾਟ 45 ਫੁੱਟ, ਦੱਖਣ : ਦੀਪਕ ਤਲਵਾੜ 45 ਫੁੱਟ। | | | | |
| 4. | 1. ਪਰਮਜੀਤ ਪੁੱਤਰ ਸ੍ਰੀ ਗੁਲਜ਼ਾਰ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਬਿੰਦਰ ਕੌਰ ਪਤਨੀ ਸ੍ਰੀ ਪਰਮਜੀਤ (ਸਹਿ-ਕਰਜ਼ਦਾਰ) | 08-Oct-2025 | 17-Oct-2025 | ਰੁਪਏ 16,76,961/- ਸੋਲਾਂ ਲੱਖ ਛਿਹੱਤਰ ਹਜ਼ਾਰ ਨੌ ਸੌ ਇਕਾਹਠ ਰੁਪਏ ਕੇਵਲ) | ਰੁਪਏ 16,50,000/- ਸੋਲਾਂ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| | **ਸਕਿਉਰਡ ਐਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ/ਦਸਤਾਵੇਜ਼ ਨੰ. 2020-21/27/1/779 ਮਿਤੀ 26 ਅਕਤੂਬਰ 2020 ਅਨੁਸਾਰ ਸ੍ਰੀ ਪਰਮਜੀਤ ਪੁੱਤਰ ਸ੍ਰੀ ਗੁਲਜ਼ਾਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 0-5 ਮਰਲਾ (ਕਿੱਤੇ 6,15, ਕਨਾਲ, 2 ਮਰਲਾ, ਕੁੱਲ ਖੇਤਰ 5/302 'ਚੋਂ) ਖੱਤਾ ਨੰ. 414/509 ਖਸਰਾ ਨੰ.41//23/2/2/4-9,24/2/1-16,58//2/2/4-3,2/4/1-10,3/1/1/1-11, 3/1/3/1-13, ਜਮ੍ਹਾਂਬੰਦੀ ਸਾਲ 2015-16, ਚਰਚ ਕਾਲੋਨੀ ਵਿਖੇ ਸਥਿਤ, ਨਡਾਲਾ ਪੱਤੀ, ਖੈਰਦੀਨ-1, ਤਹਿਸੀਲ ਭਲੱਥ, ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ :- ਹੱਦਾਂ : ਪੂਰਬ : ਬਲਕਾਰ ਸਿੰਘ, ਪੱਛਮ : ਰਸਤਾ, ਉੱਤਰ : ਰਸਤਾ, ਦੱਖਣ : ਸਵਿਤਾ ਰਾਣੀ। | | | | |
| 5. | 1. ਮੁਕੇਸ਼ ਹੰਸ ਪੁੱਤਰ ਸ੍ਰੀ ਅਸ਼ਵਨੀ ਕੁਮਾਰ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਅਨੀਤਾ ਪਤਨੀ ਸ੍ਰੀ ਅਸ਼ਵਨੀ ਕੁਮਾਰ (ਸਹਿ-ਕਰਜ਼ਦਾਰ) | 08-Oct-2025 | 17-Oct-2025 | ਰੁਪਏ 9,04,974/- (ਨੌ ਲੱਖ ਚਾਰ ਹਜ਼ਾਰ ਨੌ ਸੌ ਚਹੌਤਰ ਰੁਪਏ ਕੇਵਲ) | ਰੁਪਏ 11,85,002/- (ਗਿਆਰਾਂ ਲੱਖ ਪਚਾਸੀ ਹਜ਼ਾਰ ਦੋ ਰੁਪਏ ਕੇਵਲ) |
| | **ਸਕਿਉਰਡ ਐਸਟਸ ਦਾ ਜਾਇਦਾਦੀ ਪਤਾ:** ਸ੍ਰੀ ਮੁਕੇਸ਼ ਹੰਸ ਪੁੱਤਰ ਸ੍ਰੀ ਅਸ਼ਵਨੀ ਕੁਮਾਰ ਦੇ ਨਾਂਅ ਰਜਿਸਟਰਡ ਬੈਨਾਮਾ। ਜਾਇਦਾਦ ਮਕਾਨ ਰਕਬਾ 2.5 ਮਰਲੇ, ਖਸਰਾ ਨੰ. 1258, 1259, 1345, ਨਿਊ ਵਿਜੈ ਨਗਰ ਵਿਖੇ ਸਥਿਤ, ਚੱਕ ਹੁਸੈਨ ਲੰਮਾ ਪਿੰਡ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ ਸਾਈਟ ਅਨੁਸਾਰ :- ਪੂਰਬ : ਸੜਕ, ਪੱਛਮ : ਗੁਰਦੁਆਰਾ ਦੀ ਜ਼ਮੀਨ, ਉੱਤਰ : ਮਕਾਨ ਨੰ. 34/ਹਰਪ੍ਰੀਤ ਕੌਰ, ਦੱਖਣ: ਹੋਰ। | | | | |
| 6. | 1. ਮਨਦੀਪ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਦੀਪਿੰਦਰ ਕੌਰ ਪਤਨੀ ਮਨਦੀਪ ਸਿੰਘ (ਸਹਿ-ਕਰਜ਼ਦਾਰ) | 08-Oct-2025 | 17-Oct-2025 | ਰੁਪਏ 20,18,246.28/- (ਬੀਹ ਲੱਖ ਅਠਾਰਾਂ ਹਜ਼ਾਰ ਦੋ ਸੌ ਛਿਆਲੀ ਰੁਪਏ ਅਤੇ ਅਠਾਈ ਪੈਸੇ ਕੇਵਲ) | ਰੁਪਏ 21,12,735/- (ਇੱਕੀ ਬਾਰਾਂ ਹਜ਼ਾਰ ਸੱਤ ਸੌ ਪੈਂਤੀ ਰੁਪਏ ਕੇਵਲ) |
| | **ਸਕਿਉਰਡ ਐਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ/ਦਸਤਾਵੇਜ਼ ਨੰ. 2020-21/11/1/2787 ਮਿਤੀ 24 ਜੁਲਾਈ 2020 ਅਨੁਸਾਰ ਸ੍ਰੀ ਮਨਦੀਪ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 48, ਰਕਬਾ 75 ਵਰਗ ਗਜ਼ (ਜੋ ਕਿ ਕੁੱਲ ਖੇਤਰ 9 ਕਨਾਲ 4 ਮਰਲੇ ਦਾ 0-2-1/2 ਮਰਲਾ 21/2/184 ਹਿੱਸਾ) ਖਸਰਾ ਨੰ. 50//12/3 (1-13), 50//13 (7-11), ਖਤੌਨੀ ਨੰ. 1667, ਖੇਵਟ ਨੰ. 865/816 ਮਿਨ ਜਮ੍ਹਾਂਬੰਦੀ ਸਾਲ 2013- 2014 ਗੋਬਿੰਦ ਬਾਗ ਵਿਖੇ ਸਥਿਤ ਪਿੰਡ ਤਫਜ਼ਲਪੁਰਾ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ ਸਾਈਟ ਅਨੁਸਾਰ :- ਪੂਰਬ : ਮਕਾਨ ਬਾਹੀ 54', ਪੱਛਮ : ਖਾਲੀ ਪਲਾਟ ਬਾਹੀ 54', ਉੱਤਰ : ਸੜਕ 20' ਚੌੜੀ ਬਾਹੀ 12'-6", ਦੱਖਣ : ਮਕਾਨ ਬਾਹੀ 12'-6" | | | | |
| 7. | 1. ਰਣਜੀਤ ਸਿੰਘ ਪੁੱਤਰ ਸ੍ਰੀ ਮੁਕਤਾਰ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਸਰਬਜੀਤ ਕੌਰ ਪਤਨੀ ਰਣਜੀਤ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-Oct-2025 | 17-Oct-2025 | ਰੁਪਏ 12,35,100/- (ਬਾਰਾਂ ਲੱਖ ਪੈਂਤੀ ਹਜ਼ਾਰ ਇੱਕ ਸੌ ਰੁਪਏ ਕੇਵਲ) | ਰੁਪਏ 12,62,719/- (ਬਾਰਾਂ ਲੱਖ ਬਾਹਠ ਹਜ਼ਾਰ ਸੱਤ ਸੌ ਉੱਨੀ ਰੁਪਏ ਕੇਵਲ) |
| | **ਸਕਿਉਰਡ ਐਸਟਸ ਦਾ ਜਾਇਦਾਦੀ ਪਤਾ:** ਬੈਨਾਮਾ/ਦਸਤਾਵੇਜ਼ ਨੰ. 2023-24/89/1/9582 ਮਿਤੀ 26.02.2024 ਅਨੁਸਾਰ ਸ੍ਰੀਮਤੀ ਸਰਬਜੀਤ ਕੌਰ ਪਤਨੀ ਸ੍ਰੀ ਰਣਜੀਤ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 76 ਵਰਗ ਗਜ਼, ਖਸਰਾ ਨੰ. 3388/1952/464-465, 1949/466, ਖੇਵਟ ਨੰ. 818, ਖਤੌਨੀ ਨੰ. 1251, ਜਮ੍ਹਾਂਬੰਦੀ ਸਾਲ 2015-2016, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਸਰਕਲ ਨੰ.108 ਵਿਖੇ ਸਥਿਤ, ਅਬਾਦੀ ਰਾਮ ਨਗਰ ਕਾਲੋਨੀ, ਹੱਦਬਸਤ ਨੰ. 387, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ ਸਾਈਟ ਅਨੁਸਾਰ :- ਪੂਰਬ : ਹੋਰਾਂ ਦੀ ਮਾਲਕੀ, ਪੱਛਮ : ਗਲੀ 15' ਚੌੜੀ, ਉੱਤਰ : ਗੁਰਨਾਮ ਸਿੰਘ ਦੀ ਮਾਲਕੀ, ਦੱਖਣ : ਹੋਰਾਂ ਦੀ ਮਾਲਕੀ। | | | | |

ਇਸ ਲਈ, ਇਹ ਜਨਤਕ ਸੂਚਨਾ ਸਿੱਧੇ ਪੱਤਰ ਵਿਹਾਰ ਦੀ ਜਗ੍ਹਾ ਜਾਰੀ ਕੀਤੀ ਜਾਂਦੀ ਹੈ।
ਕਰਜ਼ਦਾਰ (ਕਰਜ਼ਦਾਰਾਂ) ਅਤੇ/ਜਾਂ ਉਨ੍ਹਾਂ ਦੇ ਗਰੰਟਰ (ਗਰੰਟਰਾਂ) ਜਿੱਥੇ ਲਾਗੂਯੋਗ, ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਕਮ ਜਮ੍ਹਾਂ ਕਰਵਾਉਣ ਦਾ ਸੱਦਾ ਦਿੱਤਾ ਜਾਂਦਾ ਹੈ। ਅਜਿਹਾ ਕਰਨ ਵਿੱਚ ਨਾਕਾਮ ਰਹਿਣ ਦੀ ਸੂਰਤ ਵਿੱਚ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਸਕਿਓਰਿਟੀ ਇੰਟਰੈਸਟ ਐਕਟ, 2002 ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਤਹਿਤ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ। ਕਰਜ਼ਦਾਰਾਂ ਨੂੰ ਆਪਣੇ ਸਕਿਓਰਡ ਐਸਟਸ ਦੇ ਪੁਨਰਗ੍ਰਹਿਣ ਲਈ ਆਪਣੇ ਅਧਿਕਾਰਾਂ ਵਾਸਤੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਵਿਸ਼ੇਸ਼ ਹਵਾਲਾ ਦਿੱਤਾ ਜਾਂਦਾ ਹੈ।
ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਉਕਤ ਦੱਸੇ ਐਕਟ ਸੈਕਸ਼ਨ 13(13) ਤਹਿਤ ਸਕਿਓਰਡ ਕ੍ਰੈਡਿਟਰ ਦੇ ਬਿਨਾਂ ਅਗਾਊਂ ਲਿਖਤੀ ਸਹਿਮਤੀ ਦੇ ਕਰਜ਼ਦਾਰ ਜਾਇਦਾਦ ਨੂੰ ਵਿੱਕਰੀ ਰਾਹੀਂ ਤਬਾਦਲਾ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਸਕਿਓਰਡ ਐਸਟਸ ਦੀ ਵਿੱਕਰੀ ਕਰਨ ਦਾ ਅਧਿਕਾਰ ਨਹੀਂ ਹੈ।

ਮਿਤੀ : 01.11.2025
ਸਥਾਨ : ਪੰਜਾਬ

ਸਹੀ/- (ਅਧਿਕਾਰਤ ਅਫ਼ਸਰ)
ਐਕਸਿਸ ਬੈਂਕ ਲਿਮਟਿਡ

1- Nov - Page - 7.qxd 10/31/2025 9:21 PM Page 1



# ਫਤਿਹ ਗਰੁੱਪ ਵਿਖੇ 'ਅਜੋਕਾ ਵਿਦਿਆਰਥੀ ਤੇ ਜੀਵਨ ਜਾਂਚ' ਵਿਸ਼ੇ 'ਤੇ ਸੈਮੀਨਾਰ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਅਤੇ ਪੰਜਾਬੀ ਵਿਭਾਗ ਵੱਲੋਂ ਕੌਮੀ ਸੇਵਾ ਯੋਜਨਾ ਵਿਭਾਗ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਸੈਮੀਨਾਰ ਕੀਤਾ ਗਿਆ।ਸੈਮੀਨਾਰ ਦਾ ਵਿਸ਼ਾ ਸੀ 'ਅਜੋਕਾ ਵਿਦਿਆਰਥੀ ਤੇ ਜੀਵਨ ਜਾਂਚ'।ਇਸ ਸੈਮੀਨਾਰ ਵਿੱਚ ਯੂਨੀਵਰਸਿਟੀ ਕਾਲਜ ਬਰਨਾਲਾ ਦੀ ਪ੍ਰੋਫੈਸਰ ਤੇ ਪ੍ਰਸਿੱਧ ਕਵਿਤਰੀ ਡਾ. ਹਰਪ੍ਰੀਤ ਕੌਰ ਰੂਬੀ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੀਵਨ ਵਿੱਚ ਸਫ਼ਲ ਹੋਣ ਲਈ ਸੱਚਾਈ, ਅਨੁਸ਼ਾਸਨ ਤੇ ਆਦਰਸ਼ਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਦਾ ਆਦਰ ਕਰਨ, ਨਸ਼ਿਆਂ ਤੋਂ ਦੂਰ ਰਹਿਣ ਤੇ ਸਮਾਜਿਕ ਜ਼ਿੰਮੇਵਾਰੀ ਨਾਲ ਜੀਵਨ ਜੀਊਣ ਦੀ ਪ੍ਰੇਰਨਾ ਦਿੱਤੀ।ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਕਵਿਤਾ, ਭਾਸ਼ਣ ਤੇ ਗੀਤ ਆਦਿ ਸੱਭਿਆਚਾਰਕ ਪੇਸ਼ਕਾਰੀਆਂ ਨਾਲ ਮਾਹੌਲ ਰੰਗੀਨ ਹੋ ਗਿਆ।ਮੰਚ ਦਾ ਸੰਚਾਲਨ ਪੰਜਾਬੀ ਵਿਭਾਗ ਦੇ ਪ੍ਰੋ. ਰੋਬਿਨ ਮੰਗਲਾ ਨੇ ਸੁਚਾਰੂ ਢੰਗ ਨਾਲ ਕਰਦੇ ਹੋਏ ਮੁੱਖ ਮਹਿਮਾਨ ਦਾ ਸਵਾਗਤ ਕੀਤਾ।ਡੀਨ ਅਕੈਡਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਤੇ ਖਾਸ ਬਣਾਉਣ ਲਈ ਅਜਿਹੇ ਸੈਮੀਨਾਰਾਂ ਦੀ ਮਹੱਤਤਾ ਬਾਰੇ ਅਹਿਮ ਨੁਕਤਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਸਹਾਇਕ ਡਾਇਰੈਕਟਰ (ਪਬਲਿਕ ਰਿਲੇਸ਼ਨ ਐਂਡ ਡਿਵੈਲਪਮੈਂਟ) ਪ੍ਰੋ. ਹਰਪ੍ਰੀਤ ਸ਼ਰਮਾ ਨੇ ਡਾ. ਰੂਬੀ ਦੇ ਪੰਜਾਬੀ ਸਾਹਿਤ ਵਿੱਚ ਦਿੱਤੇ ਯੋਗਦਾਨ ਨੂੰ ਸ਼੍ਰੇਸ਼ਠ ਦੱਸਦਿਆਂ ਕਿਹਾ ਕਿ ਉਨ੍ਹਾਂ ਦੀਆਂ ਦਸ ਕਿਤਾਬਾਂ ਪੰਜਾਬੀ ਭਾਸ਼ਾ ਦੀ ਧਰੋਹਰ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਨੈਤਿਕਤਾ ਤੇ ਸੱਚਾਈ ਨਾਲ ਜੀਵਨ ਜੀਊਣ ਦੀ ਪ੍ਰੇਰਨਾ ਵੀ ਦਿੱਤੀ।ਇਸ ਮੌਕੇ ਸਹਾਇਕ ਡਾਇਰੈਕਟਰ ਪ੍ਰੋ. ਜਸਵਿੰਦਰ ਸਿੰਘ, ਪੰਜਾਬੀ ਤੇ ਜਨ ਸੰਚਾਰ ਵਿਭਾਗ ਦੀ ਮੁਖੀ ਪ੍ਰੋ. ਕੁਮਾਰੀ ਸ਼ੈਲਜਾ ਤੇ ਐਜੂਕੇਸ਼ਨ ਵਿਭਾਗ ਦੀ ਮੁਖੀ ਪ੍ਰੋ. ਸੰਦੀਪ ਕੌਰ ਨੇ ਕਿਹਾ ਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮੀਲ ਪੱਥਰ ਸਾਬਿਤ ਹੁੰਦੇ ਹਨ।ਸੈਮੀਨਾਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਪ੍ਰੋ. ਹਰਜੀਤ ਕੌਰ ਤੇ ਪ੍ਰੋ. ਮਨਜੀਤ ਕੌਰ, ਪ੍ਰੋ. ਜਸਪ੍ਰੀਤ ਕੌਰ ਤੇ ਪ੍ਰੋ. ਮਨਦੀਪ ਕੌਰ ਦੀ ਭੂਮਿਕਾ ਕਾਬਿਲ-ਏ-ਤਾਰੀਫ਼ ਰਹੀ।



# ਪਾਵਰਕਾਮ ਸਬ ਡਵੀਜ਼ਨ ਠੁੱਲੀਵਾਲ ਵਿਖੇ ਟੀ ਐੱਸ ਯੂ (ਵਿਗਿਆਨਕ) ਦੀ ਜਥੇਬੰਦਕ ਚੋਣ



## ਮੁਖਤਿਆਰ ਸਿੰਘ ਕਲਿਆਣ ਪ੍ਰਧਾਨ ਚੁਣੇ

**ਨੰਗਲ, ਭਲਾਣ (ਹਰਭਜਨ ਢਿੱਲੋਂ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਜਦੋਂ ਵਿਧਾਨ ਸਭਾ ਚੋਣਾਂ ਤੋ ਪਹਿਲਾਂ ਜਿਲ੍ਹੇ ਦੇ ਅੰਦਰੂਨੀ ਪਿੰਡਾਂ ਦਾ ਦੌਰਾ ਕੀਤਾ ਤਾਂ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡਾਂ ਵਿੱਚ ਲੰਮੇ ਅਰਸੇ ਤੋਂ ਕੋਈ ਵਿਕਾਸ ਨਹੀ ਹੋਇਆ ਅਤੇ ਇਹ ਇਲਾਕਾ ਬੁਨਿਆਦੀ ਸਹੂਲਤਾਂ ਤੋ ਸੱਖਣਾ ਹੈ। ਕੈਬਨਿਟ ਮੰਤਰੀ ਦੇ ਯਤਨਾਂ ਸਦਕਾ ਪਿੰਡ ਬਾਸ ਤੋਂ ਸੁਆਮੀਪੁਰ ਖੇੜਾ ਬਾਗ ਤੱਕ ਲਗਭਗ 10 ਤੋਂ 18 ਫੁੱਟ ਚੌੜੀ ਸੜਕ ਦਾ ਕੰਮ ਸੁਰੂ ਹੋ ਗਿਆ ਹੈ। ਇਸ ਪ੍ਰਾਜੈਕਟ ਨਾਲ ਪਿੰਡ ਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੀ ਹੈ। ਇਸ ਦੇ ਨਾਲ ਹੀ ਪਾਣੀ ਦੀ ਨਿਕਾਸੀ ਦੀ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਦਾ ਵੀ ਹੱਲ ਕਰ



ਦਿੱਤਾ ਗਿਆ ਹੈ। ਪਹਿਲਾਂ ਪਾਣੀ ਜਮ੍ਹਾ ਹੋਣ ਕਾਰਨ ਡੇਂਗੂ ਫੈਲਣ ਦਾ ਖਤਰਾ ਬਣਿਆ ਰਹਿੰਦਾ ਸੀ। ਪੰਚਾਇਤ ਵੱਲੋਂ ਪਿੰਡ ਵਿੱਚ ਗੰਦੇ ਪਾਣੀ ਦੀ ਨਿਕਾਸੀ ਪ੍ਰਣਾਲੀ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਪਿੰਡ ਦੀ ਪੂਰੀ ਪੰਚਾਇਤ ਨੇ ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਇਲਾਕੇ ਦੇ ਵਿਕਾਸ ਲਈ ਦਿੱਤੀ ਜਾ ਰਹੀ ਸਹਾਇਤਾ ਸ਼ਲਾਘਾਯੋਗ ਹੈ ਅਤੇ ਲੋਕਾਂ ਵਿੱਚ ਇਸ ਨਾਲ ਖੁਸ਼ੀ ਦੀ ਲਹਿਰ ਹੈ।ਇਸ ਮੌਕੇ ਰਾਜ ਸਰਪੰਚ, ਹਿਤੇਸ਼ ਕੁਮਾਰ ਪੰਚ (ਹਲਕਾ ਕੋਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ), ਅੰਜੂ ਬਾਲਾ ਪੰਚ, ਸ਼ਿਵ ਕੁਮਾਰ, ਮਾਸਟਰ ਬਾਸੁਦੇਵ, ਸੰਜੂ , ਅਮਨ, ਆਸ਼ੂ, ਗਣੇਸ਼ ਕੁਮਾਰ ਹਾਜ਼ਰ ਸਨ।

## ਤਰਨ ਤਾਰਨ ਜ਼ਿਮਨੀ ਚੋਣ ਵਿੱਚ ਹਰਮੀਤ ਸੰਧੂ ਹੀ ਵਧੀਆ ਕਦਵਾਰ ਆਗੂ : ਦੁੱਗਲ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਨੂੰ ਲੈ ਕੇ ਆਮ ਆਦਮੀ ਪਾਰਟੀ ਵਲੋਂ ਚਲਾਈ ਜਾ ਰਹੀ ਡੋਰ ਟੂ ਡੋਰ ਮੁਹਿੰਮ ਦੌਰਾਨ ਪਾਰਟੀ ਦੇ ਜ਼ਿਲ੍ਹਾ ਜਲੰਧਰ ਦੇ ਦਿਹਾਤੀ ਪ੍ਰਧਾਨ ਪ੍ਰਦੀਪ ਦੁੱਗਲ ਨੇ ਕਿਹਾ ਕਿ ਤਰਨ ਤਾਰਨ ਦੇ ਲੋਕ ਹਰਮੀਤ ਸੰਧੂ ਨੂੰ ਆਪਣੇ ਵਿਧਾਇਕ ਵਜੋਂ ਦੇਖਣਾ ਚਾਹੁੰਦੇ ਹਨ। ਉਨ੍ਹਾਂ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵਲੋਂ ਚਲਾਈਆਂ ਜਾ ਰਹੀਆ ਲੋਕ ਭਲਾਈ ਯੋਜਨਾਵਾਂ ਨੇ ਲੋਕਾਂ ਦੇ ਜੀਵਨ ਨੂੰ ਬਦਲ ਦਿੱਤਾ ਹੈ ਤੇ ਹੁਣ ਤਰਨ ਤਾਰਨ ਦੇ ਵੋਟਰ ਵੀ ਹਰਮੀਤ ਸੰਧੂ ਵਰਗੇ ਸਮਰਪਿਤ ਅਤੇ ਇਮਾਨਦਾਰ ਨੇਤਾ ਨੂੰ ਚੁਣ ਕੇ 'ਆਪ' ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਨ। ਇਸ ਮੌਕੇ ਤੇ ਕਰਤਾਰਪੁਰ ਹਲਕੇ ਦੇ ਵਿਧਾਇਕ ਬਲਕਾਰ ਸਿੰਘ ਅਤੇ ਸ਼ਾਹਕੋਟ ਹਲਕੇ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ ਵੀ ਹਾਜ਼ਰ ਸਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਵਿਸ਼ਵਾਸ਼ ਦੀ ਰਾਜਨੀਤੀ ਸਥਾਪਿਤ ਕੀਤੀ ਹੈ ਅਤੇ ਤਰਨ ਤਾਰਨ ਦੇ ਨਾਗਰਿਕ ਵੀ ਇਸੇ ਤਰ੍ਹਾਂ ਪਾਰਟੀ ਨੂੰ ਜਿੱਤ ਨਾਲ ਨਿਵਾਜਣਗੇ। ਇਸ ਮੁਹਿੰਮ ਨੂੰ ਜਾਰੀ ਰੱਖਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਗਰੂਕਤਾ ਨੂੰ ਹੋਰ ਵਧਾਇਆ ਜਾਵੇਗਾ।

# ਗੁਰੂ ਸੀਸ ਮਾਰਗ ਯਾਤਰਾ 2 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪੁੱਜੇਗੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਅਤੇ ਉਨ੍ਹਾਂ ਦੇ ਮਹਾਨ ਗੁਰਸਿੱਖ ਸ਼ਹੀਦਾਂ ਦੀ 350 ਸਾਲਾ ਸ਼ਹਾਦਤ ਨੂੰ ਸਮਰਪਿਤ ਗੁਰੂ ਸੀਸ ਮਾਰਗ ਯਾਤਰਾ 31 ਅਕਤੂਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਂਕ ਦਿੱਲੀ ਤੋਂ ਅਰੰਭ ਹੋ ਰਹੀ ਹੈ। ਯਾਤਰਾ 1 ਨਵੰਬਰ ਦੀ ਸ਼ਾਮ ਗੁਰਦੁਆਰਾ ਬਿਬਾਨਗੜ ਸਾਹਿਬ ਕੀਰਤਪੁਰ ਸਾਹਿਬ ਵਿਖੇ ਪਹੁੰਚੇਗੀ, ਜਿੱਥੇ ਸ਼ਾਮ ਤੋਂ 9 ਵਜੇ ਤੱਕ ਕੀਰਤਨ ਦਰਬਾਰ ਅਤੇ ਸਮਾਗਮ ਸਜਾਏ ਜਾਣਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ



ਗਿਆਨੀ ਕੇਵਲ ਸਿੰਘ ਨੇ ਦੱਸਿਆ ਕਿ ਇਹ ਨਗਰ ਕੀਰਤਨ ਗੁਰਮਰਗ ਤੇ ਚੱਲ ਰਹੀ ਪੰਥਕ ਅਸਥਾਨਾਂ ਦੀ ਜੋੜਨ ਵਾਲੀ ਯਾਤਰਾ ਹੈ। ਉਨ੍ਹਾਂ ਦੱਸਿਆ ਕਿ 2 ਨਵੰਬਰ ਸਵੇਰੇ ਭਾਈ ਸਾਹਿਬ ਭਾਈ ਜੈਤਾ ਜੀ ਦੇ ਪਵਿੱਤਰ ਅਸਥਾਨ 'ਤੇ 8 ਤੋਂ 9 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰੂ ਸੀਸ ਮਾਰਗ ਯਾਤਰਾ ਪੈਦਲ ਨਗਰ ਕੀਰਤਨ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਵੇਗੀ। ਉੱਥੇ ਪੁੱਜ ਕੇ ਦਿਵਾਨ, ਅਰਦਾਸ ਅਤੇ ਸਮਾਗਮਾਂ ਨਾਲ ਯਾਤਰਾ ਦੀ ਸਮਾਪਤੀ ਹੋਵੇਗੀ।ਗਿਆਨੀ ਕੇਵਲ ਸਿੰਘ ਨੇ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਮਹਾਨ ਯਾਤਰਾ ਵਿੱਚ ਹਾਜ਼ਰੀ ਭਰ ਕੇ ਗੁਰਸਿੱਖਾਂ ਦੀ ਯਾਦ ਨੂੰ ਜੀਵੰਤ ਕਰਨ। ਸਾਰੀਆਂ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਵੀ ਸਹਿਯੋਗ ਲਈ ਅਪੀਲ ਕੀਤੀ ਹੈ। ਇਸ ਮੌਕੇ ਖੁਸ਼ਹਾਲ ਸਿੰਘ (ਚੰਡੀਗੜ੍ਹ ਕੇਂਦਰੀ ਸ਼੍ਰੀ ਗੁਰੂ ਸਿੰਘ ਸਭਾ), ਜਸਵਿੰਦਰ ਸਿੰਘ (ਅਕਾਲ ਪੁਰਖ ਕੀ ਫੌਜ, ਸ੍ਰੀ ਅੰਮ੍ਰਿਤਸਰ ਸਾਹਿਬ), ਸਲੋਚਨਬੀਰ ਸਿੰਘ (ਗਿਆਨ ਪਰਗਾਸ ਟਰੱਸਟ ਬੁੱਢੇਵਾਲ ਲੁਧਿਆਣਾ) ਅਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਦੀ ਹਾਜ਼ਰੀ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਯਾਤਰਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਤੀਰਥ ਸਿੰਘ ਜੀ ਵਾਰਸ ਪਰਵਾਰ, ਭਾਈ ਜੈਤਾ ਜੀ ਪਰਵਾਰ, ਪੰਥਕ ਤਾਲਮੇਲ ਸੰਗਠਨ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸਹਿਯੋਗ ਪ੍ਰਾਪਤ ਹੈ।

# ਕੁਲਵੰਤ ਸਿੰਘ ਵੱਲੋਂ ਚਾਰ ਪ੍ਰਮੁੱਖ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਐਸ ਏ ਐਸ ਨਗਰ (ਮੋਹਾਲੀ) ਵਿਧਾਨ ਸਭਾ ਹਲਕੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ, ਵਿਧਾਇਕ ਕੁਲਵੰਤ ਸਿੰਘ ਵੱਲੋਂ ਹਲਕੇ ਦੀਆਂ ਚਾਰ ਅਹਿਮ ਸੜਕਾਂ ਦੇ ਨਵੀਨੀਕਰਨ ਅਤੇ ਨਿਰਮਾਣ ਕਾਰਜਾਂ ਦੀ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ ਗਈ। ਇਨ੍ਹਾਂ ਪ੍ਰੋਜੈਕਟਾਂ 'ਤੇ ਕੁੱਲ 2.13 ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਉਪਰਾਲਾ ਖੇਤਰ ਵਿੱਚ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਵੱਲ ਇਕ ਮਹੱਤਵਪੂਰਨ ਕਦਮ ਸਾਬਿਤ ਹੋਵੇਗਾ।ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਵਿਕਾਸ ਪ੍ਰਤੀ ਵਚਨਬੱਧਤਾ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਸਾਰੇ ਕੰਮ ਉੱਚ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਕਰਵਾਏ ਜਾਣਗੇ ਅਤੇ ਹਰ ਪ੍ਰੋਜੈਕਟ ਵਿੱਚ 5 ਸਾਲ ਦਾ ਰੱਖ-ਰਖਾਅ ਸਮਾਂ ਵੀ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸਾਰੇ ਕੰਮ 6 ਮਹੀਨਿਆਂ ਦੀ ਨਿਰਧਾਰਤ ਸਮਾਂ-ਸੀਮਾ ਅੰਦਰ ਮੁਕੰਮਲ ਕੀਤੇ ਜਾਣਗੇ। ਉਨ੍ਹਾਂ ਚਾਰਾਂ ਸੜਕੀ ਪ੍ਰੋਜੈਕਟਾਂ ਦੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ



ਦੱਸਿਆ ਕਿ ਧੁਰਾਲੀ ਤੋਂ ਰਾਏਪੁਰ ਖੁਰਦ ਸੜਕ ਦਾ ਨਵੀਨੀਕਰਨ ਤਹਿਤ 1.15 ਕਿਲੋਮੀਟਰ ਲੰਬੀ ਸੜਕ ਦੀ ਚੌੜਾਈ 10 ਫੁੱਟ ਤੋਂ ਵਧਾ ਕੇ 18 ਫੁੱਟ ਕੀਤੀ ਜਾ ਰਹੀ ਹੈ। ਇਸ 'ਤੇ ਲਗਭਗ 84.48 ਲੱਖ ਰੁਪਏ ਦੀ ਲਾਗਤ ਆਵੇਗੀ। ਇਹ ਸੜਕ ਆਖਰੀ ਵਾਰ ਸਾਲ 2018 ਵਿੱਚ ਬਣਾਈ ਗਈ ਸੀ। ਮੁਰੰਮਤ ਦੌਰਾਨ 80 ਐਮ.ਐਮ. ਪੇਵਰ ਬਲਾਕ ਲਗਾਏ ਜਾਣਗੇ ਅਤੇ ਕੰਮ 6 ਮਹੀਨਿਆਂ ਵਿੱਚ ਪੂਰਾ ਹੋਵੇਗਾ।

# ਅਣਪਛਾਤੇ ਵਿਕਤੀਆਂ ਨੇ ਨੌਜਵਾਨ ਨੂੰ ਕੀਤਾ ਜ਼ਖਮੀ

**ਕਰਤਾਰਪੁਰ (ਹਰਮੇਸ਼ ਦੱਤ)**- ਪਿੰਡ ਦਿਆਲਪੁਰ ਜਿਲ੍ਹਾ ਜਲੰਧਰ ਵਿਖੇ ਪੰਚਾਇਤ ਘਰ ਦੇ ਨਜਦੀਕ ਅਨਕੂਲ ਕੋਹਲੀ ਦੇ ਸਲੂਨ ਤੇ ਕਟਿੰਗ ਕਰਵਾ ਰਹੇ ਲਵਪ੍ਰੀਤ ਸਿੰਘ ਲਾਲਾ ਉਮਰ 34 ਸਾਲ ਨੌਜਵਾਨ ਤੇ ਅਚਾਨਕ ਅਨਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿੱਤਾ, ਸਲੂਨ ਇੱਕ ਘਰ ਦੇ ਬਾਹਰ ਹੈ। ਲਵਪ੍ਰੀਤ ਸਿੰਘ ਲਾਲਾ ਨੇ ਸਲੂਨ ਦੀ ਖਿੜਕੀ ਤੋੜ ਕੇ ਘਰ ਵਿੱਚ ਬਣੇ ਬਾਥਰੂਮ ਵਿੱਚ ਲੁਕਣ ਦੀ ਕੋਸ਼ਿਸ਼ ਕੀਤੀ। ਅਣਪਛਾਤੇ ਵਿਅਕਤੀਆਂ ਨੇ ਨੌਜਵਾਨ



ਨੂੰ ਘਰ ਤੋਂ ਬਾਹਰ ਕੱਢ ਕੇ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ। ਇਸ ਦੌਰਾਨ ਸਲੂਨ ਅਤੇ ਘਰ ਦੇ ਅੰਦਰ ਕਾਫੀ ਤੋੜਫੋੜ ਹੋਈ ਹੈ। ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਨਪਛਾਤੇ ਵਿਅਕਤੀ ਹਵਾਈ ਫਾਇਰਿੰਗ ਕਰਦੇ ਹੋਏ ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ। ਮੌਕੇ ਤੇ ਪਹੁੰਚੇ ਡੀ ਐੱਸ ਪੀ ਨਰਿੰਦਰ ਸਿੰਘ ਔਜਲਾ ਅਤੇ ਥਾਣਾ ਮੁਖੀ ਇੰਸਪੈਕਟਰ ਰਮਨਦੀਪ ਸਿੰਘ, ਏ ਐੱਸ ਆਈ ਬੋਦਰਾਜ ਨੇ ਦੱਸਿਆ ਕਿ ਇਹ ਮਾਮਲਾ ਆਪਸੀ ਰੰਜਿਸ਼ ਦਾ ਹੈ।

# ਪੱਤਰਕਾਰ ਬਿੱਟੂ ਭੱਟੀ ਸਟੇਟ ਐਵਾਰਡ ਨਾਲ ਸਨਮਾਨਤ

**ਬੰਗਾ (ਅਵਤਾਰ ਕਲੇਰ)**- ਇੰਡਕ ਆਰਟਸ ਵੈੱਲਫੇਅਰ ਕੌਂਸਲ ਜੋ ਕਿ ਕਲਾ ਸੱਭਿਆਚਾਰ ਅਤੇ ਸਮਾਜ ਭਲਾਈ ਦੇ ਕਾਰਜਾਂ ਲਈ ਜਾਣੀ ਜਾਂਦੀ ਰਾਸ਼ਟਰੀ ਸੰਸਥਾ ਵੱਲੋਂ 18ਵਾਂ ਰਾਜ ਪੱਧਰੀ ਪੁਰਸਕਾਰ ਸਮਾਰੋਹ-ਵਿਰਾਸਤ ਮੇਲਾ ਕੋਟਕਪੂਰਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਮਨਜੀਤ ਸਿੰਘ ਬਰਾੜ ਮੰਡਲ ਕਮਿਸ਼ਨਰ ਫਰੀਦਕੋਟ ਸ਼ਾਮਿਲ ਹੋਏ। ਇਸ ਸਮਾਗਮ ਵਿੱਚ ਵੱਖਰੇ ਵੱਖਰੇ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਹਸਤੀਆਂ ਨੂੰ ਸਟੇਟ



ਅਵਾਰਡਾਂ ਨਾਲ ਸਨਮਾਨਤ ਕੀਤਾ ਗਿਆ। ਕੌਂਸਲ ਦੇ ਸੰਸਥਾਪਕ -ਡਾਇਰੈਕਟਰ ਪ੍ਰੋਫੈਸਰ ਭੋਲਾ ਯਮਲਾ ,ਕੌਮੀ ਪ੍ਰਧਾਨ ਸਾਹਿਤ ਸੈੱਲ ਇਕਬਾਲ ਸਿੰਘ ਸਹੋਤਾ ਸਮੇਤ ਕਮੇਟੀ ਮੈਂਬਰਾਂ ਵੱਲੋਂ ਪੱਤਰਕਾਰ ਬਿੱਟੂ ਭੱਟੀ ਪਿੰਡ ਮਾਹਿਲ ਗਹਿਲਾ ਜਿਲ੍ਹਾ (ਸ਼ਹੀਦ ਭਗਤ ਸਿੰਘ ਨਗਰ ) ਨੂੰ ਰਾਜ ਪੁਰਸਕਾਰ 2025 ( ਸਟੇਟ ਐਵਾਰਡ ) ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਪੂਰੇ ਪੰਜਾਬ ਭਰ ਤੋਂ ਪਹੁੰਚੀਆਂ ਵੱਖ-ਵੱਖ ਸਿਰਮੌਰ ਹਸਤੀਆਂ ਤੋਂ ਇਲਾਵਾ ਪ੍ਰਸਿੱਧ ਲੋਕ ਗਾਇਕ ਸਰਬਜੀਤ ਚੀਮਾਂ,ਅਰਜਨਾ ਅਵਾਰਡੀ ਸੁੱਚਾ ਸਿੰਘ, ਗੀਤਕਾਰ ਭੱਟੀ ਭੜੀ ਵਾਲਾ,ਗੀਤਕਾਰ ਮਦਨ ਜਲੰਧਰੀ, ਕਮੇਡੀਅਨ ਸੁਰਿੰਦਰ ਫਰਿਸ਼ਤਾ ਉਰਫ ਘੁੱਲੇ ਸ਼ਾਹ,ਕਾਂਸ਼ੀ ਰਾਮ ਚੰਨ, ਸੰਤੋਖ ਸਿੰਘ ਸੰਧੂ ਅਤੇ ਪ੍ਰੋਡਿਊਸਰ ਮਨੋਹਰ ਧਾਰੀਵਾਲ ਹਾਜ਼ਰ ਸਨ।

# ਏਕ ਭਾਰਤ ਸ੍ਰੇਸ਼ਠ ਭਾਰਤ ਮੁਕਾਬਲੇ ਕਰਵਾਏ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਗੁਰਜਤਿੰਦਰ ਪਾਲ ਸਿੰਘ ਅਤੇ ਵਾਤਾਵਰਣ ਸੰਭਾਲ ਨੋਡਲ ਇੰਚਾਰਜ ਸੁਖਜੀਤ ਸਿੰਘ ਕੈਂਥ ਦੀ ਨਿਗਰਾਨੀ ਹੇਠ ਏਕ ਭਾਰਤ ਸ੍ਰੇਸ਼ਠ ਭਾਰਤ ਮੁਕਾਬਲੇ ਸ਼ਹੀਦ ਪ੍ਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੋਰ ਵਿਖੇ ਕਰਵਾਏ ਗਏ। ਮੀਡੀਆ ਇੰਚਾਰਜ ਦਿਸ਼ਾਂਤ ਮਹਿਤਾ ਨੇ ਦੱਸਿਆ ਮੁਕਾਬਲਿਆਂ ਦੇ ਨਤੀਜਿਆਂ ਵਿੱਚ, ਸੋਲੋ ਫੋਕ ਡਾਂਸ (6ਵੀਂ ਤੋਂ 8ਵੀਂ) ਸ਼੍ਰੇਣੀ ਵਿੱਚ ਸੁਪ੍ਰਿਆ (ਪੀ.ਐਮ. ਸ੍ਰੀ ਕਥੇੜ੍ਹਾ) ਨੇ ਪਹਿਲਾ, ਪਕਲ ਸ਼ਰਮਾ (ਸਰਕਾਰੀ ਕੰਨਿਆ ਸੀ.ਸੀ. ਸਕੂਲ ਸ੍ਰੀ ਅਨੰਦਪੁਰ ਸਾਹਿਬ) ਨੇ ਦੂਜਾ ਅਤੇ ਨਵਜੋਤ ਕੌਰ (ਸ.ਹਾ.ਸ. ਅਗੰਮਪੁਰ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸੋਲੋ ਪੇਂਟਿੰਗ (6ਵੀਂ ਤੋਂ 8ਵੀਂ) ਸ਼੍ਰੇਣੀ ਵਿੱਚ ਸਚਿਨ ਸ਼ਰਮਾ (ਸ.ਹਾ.ਸ. ਕੋਟਲਾ ਪਾਵਰ ਹਾਊਸ) ਨੇ ਪਹਿਲਾ, ਸਾਨਵੀ (ਸਰਕਾਰੀ ਕੰਨਿਆ ਸੀ.ਸੀ. ਸਕੂਲ ਸ੍ਰੀ ਅਨੰਦਪੁਰ ਸਾਹਿਬ) ਨੇ ਦੂਜਾ ਅਤੇ ਸੁਨੈਨਾ (ਸ.ਹਾ.ਸ. ਮਟੋਰ) ਨੇ ਤੀਜਾ ਸਥਾਨ ਹਾਸਲ ਕੀਤਾ। ਸੋਲੋ ਫੋਕ ਡਾਂਸ (9ਵੀਂ ਤੋਂ 12ਵੀਂ) ਸ਼੍ਰੇਣੀ ਵਿੱਚ ਤਰਨਜੀਤ ਕੌਰ (ਸ੍ਰੀ ਅਨੰਦਪੁਰ ਸਾਹਿਬ) ਪਹਿਲੇ, ਇੰਦੂ (ਸਕੂਲ ਆਫ਼ ਐਮੀਨੈਂਸ ਕੀਰਤਪੁਰ ਸਾਹਿਬ) ਦੂਜੇ ਅਤੇ ਰਾਧਿਕਾ ਸ਼ਰਮਾ (ਸ.ਹਾ.ਸ. ਮਹਿੰਦਲੀ ਖੁਰਦ) ਤੀਜੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਸੋਲੋ ਪੇਂਟਿੰਗ (9ਵੀਂ ਤੋਂ 12ਵੀਂ) ਸ਼੍ਰੇਣੀ ਵਿੱਚ ਜਸਲੀਨ ਪ੍ਰੀਤ ਕੌਰ (ਸਰਕਾਰੀ ਕੰਨਿਆ ਸੀ.ਸੀ. ਸਕੂਲ ਸ੍ਰੀ ਅਨੰਦਪੁਰ ਸਾਹਿਬ) ਨੇ ਪਹਿਲਾ, ਮਹਿਕਪ੍ਰੀਤ ਕੌਰ (ਸ.ਹਾ.ਸ. ਝੱਲੀਆਂ ਖੁਰਦ) ਨੇ ਦੂਜਾ ਅਤੇ ਜਸਲੀਨ ਕੌਰ (ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਨਪੁਰ ਖੂਹੀ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।

# ਸੇਵਾ ਕੇਂਦਰਾਂ 'ਚ ਮਿਲਣਗੀਆਂ ਆਰ ਟੀ ਓ ਦਫ਼ਤਰ ਨਾਲ ਸੰਬੰਧਤ 56 ਸੇਵਾਵਾਂ : ਅਮਨਦੀਪ ਕੌਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਜਨਲ ਟਰਾਂਸਪੋਰਟ ਅਫ਼ਸਰ ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਨਤਾ ਦੀ ਸਹੂਲਤ ਲਈ ਫੇਸਲੈੱਸ ਆਰ ਟੀ ਓ ਸੇਵਾਵਾਂ ਸ਼ੁਰੂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਵਿੱਚ ਹੁਣ ਵਿਭਾਗ ਨਾਲ ਸਬੰਧਤ 56 ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਆਰ ਟੀ ਓ ਹੁਸ਼ਿਆਰਪੁਰ ਨੇ ਦੱਸਿਆ ਕਿ ਡਰਾਈਵਿੰਗ ਲਾਇਸੈਂਸ ਅਤੇ ਵਾਹਨ ਰਜਿਸਟ੍ਰੇਸ਼ਨ ਸਰਟੀਫਿਕੇਟ ਨਾਲ ਸਬੰਧਤ ਕੁੱਲ 56 ਪ੍ਰਮੁੱਖ ਸੇਵਾਵਾਂ ਨੂੰ ਹੁਣ ਪੂਰੀ ਤਰ੍ਹਾਂ ਫੇਸਲੈੱਸ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਜ਼ਿਲ੍ਹੇ ਵਿੱਚ ਸਥਾਪਿਤ ਸੇਵਾ ਕੇਂਦਰਾਂ ਰਾਹੀਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਨਾਗਰਿਕ ਡਰਾਈਵਿੰਗ ਲਾਇਸੈਂਸ ਜਾਂ ਵਾਹਨ ਰਜਿਸਟ੍ਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਲਈ ਖੁਦ ਵੀ ਆਨਲਾਈਨ ਅਰਜ਼ੀ ਦੇ



ਸਕਦੇ ਹਨ ਅਤੇ ਸੇਵਾ ਕੇਂਦਰਾਂ ਰਾਹੀਂ ਸੇਵਾਵਾਂ ਵੀ ਪ੍ਰਾਪਤ ਕਰ ਸਕਦੇ ਹਨ। ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਹੁਣ ਜ਼ਿਲ੍ਹੇ ਦੇ ਵਸਨੀਕਾਂ ਨੂੰ ਆਰ ਟੀ ਓ ਦਫਤਰ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਸੇਵਾਵਾਂ ਜ਼ਿਲ੍ਹੇ ਵਿੱਚ ਸਥਾਪਿਤ ਸੇਵਾ ਕੇਂਦਰਾਂ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੰਤਵ ਲਈ ਇਨ੍ਹਾਂ ਕੇਂਦਰਾਂ ਦੇ ਸਟਾਫ਼ ਨੂੰ ਸਹੀ ਢੰਗ ਨਾਲ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਸੇ ਵੀ ਸਮੱਸਿਆ ਵਿੱਚ ਕਿਸੇ ਵੀ ਵਿਅਕਤੀ ਦੀ ਸਹਾਇਤਾ ਲਈ ਆਰ ਟੀ ਓ ਦਫ਼ਤਰ ਵਿਖੇ ਇੱਕ ਹੈਲਪਡੈਸਕ ਸਥਾਪਤ ਕੀਤਾ ਗਿਆ ਹੈ।

# ਤਰਨ ਤਾਰਨ ਵਿਖੇ ਵਿਸ਼ਾਲ ਰੈਲੀ ਅੱਜ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪੰਜਾਬ ਦੇ 484 ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਹਜ਼ਾਰਾਂ ਅਧਿਆਪਕ ਅਤੇ ਹੋਰ ਕਰਮਚਾਰੀ, ਹਜ਼ਾਰਾਂ ਪੈਨਸ਼ਨਰਾਂ ਦੇ ਨਾਲ 1 ਨਵੰਬਰ ਨੂੰ ਤਰਨ ਤਾਰਨ ਦੇ ਗਾਂਧੀ ਪਾਰਕ ਰੇਲਵੇ ਰੋਡ ਵਿਖੇ ਇੱਕ ਵਿਸ਼ਾਲ ਰੋਸ਼ ਰੈਲੀ ਕਰਨਗੇ ਤਾਂ ਜੋ ਪੰਜਾਬ ਵਿੱਤ ਵਿਭਾਗ ਵੱਲੋਂ ਰਾਜ ਦੇ ਸਹਾਇਤਾ ਪ੍ਰਾਪਤ ਸਕੂਲ ਕਰਮਚਾਰੀਆਂ ਲਈ ਸੱਤ ਮਹੀਨਿਆਂ ਤੋਂ ਅਤੇ ਜ਼ਿਲ੍ਹਾ ਕਪੂਰਥਲਾ ਦੇ ਸੀ ਐਂਡ ਵੀ ਕਰਮਚਾਰੀ 19 ਮਹੀਨਿਆਂ ਦੀਆਂ ਅਤੇ ਬਾਕੀ ਕਰਮਚਾਰੀਆਂ ਦੀਆਂ ਨੌਂ ਮਹੀਨਿਆਂ ਦੀਆਂ ਤਨਖਾਹਾਂ ਜਾਰੀ ਕਰਨ ਵਿੱਚ ਅਸਫਲ ਰਹਿਣ ਦੇ ਵਿਰੋਧ ਵਿੱਚ ਰੋਸ ਪ੍ਰਗਟ ਕੀਤਾ ਜਾ ਸਕੇ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਹਾਇਤਾ ਪ੍ਰਾਪਤ ਸਕੂਲ ਕਰਮਚਾਰੀ ਯੂਨੀਅਨ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਮੋਨਿਕਾ ਸ਼ਰਮਾ ਅਤੇ ਸਕੱਤਰ ਬਲਵਿੰਦਰ ਕੌਰ ਨੇ ਦੱਸਿਆ ਕਿ ਰੈਲੀ ਤੋਂ ਬਾਅਦ ਆਮ ਆਦਮੀ ਪਾਰਟੀ ਦਫਤਰ ਤੱਕ ਇੱਕ ਵਿਸ਼ਾਲ ਰੋਸ ਮਾਰਚ ਵੀ ਕੀਤਾ ਜਾਵੇਗਾ ਅਤੇ ਰਾਜ ਸਰਕਾਰ ਤੋਂ ਸਹਾਇਤਾ ਪ੍ਰਾਪਤ ਸਕੂਲ ਕਰਮਚਾਰੀ ਵਿਰੋਧੀ ਪੱਤਰ ਵਾਪਸ ਲੈਣ ਅਤੇ ਇਨ੍ਹਾਂ ਸਕੂਲਾਂ ਨੂੰ ਤੁਰੰਤ ਗ੍ਰਾਂਟਾਂ ਜਾਰੀ ਕਰਨ ਦੀ ਜ਼ੋਰਦਾਰ ਮੰਗ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਇਹ ਫੈਸਲਾ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ ਦੀ ਅਗਵਾਈ ਹੇਠ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ ਵਿੱਚ ਲਿਆ ਗਿਆ ਹੈ।

# ਰਾਜ ਪੱਧਰੀ ਕਲਾ ਉਤਸਵ ਦਾ ਸਫਲ ਆਯੋਜਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਸਿੱਖਿਆ ਮੰਤਰੀ ਸ਼੍ਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਉੱਚੇਰੀ ਸਿੱਖਿਆ ਤੇ ਸਕੂਲ ਸਿੱਖਿਆ ਵਿਭਾਗ ਦੀ ਸਕੱਤਰ ਅਨਿੰਦਿਤਾ ਮਿਤਰਾ ਦੀ ਅਗਵਾਈ ਹੇਠ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਵੱਲੋਂ ਰਾਜ ਪੱਧਰੀ ਕਲਾ ਉਤਸਵ 2025 ਦਾ ਆਯੋਜਨ ਪੰਜਾਬ ਸਕੂਲ ਸਿੱਖਿਆ ਬੋਰਡ ਕੈਂਪਸ ਮੋਹਾਲੀ ਵਿਖੇ ਸ਼ਾਨਦਾਰ ਢੰਗ ਨਾਲ ਕੀਤਾ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ



ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਰਵਿੰਦ ਕੁਮਾਰ ਐੱਮ ਕੇ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਰਾਜ ਪੱਧਰੀ ਕਲਾ ਉਤਸਵ ਵਿੱਚ ਭਾਗ ਲੈਣ ਲਈ ਪਹੁੰਚੀਆਂ ਟੀਮਾਂ ਨੂੰ ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਅਧਿਆਤਮਕ ਪ੍ਰੋਗਰਾਮ 'ਕਹਿ ਰਵਿਦਾਸ' ਦਾ ਆਯੋਜਨ



**ਫਿਲੌਰ (ਨਿਰਮਲ)**- ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਕਮਿਊਨਿਟੀ ਹਾਲ, ਨਗਰ ਕੌਂਸਲ ਫਿਲੌਰ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਤਿੰਨ ਦਿਨਾਂ ਆਧਿਆਤਮਿਕ ਪ੍ਰੋਗਰਾਮ 'ਕਹਿ ਰਵਿਦਾਸ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਦੇ ਪਹਿਲੇ ਦਿਨ ਹਾਜ਼ਰ ਸ਼ਰਧਾਲੂਆਂ ਨੂੰ ਸੰਬੋਧਤ ਕਰਦੇ ਹੋਏ ਸ੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਿਆ ਸਾਧਵੀ ਜੀਵੇਸ਼ਵਰੀ ਭਾਰਤੀ ਜੀ ਨੇ ਕਿਹਾ ਕਿ ਜਦੋਂ-ਜਦੋਂ ਯੁਗਪੁਰਸ਼ ਇਸ ਧਰਤੀ 'ਤੇ ਅਵਤਾਰ ਲੈਂਦੇ ਹਨ, ਉਦੋਂ ਸੰਸਾਰ ਵਿੱਚ ਉਜਾਲਾ, ਨਵ ਚੇਤਨਾ ਅਤੇ ਨਵ ਸਿਰਜਣ ਦੀ ਲਹਿਰ ਦੌੜ ਪੈਂਦੀ ਹੈ। ਅਜੇਹੇ ਮਹਾਪੁਰਖ ਸਿਰਫ਼ ਇੱਕ ਯੁਗ ਲਈ ਹੀ ਨਹੀਂ, ਸਾਰੀ ਮਨੁੱਖਤਾ ਨੂੰ ਇੱਕ ਮੋਤੀ ਵਿੱਚ ਪਰੋ ਕੇ ਸਮਾਜ ਨੂੰ ਨਵੀਂ ਦਿਸ਼ਾ ਤੇ ਦ੍ਰਿਸ਼ਟੀ ਦਿੰਦੇ ਹਨ। ਸਾਧਵੀ ਜੀ ਨੇ ਕਿਹਾ ਕਿ ਸਾਡੀ ਇਹ ਮਾਤਭੂਮੀ ਰਿਸ਼ੀ-ਮੁਨੀ, ਤਪਸਵੀ ਅਤੇ ਯੋਗੀਆਂ ਦੀ ਧਰਤੀ ਰਹੀ ਹੈ। ਜਦੋਂ-ਜਦੋਂ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚ ਭਟਕਦਾ ਹੈ, ਤਦੋਂ ਕੋਈ ਸੰਤ ਮਹਾਪੁਰਖ ਗਿਆਨ ਦੀ ਜੋਤ ਜਗਾ ਕੇ ਉਸ ਅੰਧਕਾਰ ਨੂੰ ਚੀਰਦਾ ਹੈ ਅਤੇ ਮਨੁੱਖਤਾ ਨੂੰ ਜਗਾਉਂਦਾ ਹੈ। ਅਜੇਹੇ ਹੀ ਇਕ ਮਹਾਨ ਗੁਰੂ ਸਨ ਗੁਰੂ ਰਵਿਦਾਸ ਮਹਾਰਾਜ ਜੀ-ਜੋ ਨਾ ਕੇਵਲ ਇੱਕ ਤੱਤਦਰਸ਼ੀ ਸਤਿਗੁਰੂ ਸਨ, ਬਲਕਿ ਅਧਿਆਤਮਿਕ ਚੇਤਨਾ ਦੇ ਮਹਾਨ ਅਗਵਾਈ ਕਰਨ ਵਾਲੇ ਵੀ ਸਨ। ਉਨ੍ਹਾਂ ਨੇ ਉਸ ਸਮੇਂ, ਜਦੋਂ ਸਮਾਜ ਜਾਤ-ਪਾਤ, ਉੱਚ-ਨੀਚ ਅਤੇ ਰੂੜ੍ਹੀਵਾਦ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ, ਸਮਾਨਤਾ, ਪ੍ਰੇਮ ਅਤੇ ਭਰਾਤਰੀ ਭਾਵਨਾ ਦਾ ਅਮਰ ਸੰਦੇਸ਼ ਦਿੱਤਾ।

# ਸੀਨੀਅਰ ਪੱਤਰਕਾਰ ਨਰਿੰਦਰ ਸਿੰਘ ਸੋਨੀਆ ਦੀ ਦੂਸਰੀ ਭੈਣ ਦਾ ਵੀ ਦੇਹਾਂਤ , ਇਲਾਕੇ 'ਚ ਸੋਗ ਦੀ ਲਹਿਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਹਲਕਾ ਸੁਲਤਾਨਪੁਰ ਲੋਧੀ ਦੇ ਉੱਘੇ ਸਮਾਜ ਸੇਵੀ ਅਤੇ ਸਾਹਿਤ ਪ੍ਰੇਮੀ , ਸਾਹਿਤ ਸਭਾ ਅਤੇ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਦੇ ਸਰਪ੍ਰਸਤ ਸੀਨੀਅਰ ਪੱਤਰਕਾਰ ਨਰਿੰਦਰ ਸਿੰਘ ਸੋਨੀਆ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੀ ਭੈਣ ਬੀਬੀ ਗੁਰਮੇਜ ਕੌਰ ਪਤਨੀ ਗੁਰਮੇਲ ਸਿੰਘ ਪਿੰਡ ਨਿਹਾਲੂਵਾਲ ਦਾ ਅਚਨਚੇਤ ਦੇਹਾਂਤ ਹੋ ਗਿਆ ਹੈ ਅਤੇ ਉਹ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਗੁਰਮੇਜ ਕੌਰ ਦਾ ਅੰਤਿਮ ਸੰਸਕਾਰ ਸ਼ੁੱਕਰਵਾਰ ਨੂੰ ਪਿੰਡ ਨਿਹਾਲੂਵਾਲ ਤਹਿਸੀਲ ਸ਼ਾਹਕੋਟ



ਜ਼ਿਲ੍ਹਾ ਜਲੰਧਰ ਵਿੱਚ ਕਰ ਦਿੱਤਾ ਗਿਆ ਹੈ। ਇਸ ਮੌਕੇ ਸੰਤ ਬਲਵੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਵਾਤਾਵਰਨ ਪ੍ਰੇਮੀ, ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਸੁਲਤਾਨਪੁਰ ਲੋਧੀ, ਨਵਤੇਜ ਸਿੰਘ ਚੀਮਾ ਸਾਬਕਾ ਵਿਧਾਇਕ, ਸੱਜਣ ਸਿੰਘ ਚੀਮਾ ਹਲਕਾ ਇੰਚਾਰਜ ਆਮ ਆਦਮੀ ਪਾਰਟੀ, ਇੰਜੀਨੀਅਰ ਸਵਰਨ ਸਿੰਘ, ਗੁਰਪ੍ਰੀਤ ਕੌਰ ਰੂਹੀ, ਜਰਨੈਲ ਸਿੰਘ ਡੋਗਰਾਂਵਾਲ, ਕੈਪਟਨ ਹਰਮਿੰਦਰ ਸਿੰਘ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਸੁਖਦੇਵ ਸਿੰਘ ਨਾਨਕਪੁਰ ਸੀਨੀਅਰ ਆਗੂ ਅਕਾਲੀ ਦਲ, ਸੰਯੁਕਤ ਕਿਸਾਨ ਮੋਰਚੇ ਵੱਲੋਂ ਐਡਵੋਕੇਟ ਰਜਿੰਦਰ ਸਿੰਘ ਰਾਣਾ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਮੁਖਤਿਆਰ ਸਿੰਘ ਚੰਦੀ ਜਨਰਲ ਸਕੱਤਰ ਸਾਹਿਤ ਸਭਾ, ਜਸਪਾਲ ਸਿੰਘ ਐਡਵੋਕੇਟ ਸਾਬਕਾ ਚੇਅਰਮੈਨ ਕੰਬੋਜ ਵੈਲਫੇਅਰ ਬੋਰਡ ਪੰਜਾਬ, ਐਡਵੋਕੇਟ ਸਤਨਾਮ ਸਿੰਘ ਮੋਮੀ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ, ਮਾਸਟਰ ਸੁੱਚਾ ਸਿੰਘ ਪ੍ਰਧਾਨ ਪੈਨਸ਼ਨ ਯੂਨੀਅਨ, ਮਾਸਟਰ ਚਰਨ ਸਿੰਘ, ਸੁਖਵਿੰਦਰ ਸਿੰਘ ਸੁਖ ਸਾਬਕਾ ਚੇਅਰਮੈਨ, ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ, ਤੇਜਵੰਤ ਸਿੰਘ ਕੌਂਸਲਰ ਸਾਬਕਾ ਚੇਅਰਮੈਨ, ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀ ਰਾਜੂ, ਸਾਬਕਾ ਪ੍ਰਧਾਨ ਅਸ਼ੋਕ ਮੋਗਲਾ, ਵਰਨ ਸ਼ਰਮਾ ਸਾਬਕਾ ਪ੍ਰਧਾਨ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਇੰਦਰਜੀਤ ਕੌਰ ਮਾਨ ਨੇ ਗੋਪ ਅਸ਼ਟਮੀ 'ਤੇ ਕੀਤੀ ਗਊ ਮਾਤਾ ਦੀ ਪੂਜਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਗੋਪ ਅਸ਼ਟਮੀ ਦੇ ਸੰਬੰਧ ਵਿੱਚ ਐੱਮ ਐੱਲ ਏ ਇੰਦਰਜੀਤ ਕੌਰ ਮਾਨ ਨੇ ਮੰਡੀ ਰੋਡ ਸਥਿਤ ਅਪਾਹਜ ਗਊਸ਼ਾਲਾ ਅਤੇ ਬਾਬਾ ਭੂਤਨਾਥ ਮੰਦਰ ਗਊਸ਼ਾਲਾ ਵਿਖੇ ਗਊ ਮਾਤਾ ਦੀ ਪੂਜਾ ਅਰਚਨਾ ਕੀਤੀ ਅਤੇ ਪੰਡਿਤ ਦਵਿੰਦਰ ਵੱਲੋਂ ਕੀਤੇ ਸਵਾਲ ਤੇ ਮੈਡਮ ਨੇ ਵਾਅਦਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਅਪਾਹਜ ਗਊਸ਼ਾਲਾ ਨੂਰ ਮਹਿਲ ਨੂੰ ਵੀ ਸਹਾਇਤਾ ਕੀਤੀ ਜਾਵੇਗੀ। ਉਸ ਤੋਂ ਬਾਅਦ ਮੰਦਰ ਭੂਤਨਾਥ ਗਊਸ਼ਾਲਾ ਕਮੇਟੀ ਨੇ ਵੀ ਮੈਡਮ ਦਾ ਭਰਵਾਂ ਸਵਾਗਤ ਕੀਤਾ ਤੇ ਮੈਡਮ ਨੇ ਝੰਡੇ ਦੀ ਰਸਮ ਅਦਾ ਕਰਨ ਤੋਂ ਬਾਅਦ ਗਊ ਮਾਤਾ ਦੀ ਪੂਜਾ ਅਰਚਨਾ ਕੀਤੀ ਤੇ ਉਸ ਤੋਂ ਬਾਅਦ ਬੱਚਿਆਂ ਦੇ ਫਿਜ਼ੀਕਲ ਟੈਸਟ ਦਾ ਵੀ ਉਦਘਾਟਨ ਕੀਤਾ। ਇਸ ਮੌਕੇ ਭੂਤ ਨਾਥ ਮੰਦਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ, ਪੀ ਆਰ ਓ ਰਜਿੰਦਰ ਕਾਲੜਾ ਅਤੇ ਰਜਿੰਦਰ ਸੰਧੀਰ ਨੂੰ 9 ਲੱਖ ਰੁਪਏ ਦੀ ਰਕਮ ਦਾ ਇੱਕ ਚੈੱਕ ਵੀ ਭੇਟ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਕੌਂਸਲਰ ਰਜੀਵ ਮਿਸਰ, ਲਖਵੀਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ, ਗੁਰਪ੍ਰੀਤ ਸਿੰਘ ਰੰਧਾਵਾ ਸੋਸ਼ਲ ਮੀਡੀਆ ਇੰਚਾਰਜ ਹਲਕਾ ਨਕੋਦਰ, ਰਾਕੇਸ਼ ਸ਼ਰਮਾ ਸੋਸ਼ਲ ਮੀਡੀਆ ਇੰਚਾਰਜ ਨੂਰਮਹਿਲ, ਰਜਨੀਸ਼ ਬੱਬਰ ਯੂਥ ਕੋਡੀਨੇਟਰ ਹਲਕਾ ਨਕੋਦਰ, ਪ੍ਰੇਮ ਕੁਮਾਰ ਰਾਜੂ ਐਸ.ਸੀ ਬਿੰਗ ਕੋਡੀਨੇਟਰ ਨਕੋਦਰ,ਸੰਦੀਪ ਤਕਿਆਰ ਕੋਆਡੀਨੇਟਰ ਨੂਰਮਹਿਲ,ਬਲਵੀਰ ਸਿੰਘ ਚੀਮਾ ਸੀਨੀਅਰ ਆਪ ਆਗੂ, ਪ੍ਰਮੋਦ ਕੁਮਾਰ ਪਿੰਕਾ.ਡਾਕਟਰ ਅਮਿਤ ਗੋਇਲ,ਐਡਵੋਕੇਟ ਅਰਪਣ ਮਿੱਤੂ,ਸੋਨੂ ਮਿੱਤੂ,ਅਮਿਤ ਕੁਮਾਰ, ਮਨੋਜ ਬੱਤਰਾ ਬਲਾਕ ਪ੍ਰਧਾਨ ਨੂਰਮਹਿਲ, ਸੰਦੀਪ ਬਤਰਾ,ਸੰਜੀਵ ਵਰਮਾ, ਸੰਜੀਵ ਸੂਦ, ਸਾਹਿਲ ਮੈਹਨ, ਕਿੰਦਾ ਨਗਰਾ, ਪੀ. ਏ. ਟੂ ਐਮ. ਐਲ. ਏ. ਮੈਡਮ ਆਦਿ ਹਾਜ਼ਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਨੇ ਜ਼ੋਨਲ ਯੁਵਕ ਮੇਲੇ 'ਚ ਜਿੱਤੀ ਰਨਰਅਪ ਟਰਾਫੀ



**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਅਕਾਦਮਿਕ ਖੋਜ ਅਤੇ ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਦੇ ਨਾਲ-ਨਾਲ ਕਲਚਰਲ ਖੇਤਰ ਵਿੱਚ ਵੀ ਮੱਲਾਂ ਮਾਰ ਰਿਹਾ ਹੈ। ਕਲਚਰਲ ਖੇਤਰ ਵਿੱਚ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰੱਖਦਿਆਂ ਕਾਲਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੁਵਕ ਮੇਲੇ ਦੇ 'ਸੀ' ਜ਼ੋਨ ਦੀ ਰਨਰਅਪ ਟ੍ਰਾਫ਼ੀ ਜਿੱਤ ਕੇ ਇਕ ਰਿਕਾਰਡ ਕਾਇਮ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਇਸ ਯੁਵਕ ਮੇਲੇ ਵਿੱਚ ਯੂਨੀਵਰਸਿਟੀ ਨਾਲ ਸੰਬੰਧਤ ਜ਼ਿਲ੍ਹਾ ਜਲੰਧਰ ਦੇ 18 ਕਾਲਜਾਂ ਨੇ ਭਾਗ ਲਿਆ। ਜਿਸ ਵਿੱਚ ਕਾਲਜ ਨੇ ਯੂਨੀਵਰਸਿਟੀ ਦੁਆਰਾ ਕਰਵਾਏ ਜਾਂਦੇ 36 ਈਵੈਂਟ ਦੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ 113 ਅੰਕ ਪ੍ਰਾਪਤ ਕਰਕੇ ਇਹ ਟ੍ਰਾਫ਼ੀ ਜਿੱਤੀ ਹੈ। ਕਾਲਜ ਦੀ ਇਸ ਪ੍ਰਾਪਤੀ 'ਤੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਵਾਈਸ ਪ੍ਰੈਜ਼ੀਡੈਂਟ ਸ. ਦੀਪਇੰਦਰ ਸਿੰਘ ਪੁਰੇਵਾਲ ਨੇ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਡੀਨ ਕਲਚਰਲ ਅਫੇਅਰਜ਼ ਡਾ. ਪਲਵਿੰਦਰ ਸਿੰਘ ਬੋਲੀਨਾ ਤੇ ਉਨ੍ਹਾਂ ਦੀ ਸਮੁੱਚੀ ਕਲਚਰਲ ਟੀਮ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਕਿਹਾ ਕਿ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਕਾਲਜ ਗਵਰਨਿੰਗ ਕੌਂਸਲ ਦੀ ਸੁਯੋਗ ਅਗਵਾਈ ਅਤੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਹੀ ਕਾਲਜ ਪੜ੍ਹਾਈ ਦੇ ਨਾਲ-ਨਾਲ ਕਲਚਰਲ ਖੇਤਰ ਵਿੱਚ ਵੀ ਪ੍ਰਾਪਤੀਆਂ ਕਰ ਰਿਹਾ ਹੈ।ਉਹਨਾਂ ਕਿਹਾ ਕਿ ਲਾਇਲਪੁਰ ਖ਼ਾਲਸਾ ਕਾਲਜ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਵਚਨਬਧ ਹੈ। ਡੀਨ ਕਲਚਰਲ ਅਫੇਅਰਜ਼, ਡਾ. ਪਲਵਿੰਦਰ ਸਿੰਘ ਨੇ ਦੱਸਿਆ ਕਿ ਯੁਵਕ ਮੇਲੇ 'ਚ ਲਾਇਲਪੁਰ ਖ਼ਾਲਸਾ ਕਾਲਜ ਨੇ 8ਆਈਟਮਾਂ ਵਿੱਚ ਪਹਿਲਾ ਸਥਾਨ, 13 ਵਿੱਚ ਦੂਜਾ ਸਥਾਨ ਅਤੇ 7 ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਹ ਟ੍ਰਾਫੀ ਆਪਣੇ ਨਾਂਅ ਕੀਤੀ ਹੈ।ਉਨ੍ਹਾਂ ਦੱਸਿਆ ਕਿ ਕਾਲਜ ਦੁਆਰਾ ਹੇਠ ਲਿਖੀਆਂ ਆਈਟਮ ਵਾਰ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ ਹਨ:- ਪਹਿਲਾ ਸਥਾਨ:- ਭੰਗੜਾ, ਲੁੱਡੀ, ਵਾਰ ਸਿੰਗਿੰਗ, ਫੋਕ ਸੌਂਗ, ਫੋਕ-ਆਰਕੈਸਟਰਾ, ਸਕਿੱਟ, ਗਜ਼ਲ, ਪੋਸਟਰ ਮੇਕਿੰਗ ; ਦੂਜਾ ਸਥਾਨ:- ਡਿਬੇਟ, ਕੁਇਜ਼,ਵੈਸਟਰਨ ਇੰਸਟ੍ਰੂਮੈਂਟ ਸੋਲੋ , ਵੈਸਟਰਨ ਗਰੁੱਪ ਸੌਂਗ, ਗਰੁੱਪ ਸੌਂਗ ਇੰਡੀਅਨ, ਗਰੁੱਪ ਸ਼ਬਦ, ਰੰਗੋਲੀ, ਮਾਈਮ, ਵਨ ਐਕਟ ਪਲੇ, ਕਾਸਟਿਊਮ ਪਰੇਡ, ਕਲਾਸੀਕਲ ਇੰਸਟਰੂਮੈਂਟ (ਪ੍ਰਕਸ਼ਨ), ਕਲਾਸੀਕਲ ਵੋਕਲ, ਕਵਿਸ਼ਰੀ; ਤੀਜਾ ਸਥਾਨ:- ਗਿੱਧਾ, ਕੋਰਿਓਗ੍ਰਾਫੀ, ਫੁੱਲਕਾਰੀ, ਐਲੋਕਿਊਸ਼ਨ, ਕਲੇ ਮਾਡਲਿੰਗ, ਪੇਂਟਿੰਗ ਆੱਨ ਦੀ ਸਪਾਟ ਅਤੇ ਕਲਾਸੀਕਲ ਡਾਂਸ। ਉਨ੍ਹਾਂ ਦੱਸਿਆ ਕਿ ਮਿਤੀ 7 ਤੋਂ 10 ਨਵੰਬਰ ਨੂੰ ਵਿਚ ਹੋਣ ਵਾਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੰਟਰ-ਜ਼ੋਨਲ ਯੁਵਕ ਮੇਲੇ ਵਿੱਚ ਵੀ ਕਾਲਜ ਦੇ ਵਿਦਿਆਰਥੀ ਕਲਾਕਾਰ ਆਪਣਾ ਸਰਵ ਸ੍ਰੇਸ਼ਠ ਪ੍ਰਦਰਸ਼ਨ ਕਰਨ ਲਈ ਤਿਆਰ ਹਨ। ਇਸ ਮੌਕੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਡਾ. ਗਗਨਦੀਪ ਕੌਰ, ਡਾ. ਰਸ਼ਪਾਲ ਸਿੰਘ ਸੰਧੂ ਅਤੇ ਡਾ. ਹਰਜੀਤ ਸਿੰਘ ਵੱਲੋਂ ਵੀ ਇਹਨਾਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਅਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

# ਨਸ਼ਿਆਂ ਦੀ ਵਰਤੋਂ ਨਾ ਕਰਨ ਸੰਬੰਧੀ ਸੈਮੀਨਾਰ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਸ, ਜ਼ਿਲ੍ਹਾ ਐਸ.ਏ.ਐਸ.ਨਗਰ, ਸ੍ਰੀ ਨਵਨੀਤ ਸਿੰਘ ਮਾਹਲ ਪੀ.ਪੀ.ਐਸ. ਕਪਤਾਨ ਪੁਲਿਸ ਟ੍ਰੈਫਿਕ ਵੱਲੋਂ ਨਸ਼ਿਆਂ ਖਿਲਾਫ ਅਤੇ ਟ੍ਰੈਫਿਕ ਨਿਯਮਾਂ ਦੀ ਜਾਗਰੂਕਤਾ ਸੰਬੰਧੀ ਚਲਾਈ ਗਈ ਮੁਹਿੰਮ ਤਹਿਤ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਹੇਠ ਕਰਨੈਲ ਸਿੰਘ ਪੀ.ਪੀ.ਐਸ. ਉਪ ਕਪਤਾਨ ਪੁਲਿਸ, ਟ੍ਰੈਫਿਕ ਵੱਲੋਂ ਐਨ ਐਨ ਮੌਂਗਨ, ਡੀ. ਏ. ਵੀ. ਸੀਨੀਅਰ ਸੈਕੰਡਰੀ ਸਕੂਲ, ਡੇਰਾਬੱਸੀ, ਐੱਸ ਏ ਐੱਸ ਨਗਰ (ਮੋਹਾਲੀ), ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਵਰਤੋਂ ਨਾ ਕਰਨ ਸਬੰਧੀ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ। ਇਸ ਸੈਮੀਨਾਰ ਦਾ ਮੁੱਖ ਉਦੇਸ਼ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਖੇਡਾਂ ਵੱਲ ਜਾਣ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਸੀ।

# ਅਰੋੜਾ ਤੇ ਸੌਂਦ ਨੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਲਈ ਗੁਜਰਾਤ ਦੇ ਮੁੱਖ ਮੰਤਰੀ ਨੂੰ ਦਿੱਤਾ ਸੱਦਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਭਾਈਚਾਰਕ ਸਾਂਝ, ਸਰਬ-ਸਾਂਝੀਵਾਲਤਾ ਤੇ ਕੌਮੀ ਏਕਤਾ ਦਾ ਸੁਨੇਹਾ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਗੁਜਰਾਤ ਦੇ ਮੁੱਖ ਮੰਤਰੀ ਸ੍ਰੀ ਭੁਪੇਂਦਰ ਪਟੇਲ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੂਬੇ ਭਰ ਵਿੱਚ ਕਰਵਾਏ ਜਾਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।ਪੰਜਾਬ ਦੇ ਉੱਚ-ਪੱਧਰੀ ਵਫ਼ਦ ਦੀ ਅਗਵਾਈ ਕਰਦਿਆਂ ਅਮਨ ਅਰੋੜਾ ਨੇ ਗਾਂਧੀਨਗਰ ਵਿਖੇ ਗੁਜਰਾਤ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕਰਵਾਏ ਜਾ ਰਹੇ ਮਹੀਨਾ ਭਰ ਚੱਲਣ ਵਾਲੇ ਸੂਬੇ ਪੱਧਰੀ ਯਾਦਗਾਰੀ ਪ੍ਰੋਗਰਾਮਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ।

# ਸ਼ਹੀਦੀ ਦਿਵਸ ਨੂੰ ਸਮਰਪਤ ਸਮਾਗਮ ਸੰਬੰਧੀ ਪ੍ਰਬੰਧਕਾਂ ਨੇ ਪ੍ਰਸ਼ਾਸਨ ਦੇ ਨਾਲ ਕੀਤੀ ਮੀਟਿੰਗ

**ਫਗਵਾੜਾ (ਡਾ. ਰਮਨ)**- ਧਾਰਮਿਕ ਤੇ ਸਮਾਜਿਕ ਆਗੂ ਮੋਹਨ ਸਿੰਘ ਸਾਂਈ ਅਤੇ ਜਸਪਾਲ ਸਿੰਘ ਢੇਸੀ ਦੇ ਪਰਿਵਾਰਾਂ ਵਲੋਂ ਫਗਵਾੜਾ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨੌਂਵੀ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੇ 350 ਸਾਲਾ ਸ਼ਹਾਦਤ ਦਿਵਸ ਨੂੰ



ਸਮਰਪਿਤ ਫਗਵਾੜਾ ਵਿਖੇ ਕਰਵਾਏ ਜਾ ਰਹੇ ਦੋ ਰੋਜ਼ਾ ਧਾਰਮਿਕ ਸਮਾਗਮ ਸਬੰਧੀ ਪ੍ਰਬੰਧਕਾਂ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਐੱਸ ਡੀ ਐੱਮ ਦਫਤਰ ਫਗਵਾੜਾ ਵਿਖੇ ਪ੍ਰਸ਼ਾਸਨ ਦੇ ਨਾਲ ਮੀਟਿੰਗ ਕੀਤੀ ਜਿਸ ਵਿੱਚ ਐੱਸ ਡੀ ਐੱਮ ਜਸ਼ਨਜੀਤ ਸਿੰਘ, ਡੀ ਐੱਸ ਪੀ ਭਾਰਤ ਭੂਸ਼ਣ, ਐੱਸ ਐੱਚ ਓ ਸਿਟੀ ਊਸ਼ਾ ਰਾਣੀ ਅਤੇ ਮੇਅਰ ਰਾਮਪਾਲ ਉੱਪਲ ਤੋਂ ਇਲਾਵਾ ਸੀਨੀਅਰ ਆਪ ਆਗੂ ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਪੰਜਾਬ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਐਸ.ਡੀ.ਐਮ. ਜਸ਼ਨਜੀਤ ਸਿੰਘ ਨੇ ਜਿੱਥੇ ਪੁਲਿਸ ਨੂੰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ, ਉੱਥੇ ਹੀ ਮੇਅਰ ਰਾਮਪਾਲ ਉੱਪਲ ਨੇ ਭਰੋਸਾ ਦਿੱਤਾ ਕਿ ਕਾਰਪੋਰੇਸ਼ਨ ਵਲੋਂ ਸਮਾਗਮ ਵਾਲੀ ਜਗ੍ਹਾ ਦੀ ਸਾਫ-ਸਫਾਈ ਨੂੰ ਯਕੀਨੀ ਬਣਾਇਆ ਜਾਵੇਗਾ। ਦੋ ਰੋਜਾ ਧਾਰਮਿਕ ਸਮਾਗਮ ਦੌਰਾਨ ਭਾਈ ਰਣਜੀਤ ਸਿੰਘ ਢੰਡਰੀਆ ਵਾਲੇ ਸ਼ਾਮ 7 ਤੋਂ ਰਾਤ 10 ਵਜੇ ਤੱਕ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਯਸ਼ ਸਰਵਣ ਕਰਵਾਉਣਗੇ। ਸਮਾਗਮ ਦੌਰਾਨ ਲੰਗਰ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ।

# ਥਾਣਾ ਸਦਰ ਮੁਖੀ ਅਸ਼ੋਕ ਕੁਮਾਰ ਸਕੂਲ ਦੇ ਬੱਚਿਆਂ ਨਾਲ ਹੋਏ ਰੂਬਰੂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜ਼ਿਲ੍ਹਾ ਭਗਤ ਸਿੰਘ ਨਗਰ ਦੇ ਪੁਲਸ ਮੁਖੀ ਡਾਕਟਰ ਮਹਿਤਾਬ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਥਾਣਾ ਸਦਰ ਦੇ ਇੰਸਪੈਕਟਰ ਅਸ਼ੋਕ ਕੁਮਾਰ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ



ਲੰਗੜੋਆ ਦੇ ਬੱਚਿਆਂ ਨਾਲ ਰੂਬਰੂ ਹੋਏ ਤੇ ਉਨ੍ਹਾਂ ਬੱਚਿਆਂ ਨੂੰ ਆਪਣੇ ਵਡਮੁੱਲੇ ਵਿਚਾਰਾਂ ਨਾਲ ਆਕਰਸ਼ਿਤ ਕੀਤਾ। ਉਨ੍ਹਾਂ ਨੇ ਬੱਚਿਆਂ ਨੂੰ ਆਪਣੇ ਸੁਨੇਹੇ ਵਿੱਚ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁਧ ਨਸ਼ਿਆਂ ਵਿਰੁੱਧ ਮੁਹਿੰਮ' ਬਾਰੇ ਵਿਸਥਾਰ ਪੂਰਵਕ ਜਾਣੂ ਕਰਵਾਇਆ ਤੇ ਕਿਹਾ ਕਿ ਨਸ਼ੇ ਮਨੁੱਖ ਲਈ ਬਹੁਤ ਘਾਤਕ ਹਨ। ਉਨ੍ਹਾਂ ਕਿਹਾ ਆਪਣੇ ਹੁੰਦਿਆਂ ਇਲਾਕੇ ਦੇ ਆਸ ਪਾਸ ਵਿੱਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਹੀਂ ਵਿਕਣ ਦੇਣਗੇ ਤੇ ਉਨ੍ਹਾਂ ਆਪਣੇ ਬਲਬੂਤੇ ਤੇ ਆਪਣੇ ਕਾਰਜਕਾਲ ਦੌਰਾਨ ਪਹਿਲਾਂ ਨਾਲੋਂ ਕਾਫ਼ੀ ਜ਼ਿਆਦਾ ਨਸ਼ਾ ਤਸ਼ਕਰੀ ਨੂੰ ਠੱਲ੍ਹ ਪਾਈ ਹੈ। ਉਹਨਾਂ ਕਿਹਾ ਕਿ ਨਸ਼ਾ ਵੇਚਣ ਵਾਲੇ ਦੇ ਨਾਲ ਨਾਲ ਨਸ਼ਾ ਕਰਨ ਵਾਲਾ ਵੀ ਬਰਾਬਰ ਦਾ ਕਸੂਰਵਾਰ ਹੈ। ਉਨ੍ਹਾਂ ਬੱਚਿਆਂ ਨੂੰ ਸਾਈਬਰ ਠੱਗੀ ਤੋਂ ਸੁਚੇਤ ਰਹਿਣ ਤੇ ਮੋਬਾਇਲ ਫੋਨ ਦੀ ਸਾਰਥਕ ਵਰਤੋਂ ਕਰਨ ਤੇ ਜ਼ੋਰ ਦਿੱਤਾ।

# ਕਿਸਾਨਾਂ ਦੇ ਮਸਲੇ ਹੱਲ ਕਰਨ ਲਈ 'ਆਪ' ਦਾ ਕਿਸਾਨ ਵਿੰਗ ਬੇਹਤਰੀਨ ਪਲੇਟਫਾਰਮ : ਵਿਧਾਇਕ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਚੱਬੇਵਾਲ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਚੱਬੇਵਾਲ ਦੇ ਪਾਰਟੀ ਦੇ ਕਿਸਾਨ ਵਿੰਗ ਦੇ ਮੈਂਬਰਾਂ ਨਾਲ ਇਕ ਅਹਿਮ ਬੈਠਕ ਕੀਤੀ, ਜਿਸ ਵਿਚ ਹੁਸ਼ਿਆਰਪੁਰ ਦੇ ਪਾਰਲੀਮੈਂਟ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਵੀ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਇਲਾਕੇ ਦੇ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ, ਹਾਲੀਆ ਬਾਰਿਸ਼ਾਂ ਅਤੇ ਹੜ੍ਹਾਂ ਨਾਲ ਹੋਏ ਨੁਕਸਾਨ ਅਤੇ ਮੰਡੀਆਂ ਵਿਚ ਚਾਲ ਰਹੀ ਝੋਨੇ ਦੀ ਖਰੀਦ ਬਾਰੇ ਵਿਸਥਾਰ ਨਾਲ ਚਰਚਾ ਹੋਈ। ਮੀਟਿੰਗ ਦੌਰਾਨ ਡਾ. ਰਾਜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਕਿਸਾਨ ਵਿੰਗ ਕਿਸਾਨਾਂ ਦੀ ਆਵਾਜ਼ ਹੈ, ਜੋ ਜ਼ਮੀਨੀ ਪੱਧਰ 'ਤੇ ਜਾ ਕੇ ਉਨ੍ਹਾਂ ਦੀਆਂ ਹਕੀਕਤੀ ਮੁਸ਼ਕਲਾਂ ਨੂੰ ਸਮਝਦਾ ਹੈ ਤੇ ਸਰਕਾਰ ਤੱਕ ਪਹੁੰਚਾਉਂਦਾ ਹੈ। ਵਿਧਾਇਕ ਡਾ. ਇਸ਼ਾਂਕ ਨੇ ਕਿਹਾ ਕਿ ਹੜ੍ਹ ਅਤੇ ਬਾਰਿਸ਼ ਕਾਰਨ ਚੱਬੇਵਾਲ ਖੇਤਰ ਦੇ ਕਿਸਾਨਾਂ ਦੀਆਂ ਵੀ ਫਸਲਾਂ ਨੁਕਸਾਨੀਆਂ ਗਈਆਂ ਸਨ। ਉਨ੍ਹਾਂ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ



ਮੁਆਵਜ਼ੇ ਜਾਰੀ ਕਰਣ ਦੀ ਪ੍ਰਕਿਰਿਆ ਜਾਰੀ ਹੈ ਅਤੇ ਅਤੇ ਜਿਹੜੇ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲਿਆ ਹੈ, ਉਹਨਾਂ ਤੱਕ ਵੀ ਸਹਾਇਤਾ ਰਕਮ ਜਲਦ ਪਹੁੰਚ ਜਾਵੇਗੀ । ਮੀਟਿੰਗ ਵਿੱਚ ਚੱਬੇਵਾਲ ਕਿਸਾਨ ਵਿੰਗ ਦੇ ਹਲਕਾ ਕੋਆਰਡੀਨੇਟਰ ਪਰਮਿੰਦਰ ਸਿੰਘ ਮਿੰਟੂ ਨੇ ਹੋਰਨਾਂ ਵਿੰਗ ਮੈਂਬਰਾਂ ਨਾਲ ਭਾਗ ਲਿਆ ਅਤੇ ਡਾ ਇਸ਼ਾਂਕ ਨਾਲ ਚੱਬੇਵਾਲ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਸਫਾਈ, ਤੇ ਬਿਜਲੀ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਣ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ।

# ਹੋਣਹਾਰ ਵਿਦਿਆਰਥੀ ਦਾ ਸਨਮਾਨ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**: ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਸੈਦਪੁਰ ਵੱਲੋਂ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਹੋਣਹਾਰ ਵਿਦਿਆਰਥੀ ਸਾਹਿਬਜੀਤ ਸਿੰਘ ਨੂੰ ਨਵੋਦਿਆ ਸਕੂਲ ਵਿੱਚ ਦਾਖਲਾ ਪ੍ਰਾਪਤ ਕਰਨ 'ਤੇ ਸਨਮਾਨਿਤ ਕੀਤਾ ਗਿਆ। ਸਕੂਲ ਦੀ ਮੁੱਖ ਅਧਿਆਪਕਾ ਹਰਿੰਦਰਜੀਤ ਕੌਰ ਸਮੇਤ ਸਾਰੇ ਅਧਿਆਪਕ, ਪਿੰਡ ਦੇ ਸਰਪੰਚ ਮਲਕੀਤ ਸਿੰਘ, ਪੰਚ ਜਸਵੀਰ ਸਿੰਘ, ਕਮੇਟੀ ਚੇਅਰਮੈਨ ਕੁਲਵਿੰਦਰ ਕੌਰ, ਸਾਬਕਾ ਚੇਅਰਮੈਨ ਕੁਮਲਦੀਪ ਕੌਰ, ਰੁਪਿੰਦਰ ਕੌਰ ਅਤੇ ਪਿੰਡ ਦੇ ਹੋਰ ਪਤਵੰਤ ਸੱਜਣ ਹਾਜਰ ਸਨ। ਅਧਿਆਪਕਾ ਹਰਿੰਦਰਜੀਤ ਕੌਰ ਨੇ ਵਿਦਿਆਰਥੀ ਸਾਹਿਬਜੀਤ ਸਿੰਘ ਨੂੰ ਸ਼ਲਾਘਾ ਪੱਤਰ ਅਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਇਹ ਸਕੂਲ ਲਈ ਮਾਣ ਦਾ ਵਿਸ਼ਾ ਹੈ ਕਿ ਇੱਥੋਂ ਦੇ ਵਿਦਿਆਰਥੀ ਆਪਣੀ ਮਿਹਨਤ ਅਤੇ ਸਮਰਪਣ ਨਾਲ ਨਵੀਆਂ ਉੱਚਾਈਆਂ ਹਾਸਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲ ਹੁਣ ਕਿਸੇ ਵੀ ਪ੍ਰਾਈਵੇਟ ਸਕੂਲ ਤੋਂ ਘੱਟ ਨਹੀਂ, ਕਿਉਂਕਿ ਇਨ੍ਹਾਂ ਵਿੱਚ ਸਾਰੀਆਂ ਆਧੁਨਿਕ ਸੁਵਿਧਾਵਾਂ ਉਪਲਬਧ ਹਨ ਅਤੇ ਅਧਿਆਪਕ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਤਨ-ਮਨ ਨਾਲ ਯੋਗਦਾਨ ਪਾ ਰਹੇ ਹਨ। ਪਿੰਡ ਦੇ ਸਰਪੰਚ ਮਲਕੀਤ ਸਿੰਘ ਅਤੇ ਹੋਰਾਂ ਨੇ ਵੀ ਵਿਦਿਆਰਥੀ ਦੀ ਮਿਹਨਤ ਦੀ ਪ੍ਰਸ਼ੰਸਾ ਕਰਦਿਆਂ ਉਸ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਵਿਜੀਲੈਂਸ ਜਾਗਰੂਕਤਾ ਹਫਤੇ ਦੇ ਸੰਬੰਧ 'ਚ ਚਰਚਾ

**ਆਦਮਪੁਰ (ਪਰਮਜੀਤ ਸਿੰਘ)**- ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ, ਹਰਦਮਨ ਸਿੰਘ ਮਿਨਹਾਸ (ਸਕੱਤਰ,) ਦੇ ਦਿਸ਼ਾ ਨਿਰਦੇਸ਼ ਤਹਿਤ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ



ਵਿਚ ਵਿਜੀਲੈਂਸ ਜਾਗਰੂਕਤਾ ਹਫਤੇ (27.10.2025-2.112025) ਦੇ ਦੌਰਾਨ ਤੀਸਰੇ ਦਿਨ ਡਿਬੇਟ ਅਤੇ ਕੁਇਜ਼ ਪ੍ਰਤੀਯੋਗਤਾ ਕਰਵਾਈ ਗਈ । ਡਿਬੇਟ ਵਿੱਚ ਗੁਰਨੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਗੀਤਿਕਾ ਨੇ ਦੂਜਾ ਸਥਾਨ ਅਤੇ ਸਾਜਨ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਕੁਇਜ਼ ਮੁਕਾਬਲੇ ਵਿੱਚ ਜਸਲੀਨ ਕੌਰ,ਚਰਨਜੀਤ ਕੌਰ ਅਤੇ ਪੀਯੂਸ਼ ਦੀ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ। ਇਸ ਸਮਾਗਮ ਦੇ ਦੌਰਾਨ ਜੱਜ ਦੀ ਭੂਮਿਕਾ ਡਾ.ਸਿਮੀ ਠਾਕੁਰ, ਅਨਮੋਲਪ੍ਰੀਤ ਪਾਲ ਸਿੰਘ, ਅੰਕੁਸ਼, ਡਾ.ਰਮੀਜ਼ ਸਨ । ਕਾਰਜਕ੍ਰਮ ਦੀ ਅਗਵਾਈ ਯੂਨੀਵਰਸਿਟੀ ਦੇ ਵਿਭਿੰਨ ਵਿਭਾਗਾਂ ਦੇ ਪ੍ਰੋਫੈਸਰਾਂ ਕਨਵੀਨਰ ਡਾ.ਮੋਹਨ ਲਾਲ, ਡਾ.ਰਿਆਜ਼, ਸ਼੍ਰੀ ਮਤੀ ਸ਼ਾਲੂ, ਸਹਾਇਕ ਪ੍ਰੋਫੈਸਰ ਸਾਕਸ਼ੀ ਨੇ ਕੀਤੀ। ਇਸ ਮੌਕੇ ਡਾ. ਵਿਜੈ ਧੀਰ, ਡੀਨ ਅਕਾਦਮਿਕਸ, ਸ.ਰੂਪ ਸਿੰਘ, ਡਿਪਟੀ ਰਜਿਸਟਰਾਰ ਅਤੇ ਵੱਖ-ਵੱਖ ਵਿਭਾਗਾਂ ਦੇ ਡੀਨ, ਪ੍ਰੋਫੈਸਰ ਵੀ ਹਾਜ਼ਰ ਸਨ। ਸਮਾਗਮ ਦੌਰਾਨ ਯੂਨੀਵਰਸਿਟੀ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਕਾਰਜਕ੍ਰਮ ਦੇ ਅੰਤ ਵਿੱਚ ਡਾ. ਰਿਆਜ਼ ਨੇ ਆਏ ਹੋਏ ਮਹਿਮਾਨਾ ਜੱਜ ਸਾਹਿਬਾਨਾਂ ਦਾ ਧੰਨਵਾਦ ਕੀਤਾ।

# ਵਿਜੀਲੈਂਸ ਜਾਗਰੂਕਤਾ ਹ.ਫਤਾ ਤਹਿਤ ਕਰਵਾਇਆ ਸੈਮੀਨਾਰ

**ਜਲੰਧਰ (ਸ਼ੈਲੀ ਐਲਬਰਟ)**- ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਵਿਜੀਲੈਂਸ ਬਿਊਰੋ, ਪੰਜਾਬ ਵੱਲੋਂ 'ਚੌਕਸੀ : ਸਾਡੀ ਸਾਂਝੀ ਜ਼ਿੰਮੇਵਾਰੀ' ਥੀਮ ਤਹਿਤ ਵਿਜੀਲੈਂਸ ਜਾਗਰੂਕਤਾ ਹਫ਼ਤਾ



ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਵਿਜੀਲੈਂਸ ਬਿਊਰੋ, ਯੂਨਿਟ ਜਲੰਧਰ ਵੱਲੋਂ ਸੱਤਿਅਮ ਇੰਸਟੀਚਿਊਟ, ਪਿੰਡ ਜੀਵਨ ਨੰਗਲ (ਨਕੋਦਰ) ਵਿਖੇ ਸੈਮੀਨਾਰ ਕਰਵਾਇਆ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ ਮੁਕਤ ਸਮਾਜ ਦੀ ਸਿਰਜਣਾ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ। ਉਪ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਯੂਨਿਟ ਜਲੰਧਰ ਅਸ਼ਵਨੀ ਕੁਮਾਰ ਅਤੇ ਇੰਸਪੈਕਟਰ ਸਾਹਿਲ ਅਗਨੀਹੋਤਰੀ ਨੇ ਹਾਜ਼ਰੀਨ ਨੂੰ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਵਿਜੀਲੈਂਸ ਬਿਊਰੋ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਰਕਾਰੀ ਅਧਿਕਾਰੀ/ਕਰਮਚਾਰੀ ਰਿਸ਼ਵਤ ਮੰਗਦਾ ਹੈ, ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ ਜਾਂ ਸਰਕਾਰੀ ਕੰਮ ਵਿਚ ਘਪਲੇਬਾਜ਼ੀ ਕਰਦਾ ਹੈ, ਤਾਂ ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਟੋਲ ਫ੍ਰੀ ਨੰਬਰ 1800-1800-1000 ਅਤੇ ਵੈੱਬਸਾਈਟ www.vigilancebureau.punjab.gov.in ਐਂਟੀ ਕੁਰੱਪਸ਼ਨ ਐਕਸ਼ਨ ਲਾਈਨ ਵਟਸਐਪ ਨੰਬਰ 95012-00200 'ਤੇ ਸ਼ਿਕਾਇਤ ਕੀਤੀ ਜਾ ਸਕਦੀ ਹੈ। ਇਸ ਦੌਰਾਨ ਹਾਜ਼ਰੀਨ ਨੂੰ ਭ੍ਰਿਸ਼ਟਾਚਾਰ ਖਿਲਾਫ਼ ਸਹੁੰ ਵੀ ਚੁਕਾਈ ਗਈ ਅਤੇ ਪੈਂਫਲੈਂਟ ਵੰਡੇ ਗਏ।

# ਯੂ ਕੇ ਤੋਂ ਸੰਸਥਾ 'ਦਾਨ' ਨੇ ਕੀਤਾ ਲੱਖਾਂ ਰੁਪਏ ਦਾ ਦਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਯੂ.ਕੇ. ਤੋਂ ਸੰਸਥਾ ਡਰੱਗ ਐਂਡ ਅਲਕੋਹਲ ਅਵੇਅਰਨੈੱਸ ਨੈੱਟਵਰਕ ਜਿਹੜੀ ਕਿ ਛੋਟੇ ਨਾਂ 'ਦਾਨ' ਰਾਹੀਂ ਪਿਛਲੇ ਬਾਰਾਂ ਸਾਲਾਂ ਤੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਵਿਦਿਅਕ ਅਤੇ ਮੈਡੀਕਲ ਕੈਂਪ ਲਗਾ ਕੇ ਸਰਵਪੱਖੀ ਵਿਕਾਸ ਕਰ ਰਹੀ ਹੈ ਨੇ ਇਸ ਵਾਰ ਇਸ ਕੈਂਪ ਦਾ ਆਯੋਜਨ ਸਰਕਾਰੀ ਹਾਈ ਸਕੂਲ ਸਾਹਰੀ ਵਿਖੇ ਕੀਤਾ। ਇਸ ਕੈਂਪ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਖੋਜ ਅਫ਼ਸਰ ਭਾਸ਼ਾ ਵਿਭਾਗ ਡਾ. ਜਸਵੰਤ ਰਾਏ ਨੇ ਦੱਸਿਆ ਕਿ ਦਾਨ ਸੰਸਥਾ ਦੇ ਸਾਹਰੀ ਸਕੂਲ ਵਿਖੇ ਦੋ ਦਿਨਾ ਵਿਦਿਅਕ ਅਤੇ ਮੈਡੀਕਲ ਕੈਂਪ ਵਿੱਚ ਸੀਨੀਅਰ ਸੈਕੰਡਰੀ ਸਕੂਲ ਅਜੜਾਮ, ਮਿਡਲ ਸਕੂਲ ਕਾਹਰੀ, ਐਲੀਮੈਂਟਰੀ ਸਕੂਲ ਸਾਹਰੀ ਅਤੇ ਕਾਹਰੀ ਦੇ 470 ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸ਼ਿਰਕਤ ਕੀਤੀ। ਇਨ੍ਹਾਂ ਸਾਰੇ ਵਿਦਿਆਰਥੀਆਂ ਦਾ ਮੁਫ਼ਤ ਮੈਡੀਕਲ ਅਤੇ ਅੱਖਾਂ ਦਾ ਟੈਸਟ ਕੀਤਾ ਗਿਆ। ਲੋੜਵੰਦ ਵਿਦਿਆਰਥੀਆਂ ਦੇ ਐਨਕਾਂ ਲਗਾਈਆਂ ਗਈਆਂ। ਪਿੰਡ ਦੇ 22 ਵਿਅਕਤੀਆਂ ਦੀਆਂ ਅੱਖਾਂ ਦੇ ਮੋਤੀਏ ਦੇ



ਉਪਰੇਸ਼ਨ ਕਰਵਾਏ ਗਏ। ਸੈਕੰਡਰੀ ਸਕੂਲ ਅਜੜਾਮ ਨੂੰ 3 ਲੈਪਟਾਪ, ਇੱਕ ਪ੍ਰੋਜੈਕਟਰ, ਇੱਕ ਪ੍ਰਿੰਟਰ, ਹਾਈ ਸਕੂਲ ਸਾਹਰੀ ਨੂੰ 3 ਲੈਪਟਾਪ, ਇੱਕ ਪ੍ਰੋਜੈਕਟਰ, ਇੱਕ ਪ੍ਰਿੰਟਰ, ਇੱਕ ਵਾਟਰ ਕੂਲਰ, ਮਿਡਲ ਸਕੂਲ ਕਾਹਰੀ ਨੂੰ 2 ਲੈਪਟਾਪ, ਇੱਕ ਪ੍ਰਿੰਟਰ, ਇੱਕ ਪ੍ਰੋਜੈਕਟਰ, ਕਾਹਰੀ ਅਤੇ ਸਾਹਰੀ ਦੇ ਪ੍ਰਾਇਮਰੀ ਸਕੂਲਾਂ ਨੂੰ ਇੱਕ ਇੱਕ ਪ੍ਰੋਜੈਕਟਰ, ਪ੍ਰਾਇਮਰੀ ਸਕੂਲ ਸਾਹਰੀ ਨੂੰ ਬਾਥਰੂਮ ਦੀ ਰਿਪੇਅਰ ਲਈ 25000 ਰੁਪਏ ਦੀ ਨਕਦ ਰਾਸ਼ੀ, 6 ਲੋੜਵੰਦ ਵਿਦਿਆਰਥੀਆਂ ਨੂੰ ਸਾਈਕਲ ਅਤੇ 3 ਸਪੈਸ਼ਲ ਵਿਅਕਤੀਆਂ ਨੂੰ ਟ੍ਰਾਈ-ਸਾਈਕਲ ਮੁਹੱਈਆ ਕਰਵਾਏ ਗਏ। ਸਾਹਰੀ ਪਿੰਡ ਵਿੱਚ ਇਸ ਸੰਸਥਾ ਵੱਲੋਂ ਕੈਂਪ ਲਗਾਉਣ ਦਾ ਸੂਤਰਧਾਰ ਬਣਿਆ ਰੇਸ਼ਮ ਸਿੰਘ ਜਿਹੜਾ ਇਸ ਸੰਸਥਾ ਨਾਲ ਜੁੜ ਕੇ ਯੂ ਕੇ ਵਿਖੇ ਹੀ ਰਹਿ ਰਿਹਾ ਹੈ ਅਤੇ ਸਾਹਰੀ ਪਿੰਡ ਦਾ ਬਾਸ਼ਿੰਦਾ ਹੈ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਇਸ ਤਰ੍ਹਾਂ ਦੀਆਂ ਸੰਸਥਾਵਾਂ ਦੇ ਕਾਰਜਾਂ ਕਰਕੇ ਹੀ ਦੁਆਬੇ ਦੇ ਸਕੂਲਾਂ ਅਤੇ ਵਿਦਿਆਰਥੀਆਂ ਦੀ ਦਸ਼ਾ ਤੇ ਦਿਸ਼ਾ ਬਦਲੀ ਹੈ। ਸੰਸਥਾ ਦੇ ਮੁਖ ਟ੍ਰਸਟੀ ਡਾ. ਸੁਖਵੀਰ ਕੌਰ ਗਿੱਲ, ਐਡਵੋਕੇਟ ਰਾਜੀਵ ਸ਼ਰਮਾ, ਸੁਖਵੀਰ ਭੰਗਰਾ, ਅਮਰਜੀਤ ਭੰਗਰਾ, ਕਲਪਨਾ, ਅਜੇ ਮਿਸ਼ਰਾ, ਰੇਸ਼ਮ ਸਿੰਘ ਹੁਰਾਂ ਨੇ ਡਾ. ਰਾਜ ਕੁਮਾਰ, ਪੰਜਾਂ ਸਰਕਾਰੀ ਸਕੂਲਾਂ ਦੇ ਮੁਖੀਆਂ, ਅਧਿਆਪਕਾਂ, ਨੌਜਵਾਨਾਂ ਦਾ ਮੋਮੈਂਟੋ ਨਾਲ ਵਿਸ਼ੇਸ਼ ਸਨਮਾਨ ਕੀਤਾ। ਸਮਾਗਮ ਵਿੱਚ ਸ਼ਾਮਿਲ 470 ਵਿਦਿਆਰਥੀਆਂ ਨੂੰ ਸਕੂਲ ਬੈਗ ਦਿੱਤੇ ਗਏ।

# ਰੋਸ ਰੈਲੀ 'ਚ ਕੀਤੀ ਜਾਵੇਗੀ ਸ਼ਮੂਲੀਅਤ : ਬੀ ਐੱਡ ਅਧਿਆਪਕ ਫ਼ਰੰਟ

**ਗੁਰਾਇਆ (ਬਿੰਦਰ ਸੁੰਮਨ)**- ਬੀ ਐੱਡ ਅਧਿਆਪਕ ਫ਼ਰੰਟ ਬਲਾਕ ਗੋਰਾਇਆ-1 ਪ੍ਰਧਾਨ ਹਰਪ੍ਰੀਤ ਸਿੰਘ ਅਤੇ ਬਲਾਕ ਗੋਰਾਇਆ -2 ਪ੍ਰੇਮ ਪਾਲ ਸਿੰਘ ਨੇ ਪ੍ਰੈਸ ਨੂੰ ਸਾਂਝਾ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ 16 ਫ਼ੀਸਦੀ ਡੀ. ਏ. ਦੀਆਂ ਕਿਸ਼ਤਾਂ ,ਬੰਦ ਕੀਤੇ ਪੇਂਡੂ ਭੱਤੇ, ਬਾਰਡਰ ਏਰੀਆ ਭੱਤੇ, ਕੱਚੇ ਮੁਲਾਜ਼ਮਾਂ ਨੂੰ ਪੂਰੇ ਤਨਖ਼ਾਹ ਸਕੇਲ ਵਿੱਚ ਪੱਕੇ ਕਰਨ, ਲੰਬੇ ਸਮੇਂ ਤੋਂ ਰੁਕੀਆਂ ਪ੍ਰੋਮੋਸ਼ਨਾਂ, ਗ਼ੈਰ ਵਿੱਦਿਅਕ ਕੰਮ ਕਰਨ, ਨਵੇਂ ਭਰਤੀ ਹੋ ਰਹੇ ਅਧਿਆਪਕ ਸਾਥੀਆਂ ਉੱਪਰ ਕੇਂਦਰੀ ਤਨਖ਼ਾਹ ਸਕੇਲ ਲਾਗੂ ਕਰਨ ਅਤੇ 2 ਲੱਖ ਤੋਂ ਵੱਧ ਮੁਲਾਜ਼ਮਾਂ ਦੀ ਸਭ ਤੋਂ ਅਹਿਮ ਮੰਗ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਆਦਿ ਅਹਿਮ ਮੁੱਦਿਆਂ ਉੱਤੇ ਸਰਕਾਰ ਦੀ ਚੁੱਪੀ, ਸਰਕਾਰ ਦੀ ਮੁਲਾਜ਼ਮਾਂ ਪ੍ਰਤੀ ਮਾੜੀ ਨੀਤੀ ਨੂੰ ਦਰਸਾ ਰਹੀ ਹੈ, ਜਿਸ ਕਾਰਨ ਸਮੁੱਚੇ ਮੁਲਾਜ਼ਮ ਵਰਗ ਵਿੱਚ ਸਰਕਾਰ ਵਿਰੁੱਧ ਭਾਰੀ ਰੋਸ ਹੈ । ਇਸ ਮੌਕੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਸਕੀਮ ਦੇ ਜਾਰੀ ਕੀਤੇ ਜਾ ਚੁੱਕੇ ਨੋਟੀਫ਼ਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਸੀ.ਪੀ.ਐੱਫ਼. ਕਰਮਚਾਰੀ ਯੂਨੀਅਨ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਸਾਂਝੇ ਰੂਪ ਵਿੱਚ 2 ਨਵੰਬਰ ਨੂੰ ਚੋਣ ਹਲਕੇ ਤਰਨਤਾਰਨ ਵਿੱਚ ਕੀਤੀ ਜਾ ਰਹੀ ਰੋਸ ਰੈਲੀ ਵਿੱਚ ਵੱਡੀ ਸ਼ਮੂਲੀਅਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

# ਪਰਾਲੀ ਸਾੜਨ ਤੋਂ ਪਹਿਲਾਂ ਹੀ ਚੁੱਕੇ ਜਾਣ ਠੋਸ ਕਦਮ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਦੇ ਉਦੇਸ਼ ਨਾਲ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਵਿੱਚ ਖੇਤੀਬਾੜੀ ਅਤੇ ਪ੍ਰਦੂਸ਼ਣ ਕੰਟਰੋਲ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਰਾਲੀ



ਸਾੜਨ ਦੀਆਂ ਘਟਨਾਵਾਂ ਵਾਪਰਨ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਪਿੰਡ ਪੱਧਰ 'ਤੇ ਮੌਜੂਦ ਸਰਪੰਚ, ਨੰਬਰਦਾਰ ਅਤੇ ਚੌਕੀਦਾਰਾਂ ਦੀ ਮਦਦ ਨਾਲ ਉਨ੍ਹਾਂ ਖੇਤਰਾਂ ਦੀ ਪਛਾਣ ਕੀਤੀ ਜਾਵੇ ਜਿੱਥੇ ਖੇਤਾਂ ਵਿੱਚ ਝੋਨੇ ਦੀ ਕਟਾਈ ਹੋ ਰਹੀ ਹੈ ਅਤੇ ਕਿਸਾਨਾਂ ਦੇ ਸਹਿਯੋਗ ਨਾਲ ਉੱਥੇ ਪਰਾਲੀ ਪ੍ਰਬੰਧਨ ਲਈ ਢੁਕਵੇਂ ਉਪਾਅ ਕੀਤੇ ਜਾਣ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਮਸ਼ੀਨਰੀ ਉਪਲਬਧ ਕਰਵਾਈ ਜਾਵੇ ਅਤੇ ਜੇਕਰ ਕਿਸੇ ਕਿਸਾਨ ਨੂੰ ਇਸ ਸਬੰਧੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਸਬੰਧਤ ਪਿੰਡ ਦੇ ਨੋਡਲ ਅਫ਼ਸਰ ਵੱਲੋਂ ਤੁਰੰਤ ਹੱਲ ਕੀਤਾ ਜਾਵੇ।

# ਸਰਕਾਰੀ ਆਦਰਸ਼ ਸਕੂਲ ਨੇ ਰਾਜ ਪੱਧਰ 'ਤੇ ਚਮਕਾਇਆ ਨਾਂਅ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੋਧੀਪੁਰ ਦੇ ਵਿਦਿਆਰਥੀਆਂ ਨੇ ਇੱਕ ਹੋਰ ਇਤਿਹਾਸਕ ਪ੍ਰਾਪਤੀ ਦਰਜ ਕੀਤੀ ਹੈ। ਸਕੂਲ ਦੀ ਟੀਮ ਨੇ ਰਾਜ ਪੱਧਰੀ ਕਲਾ ਉਤਸਵ 2025-26 ਵਿੱਚ ਰਵਾਇਤੀ ਸਾਜ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਕਲਚਰਲ ਐਕਟੀਵਿਟੀ ਇਨਚਾਰਜ ਅਜਵਿੰਦਰ ਕੌਰ ਨੇ ਕਿਹਾ ਕਿ ਇਹਨਾਂ ਮੁਕਾਬਲਿਆਂ ਵਿੱਚ ਸੂਬੇ ਭਰ ਤੋ ਵੱਖ ਵੱਖ ਜ਼ਿਲ੍ਹਾ ਜੋਨ ਪੱਧਰੀ ਟੀਮਾਂ ਨੇ ਹਿੱਸਾ ਲਿਆ ਅਤੇ ਆਦਰਸ਼ ਸਕੂਲ ਦੇ ਇਸ ਮੁਕਾਬਲੇ ਵਿੱਚ ਸ਼ਾਮਲ ਵਿਦਿਆਰਥੀ ਗੁਰਮਨ ਸਿੰਘ ਗੁਰਵਿੰਦਰ ਸਿੰਘ, ਰਵਨੀਤ ਕੁਮਾਰ, ਅਤੇ ਅਨੀਕੇਤ ਗਾਂਧੀ ਨੇ ਆਪਣੇ ਸੰਗੀਤਕ ਹੁਨਰ ਅਤੇ ਰਵਾਇਤੀ ਸਾਜਾਂ ਦੇ ਸੁਰੀਲੇ ਪ੍ਰਦਰਸ਼ਨ ਨਾਲ ਦਰਸ਼ਕਾਂ ਤੇ ਜੱਜਾਂ ਦਾ ਦਿਲ ਜਿੱਤ ਲਿਆ।ਸਕੂਲ ਮੁਖੀ ਚਰਨਜੀਤ ਸਿੰਘ ਨੇ ਦੱਸਿਆ ਕਿ ਟੀਮ ਇੰਚਾਰਜ ਅਜਵਿੰਦਰ ਕੌਰ ਅਤੇ ਰਾਜਵੀਰ ਕੌਰ ਵੱਲੋਂ ਵਿਦਿਆਰਥੀਆਂ ਦੀ ਨਿਰੰਤਰ ਰਹਿਨੁਮਾਈ ਤੇ ਮਿਹਨਤ ਨੇ ਅੱਜ ਰੰਗ ਦਿਖਾਇਆ। ਇਹ ਸਕੂਲ ਲਈ ਮਾਣ ਦੀ ਗੱਲ ਹੈ ਕਿ ਕਲਚਰਲ ਐਕਟੀਵਿਟੀ ਵਿੱਚ ਇਸ ਇਲਾਕੇ ਦੇ ਸਰਕਾਰੀ ਸਕੂਲ ਨੇ ਰਾਜ ਪੱਧਰ 'ਤੇ ਪੁਜ਼ੀਸ਼ਨ ਹਾਸਲ ਕੀਤੀ ਹੈ।ਸਕੂਲ ਦੇ ਐਨਸੀਸੀ ਅਫ਼ਸਰ ਸੋਹਨ ਸਿੰਘ ਚਾਹਲ ਲੈਕਚਰਾਰ ਕਮਿਸਟਰੀ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ।

# ਵਿਧਾਇਕ ਨੇ ਵਾਟਰ ਸਪਲਾਈ ਦੀ ਪਾਈਪ ਪਾਉਣ ਦੇ ਕੰਮ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 14 ਦੇ ਬਸੰਤ ਨਗਰ ਤੋਂ ਵਾਟਰ ਸਪਲਾਈ ਪਾਈਪਲਾਈਨ ਵਿਛਾਉਣ ਦੇ ਕੰਮ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 8, 10, 12, 13, 14 ਅਤੇ 16 ਵਿੱਚ ਲਗਭਗ 55 ਲੱਖ ਰੁਪਏ ਦੀ ਲਾਗਤ ਨਾਲ 4 ਕਿਲੋਮੀਟਰ ਲੰਬੀ ਵਾਟਰ ਸਪਲਾਈ ਲਾਈਨ ਵਿਛਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਖੇਤਰ ਦੇ ਸੰਤੁਲਿਤ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਬੀਤੇ ਢਾਈ ਤਿੰਨ ਸਾਲਾਂ ਵਿੱਚ ਮੁੱਖ ਮੰਤਰੀ ਮਾਨ ਨੇ ਹੁਸ਼ਿਆਰਪੁਰ ਲਈ ਜਲ ਸਪਲਾਈ ਪਾਈਪਲਾਈਨ ਵਿਛਾਉਣ ਲਈ ਲਗਭਗ 6 ਕਰੋੜ ਰੁਪਏ ਜਾਰੀ ਕੀਤੇ ਹਨ, ਜਿਸ ਨਾਲ ਸ਼ਹਿਰ ਦੇ ਕਈ ਵਾਰਡਾਂ ਵਿੱਚ ਸਾਫ਼ ਪਾਣੀ ਦੀ ਸਪਲਾਈ ਯਕੀਨੀ ਬਣੇਗੀ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਅਮਰੀਕ ਚੌਹਾਨ, ਜਤਿੰਦਰ ਕੌਰ ਪਿੰਕੀ, ਗੁਰਮੇਲ ਸਿੰਘ, ਸੰਦੀਪ ਚੇਚੀ, ਸੁਦਰਸ਼ਨ ਧੀਰ, ਅਨੁਰਾਗ ਸੂਦ ਅਤੇ ਹੋਰ ਪਤਵੰਤੇ ਹਾਜ਼ਰ ਸਨ।



# ਸ਼੍ਰੋਮਣੀ ਅਕਾਲੀ ਦਲ (ਬ) ਬਹੁਮਤ ਨਾਲ ਜਿੱਤੇਗਾ ਜ਼ਿਮਨੀ ਚੋਣ : ਭਿੰਡਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਤਰਨਤਾਰਨ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਵੋਟਰਾਂ ਦਾ ਭਰਵਾਂ ਸਮਰਥਨ ਪ੍ਰਾਪਤ ਹੋ ਰਿਹਾ ਹੈ। ਸੱਤਾ ਧਿਰ ਸਮੇਤ ਸਾਰੀਆਂ ਪਾਰਟੀਆਂ ਦੇ ਵਰਕਰ ਤੇ ਅਹੁਦੇਦਾਰ ਵੱਡੀ ਗਿਣਤੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਰਹੇ ਹਨ। ਜਿਸ ਤੋਂ ਸਾਫ ਹੈ ਕਿ ਪਾਰਟੀ ਨੂੰ



ਤਰਨਤਾਰਨ ਜ਼ਿਮਨੀ ਚੋਣ 'ਚ ਕੌਮੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਭਾਰੀ ਬਹੁਮਤ ਦੇ ਨਾਲ ਜਿੱਤ ਮਿਲਣ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਸ਼ਹਿਰੀ) ਦੇ ਜ਼ਿਲ੍ਹਾ ਜਨਰਲ ਸਕੱਤਰ ਝਿਰਮਲ ਸਿੰਘ ਭਿੰਡਰ ਨੇ ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿੱਚ ਕੀਤਾ ਹੈ। ਇਸ ਦੇ ਨਾਲ ਹੀ ਉਹਨਾਂ ਨੇ ਹਲਕਾ ਫਗਵਾੜਾ ਸ਼ਹਿਰੀ ਦੇ ਇੰਚਾਰਜ ਸਰਦਾਰ ਰਣਜੀਤ ਸਿੰਘ ਖੁਰਾਣਾ ਅਤੇ ਹੋਰਨਾਂ ਪਾਰਟੀ ਵਰਕਰਾਂ ਤੇ ਸਮਰਥਕਾਂ ਸਮੇਤ ਤਰਨਤਾਰਨ ਵਿਖੇ ਜਾਰੀ ਪਾਰਟੀ ਉਮੀਦਵਾਰ ਦੀ ਚੋਣ ਪ੍ਰਚਾਰ ਮੁਹਿਮ 'ਚ ਸ਼ਮੂਲੀਅਤ ਲਈ ਰਵਾਨਾ ਹੋਣ ਸਮੇਂ ਕਿਹਾ ਕਿ ਵਿਰੋਧੀ ਪਾਰਟੀਆਂ ਆਪਣੀ ਹਾਰ ਦੇਖ ਕੇ ਬੌਖਲਾਹਟ ਵਿੱਚ ਹਨ ਅਤੇ ਪੰਜਾਬ ਦਾ ਮੁਲਾਜਮ ਵਰਗ ਸੂਬਾ ਸਰਕਾਰ ਤੋਂ ਡੀ.ਏ. ਨਾ ਦੇਣ ਦਾ ਬਦਲਾ ਲੈਣ ਲਈ ਤਿਆਰ ਹੈ।

# ਤਰਨ ਤਾਰਨ ਜ਼ਿਮਨੀ ਚੋਣ 'ਚ 'ਆਪ' ਦੀ ਜਿੱਤ ਪੱਕੀ : ਅਮਰੀਕ ਸਿੰਘ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਤਰਨਤਾਰਨ ਵਿਧਾਨ ਸਭਾ ਹਲਕੇ ਵਿੱਚ 11 ਨਵੰਬਰ ਨੂੰ ਹੋ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਆਮ ਆਦਮੀ ਪਾਰਟੀ ਹਲਕਾ ਨਕੋਦਰ ਦੇ ਪਿੰਡ ਤਲਵਣ ਤੋਂ ਜੱਥੇਦਾਰ ਅਮਰੀਕ ਸਿੰਘ ਸੀਨੀਅਰ 'ਆਪ' ਆਗੂ (ਤਲਵਣ) ਨੇ ਕਿਹਾ ਕਿ ਇਹ ਚੋਣ ਕੇਵਲ ਕਿਸੇ ਉਮੀਦਵਾਰ ਦੀ ਨਹੀਂ, ਸਗੋਂ ਵਿਕਾਸ, ਇਮਾਨਦਾਰੀ ਤੇ ਸੱਚਾਈ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਤਰਨ ਤਾਰਨ ਹਲਕੇ ਦੇ ਲੋਕ ਸਮਝਦਾਰ ਹਨ ਅਤੇ ਉਹ ਜਾਣਦੇ ਹਨ ਕਿ ਕੌਣ ਉਨ੍ਹਾਂ ਦੇ ਹਿੱਤਾਂ ਦੀ ਸਿਆਸਤ ਕਰਦਾ ਹੈ ਤੇ ਕੌਣ ਸਿਰਫ਼ ਚੋਣਾਂ ਦੇ ਸਮੇਂ ਆ ਕੇ ਵਾਅਦੇ ਕਰਦਾ ਹੈ। ਅਮਰੀਕ ਸਿੰਘ ਨੇ ਕਿਹਾ ਕਿ ਇਸ ਹਲਕੇ ਤੋਂ ਪਹਿਲਾਂ ਵੀ ਆਮ ਆਦਮੀ ਪਾਰਟੀ ਦਾ ਵਿਧਾਇਕ ਚੁਣਿਆ ਗਿਆ ਸੀ ਜਿਸ ਨੇ ਹਲਕੇ ਦੇ ਵਿਕਾਸ ਲਈ ਬੇਮਿਸਾਲ ਕੰਮ ਕੀਤੇ ਸਨ। ਉਹਨਾਂ ਦੇ ਅਚਾਨਕ ਦੇਹਾਂਤ ਕਾਰਨ ਹੁਣ ਜ਼ਿਮਨੀ ਚੋਣ ਹੋ ਰਹੀ ਹੈ।

# ਗੁਰੂ ਤੇਗ ਬਹਾਦਰ ਜੀ ਦੇ ਉਪਦੇਸ਼ ਮਨੁੱਖਤਾ ਲਈ ਪ੍ਰੇਰਨਾ ਸ੍ਰੋਤ : ਰੰਧਾਵਾ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਨਾਭਾ ਸਾਹਿਬ ਵਿਖੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਗੁਰਦੁਆਰਾ ਨਾਭਾ ਸਾਹਿਬ ਦੇ ਮੁੱਖ ਗੇਟ ਅਤੇ ਪਾਰਕਿੰਗ ਸੁਧਾਰ ਪ੍ਰੋਜੈਕਟਾਂ ਸਮੇਤ ਸੜਕ ਨਿਰਮਾਣ ਕਾਰਜਾਂ ਦਾ ਨੀਹ ਪੱਥਰ ਰੱਖਿਆ।ਉਨ੍ਹਾਂ ਦੱਸਿਆ ਕਿ ਸੜਕ ਨਿਰਮਾਣ ਕਾਰਜ ਤੇ 2.78 ਕਰੋੜ ਤੇ ਗੁਰਦੁਆਰਾ ਨਾਭਾ ਸਾਹਿਬ ਦੇ ਗੇਟ ਅਤੇ ਪਾਰਕਿੰਗ ਸੁਧਾਰ ਲਈ 45.00 ਲੱਖ ਰੁਪਏ ਖਰਚ ਕੀਤੇ ਜਾਣਗੇ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਨੇ ਧਰਮ, ਸੱਚਾਈ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣਾ ਸਰਵੋਚ ਬਲਿਦਾਨ ਦਿੱਤਾ।

# ਇੰਡੀਅਨ ਨੇਵੀ ਮੁੰਬਈ ਅਤੇ ਭਾਰਤੀ ਰੇਲਵੇ ਦਿੱਲੀ ਦੀਆਂ ਟੀਮਾਂ ਸੈਮੀਫਾਈਨਲ 'ਚ

**ਜਲੰਧਰ (ਸ਼ੈਲੀ ਐਲਬਰਟ)**- ਇੰਡੀਅਨ ਨੇਵੀ ਮੁੰਬਈ ਨੇ ਇੰਡੀਅਨ ਏਅਰ ਫੋਰਸ ਨੂੰ ਪੈਨਲਟੀ ਸ਼ੂਟ ਆਊਟ ਰਾਹੀਂ 4-2 ਨਾਲ ਹਰਾ ਕੇ ਅਤੇ ਭਾਰਤੀ ਰੇਲਵੇ ਦਿੱਲੀ ਨੇ ਬੀ ਐੱਸ ਐੱਫ ਜਲੰਧਰ ਨੂੰ 5-0 ਦੇ ਫਰਕ ਨਾਲ ਹਰਾ ਕੇ 42ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਸੈਮੀਫਾਇਨਲ ਵਿੱਚ ਪ੍ਰਵੇਸ਼ ਕਰ ਲਿਆ। ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿੱਚ ਚਲ ਰਹੇ ਟੂਰਨਾਮੈਂਟ ਦੇ ਸੱਤਵੇਂ ਦਿਨ ਪਹਿਲੇ ਦੋ ਕਵਾਰਟਰ ਫਾਇਨਲ ਮੈਚ ਖੇਡੇ ਗਏ। ਪਹਿਲੇ ਕਵਾਰਟਰ ਫਾਇਨਲ ਵਿੱਚ ਇੰਡੀਅਨ ਨੇਵੀ ਮੁੰਬਈ ਅਤੇ ਇੰਡੀਅਨ ਏਅਰ ਫੋਰਸ ਦੀਆਂ ਟੀਮਾਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਇੰਡੀਅਨ ਏਅਰ ਫੋਰਸ ਵਲੋਂ ਕ੍ਰਿੱਪਾ ਮੈਂਡਾਪਾਂਡਾ ਨੇ ਗੋਲ ਕਰਕੇ ਸਕੋਰ 1-0 ਕੀਤਾ। ਖੇਡ ਦੇ 15ਵੇਂ ਮਿੰਟ ਵਿੱਚ ਇੰਡੀਅਨ ਨੇਵੀ ਸ਼ੁਸ਼ੀਲ ਧਨਵਾਰ ਨੇ ਗੋਲ ਕਰਕੇ ਸਕੋਰ 1-1 ਕਰਕੇ ਬਰਾਬਰੀ ਕੀਤੀ। ਨਿਰਧਾਰਤ ਸਮੇਂ ਦੀ ਸਮਾਪਤੀ ਤੱਕ ਸਕੋਰ 1-1 ਰਿਹਾ।ਪੈਨਲਟੀ ਸ਼ੂਟ ਆਊਟ ਰਾਹੀਂ ਇੰਡੀਅਨ ਨੇਵੀ ਮੁੰਬਈ ਨੇ ਇੰਡੀਅਨ ਏਅਰ ਫੋਰਸ ਨੂੰ 3-1 ਨਾਲ ਹਰਾ ਕੇ ਸੈਮੀਫਾਇਨਲ ਵਿੱਚ ਪ੍ਰਵੇਸ਼ ਕੀਤਾ। ਦੂਜਾ ਕਵਾਰਟਰ ਫਾਇਨਲ ਭਾਰਤੀ ਰੇਲਵੇ ਦਿੱਲੀ ਅਤੇ ਬੀਐਸਐਫ ਜਲੰਧਰ ਦਰਮਿਆਨ ਖੇਡਿਆ ਗਿਆ। ਖੇਡ ਦੇ ਪਹਿਲੇ ਹੀ ਮਿੰਟ ਵਿੱਚ ਭਾਰਤੀ ਰੇਲਵੇ ਦੇ ਗੁਰਸਾਹਿਬ ਸਿੰਘ ਨੇ ਗੋਲ ਕਰਕੇ ਸਕੋਰ 1-0 ਕੀਤਾ।ਖੇਡ ਦੇ ਤੀਜੇ ਕਵਾਰਟਰ ਦੇ 42ਵੇਂ ਮਿੰਟ ਵਿੱਚ ਭਾਰਤੀ ਰੇਲਵੇ ਦੇ ਸ੍ਰੀਆਸ ਭਾਵਿਕਦਾਸ ਧੂਪੇ ਨੇ ਗੋਲ ਕਰਕੇ ਸਕੋਰ 2-0 ਕੀਤਾ। ਖੇਡ ਦੇ 48ਵੇਂ ਮਿੰਟ ਵਿੱਚ ਲਵਪ੍ਰੀਤ ਸਿੰਘ ਨੇ ਗੋਲ ਕਰਕੇ ਸਕੋਰ 3-0 ਕੀਤਾ। ਖੇਡ ਦੇ 57ਵੇਂ ਮਿੰਟ ਵਿੱਚ ਭਾਰਤੀ ਰੇਲਵੇ ਦੇ ਅਲੀ ਅਹਿਮਦ ਨੇ ਗੋਲ ਕਰਕੇ ਸਕੋਰ 4-0 ਕੀਤਾ। ਖੇਡ ਦੇ 58ਵੇਂ ਮਿੰਟ ਵਿੱਚ ਰੇਲਵੇ ਦੇ ਲਵਪ੍ਰੀਤ ਸਿੰਘ ਨੇ ਗੋਲ ਕਰਕੇ ਸਕੋਰ 5-0 ਕਰਦੇ ਹੋਏ ਮੈਚ ਜਿੱਤ ਕੇ ਸੈਮੀਫਾਇਨਲ ਵਿੱਚ ਪ੍ਰਵੇਸ਼ ਕੀਤਾ।

# ਕਵਿਤਾ ਗਾਇਨ ਤੇ ਕੁਇਜ਼ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਪੰਜਾਬੀ ਸਾਹਿਤ ਸਿਰਜਣ, ਕਵਿਤਾ ਗਾਇਨ ਅਤੇ ਕੁਇਜ਼ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਡਾ. ਗਿੰਨੀ ਦੁੱਗਲ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਐੱਸ.ਏ.ਐੱਸ.ਨਗਰ ਸਨ।ਸ਼ੁਰੂਆਤ ਵਿਚ ਖੋਜ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਮੁੱਖ ਮਹਿਮਾਨਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਕਰਵਾਏ ਜਾ ਰਹੇ ਇਨਾਮ ਵੰਡ ਸਮਾਗਮ ਦੇ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਵੱਲੋਂ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਐੱਸ.ਏ.ਐੱਸ.ਨਗਰ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਸਰਗਰਮੀਆਂ ਤੋਂ ਹਾਜ਼ਰੀਨ ਨੂੰ ਜਾਣੂ ਵੀ ਕਰਵਾਇਆ ਗਿਆ।ਪੰਜਾਬੀ ਸਾਹਿਤ ਸਿਰਜਣ ਮੁਕਾਬਲੇ ਅਤੇ ਕਵਿਤਾ ਗਾਇਨ ਮੁਕਾਬਲੇ 2025 ਵਿਚ 'ਕਹਾਣੀ ਰਚਨਾ' ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਭਜੋਤ ਸਿੰਘ (ਸ ਹ ਸ ਰਡਿਆਲਾ), ਦੂਜਾ ਸਥਾਨ ਸਰਤਾਜ ਸਿੰਘ (ਸੰਤ ਈਸ਼ਰ ਸਿੰਘ ਪਬਲਿਕ ਸਕੂਲ, ਮੋਹਾਲੀ) ਅਤੇ ਤੀਜਾ ਸਥਾਨ ਅਵਿਨਾਸ਼ਜੋਤ ਸਿੰਘ (ਗਿਲਕੋ ਇੰਟਰਨੈਸ਼ਨਲ ਸਕੂਲ), 'ਕਵਿਤਾ ਰਚਨਾ' ਮੁਕਾਬਲੇ ਵਿੱਚ ਪਹਿਲਾ ਸਥਾਨ ਅੰਬਿਕਾ ਸੋਫ਼ਤ (ਗਿਲਕੋ ਇੰਟਰਨੈਸ਼ਨਲ ਸਕੂਲ), ਦੂਜਾ ਸਥਾਨ ਰਣਜੀਤ ਕੌਰ (ਸ ਹ ਸ ਦੱਪਰ) ਅਤੇ ਤੀਜਾ ਸਥਾਨ ਆਫ਼ਰੀਨ (ਸਕੂਲ ਆਫ਼ ਐਮੀਨੈਂਸ, ਬਾਕਰਪੁਰ), 'ਲੇਖ ਰਚਨਾ' ਮੁਕਾਬਲੇ ਵਿੱਚ ਪਹਿਲਾ ਸਥਾਨ ਏਕਮਜੋਤ ਕੌਰ (ਮਾਤਾ ਸਾਹਿਬ ਕੌਰ ਪਬਲਿਕ ਸਕੂਲ, ਸਵਾੜਾ), ਦੂਜਾ ਸਥਾਨ ਗੁਰਸੀਰਤ ਕੌਰ (ਇਨਫੈਂਟ ਜੀਜਸ ਕਾਨਵੈਂਟ ਸਕੂਲ) ਅਤੇ ਤੀਜਾ ਸਥਾਨ ਸਵੈਨ ਸਹੋਤਾ (ਸ ਹ ਸ ਦੱਪਰ) ਅਤੇ 'ਕਵਿਤਾ ਗਾਇਨ' ਮੁਕਾਬਲੇ ਵਿੱਚ ਪਹਿਲਾ ਸਥਾਨ ਗੁਰਜੋਤ ਕੌਰ (ਸ ਸ ਸ ਸ ਮੁਲਾਂਪੁਰ ਗਰੀਬਦਾਸ), ਦੂਜਾ ਸਥਾਨ





ਸੁਨੇਹਾ (ਸ ਹ ਸ ਦੱਪਰ) ਅਤੇ ਤੀਜਾ ਸਥਾਨ ਪਵਨੀਤ ਸਿੰਘ (ਸ਼ਿਸ਼ੂ ਨਿਕੇਤਨ ਪਬਲਿਕ ਸਕੂਲ, ਸੈਕਟਰ-66, ਮੋਹਾਲੀ)ਨੇ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ 2025 ਵਿਚ 'ਵਰਗ ੳ' (ਛੇਵੀਂ ਤੋਂ ਅੱਠਵੀਂ) ਵਿੱਚ ਪਹਿਲਾ ਸਥਾਨ ਗੁਰਜੋਤ ਸਿੰਘ (ਸ.ਹ.ਸ ਕਾਰਕੌਰ), ਦੂਜਾ ਸਥਾਨ ਹਰਲੀਨ ਕੌਰ (ਸ਼ਿਵਾਲਿਕ ਪਬਲਿਕ ਸਕੂਲ, ਫੇਜ਼-6, ਮੋਹਾਲੀ) ਅਤੇ ਤੀਜਾ ਸਥਾਨ ਗੁਰਮਨਪ੍ਰੀਤ ਸਿੰਘ (ਗੁਰੂ ਨਾਨਕ ਫ਼ਾਊਂਡੇਸ਼ਨ ਪਬਲਿਕ ਸਕੂਲ, ਸੈਕਟਰ-92 ਮੋਹਾਲੀ), 'ਵਰਗ ਅ' (ਨੌਵੀਂ ਤੋਂ ਬਾਰ੍ਹਵੀਂ) ਵਿੱਚ ਪਹਿਲਾ ਸਥਾਨ ਹਰਜੋਤ ਸਿੰਘ, (ਸ਼ਿਸ਼ੂ ਨਿਕੇਤਨ ਪਬਲਿਕ ਸਕੂਲ, ਸ ਸੈਕਟਰ-66, ਮੋਹਾਲੀ), ਦੂਜਾ ਸਥਾਨ ਜਪਨਿਮਿਤ ਸਿੰਘ (ਸ਼ਿਸ਼ੂ ਨਿਕੇਤਨ ਪਬਲਿਕ ਸਕੂਲ ਸੈਕਟਰ-66, ਮੋਹਾਲੀ) ਅਤੇ ਤੀਜਾ ਸਥਾਨ ਸਿਮਰਨ ਕੌਰ (ਸ ਸ ਸ ਸ ਝੰਜੇੜੀ,'ਵਰਗ ੲ'(ਗ੍ਰੈਜੂਏਸ਼ਨ) ਵਿੱਚੋਂ ਪਹਿਲਾ ਸਥਾਨ ਮਨਪ੍ਰੀਤ ਕੌਰ (ਸਰਕਾਰੀ ਕਾਲਜ, ਡੇਰਾ ਬੱਸੀ), ਦੂਜਾ ਸਥਾਨ ਨਵਜੋਤ ਸਿੰਘ (ਸਰਕਾਰੀ ਕਾਲਜ, ਫੇਜ਼-6, ਮੋਹਾਲੀ) ਅਤੇ ਤੀਜਾ ਸਥਾਨ ਜੈਸਮੀਨ ਕੌਰ (ਸਰਕਾਰੀ ਕਾਲਜ, ਡੇਰਾ ਬੱਸੀ) ਨੇ ਪ੍ਰਾਪਤ ਕੀਤਾ।ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਡਾ. ਗਿੰਨੀ ਦੁੱਗਲ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਐੱਸ.ਏ.ਐੱਸ.ਨਗਰ, ਸ. ਅੰਗਰੇਜ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਐੱਸ.ਏ.ਐੱਸ.ਨਗਰ ਅਤੇ ਖੋਜ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਕ੍ਰਮਵਾਰ 1000/-, 750/, 500/- ਦੀਆਂ ਵਿਭਾਗੀ ਪੁਸਤਕਾਂ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਵਿਦਿਆਰਥੀਆਂ ਦੇ ਸਨਮਾਨ ਉਪਰੰਤ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਵੰਡੇ ਸਰ੍ਹੋਂ ਦੇ ਬੀਜ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਖੇਤੀਬਾੜੀ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਭਲਾਈ ਲਈ ਦਿੱਤੀਆ ਜਾ ਰਹੀਆਂ ਸਹੂਲਤਾਂ ਉਨ੍ਹਾਂ ਨੂੰ ਸਮੇਂ ਸਿਰ ਮੁਹੱਇਆ ਕਰਵਾਈਆ ਜਾਣ। ਕਿਸਾਨਾਂ ਲਈ ਪੰਜਾਬ ਸਰਕਾਰ ਵੱਲੋਂ ਵਿਸੇਸ਼ ਯੋਜਨਾਵਾ ਉਲੀਕਿਆ ਗਈਆਂ ਹਨ ਜਿਨ੍ਹਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਕੈਂਪ ਲਗਾ ਕੇ ਦਿੱਤੀ ਜਾਵੇ। ਇਨ੍ਹਾਂ ਹਦਾਇਤਾ ਦੀ ਪਾਲਣਾਂ ਕਰਦੇ ਹੋਏ ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਵਰਜੀਤ ਵਾਲੀਆ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਵਿਆਪਕ ਉਪਰਾਲੇ ਜਾਰੀ ਹਨ। ਹੋਰ ਵਧੇਰੇ ਜਾਣਕਾਰੀ ਦਿੰਦੇ ਹੋਏ ਡਾ.ਲੇਖ ਰਾਜ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਸਾਨਾਂ ਨੂੰ ਸਰੋਂ ਦੇ ਬੀਜ ਦੀ ਵੰਡ ਕੀਤੀ ਗਈ।ਇਸ ਮੌਕੇ ਡਾ.ਗਗਨਦੀਪ ਸਿੰਘ, ਡਾ.ਗੁਰਪ੍ਰੀਤ ਸਿੰਘ, ਬੀ ਟੀ ਐੱਮ ਵਰਿੰਦਰ ਸਿੰਘ, ਏ ਈ ਓ ਸਤਿੰਦਰ ਕੁਮਾਰ, ਰਾਜ ਕੁਮਾਰ ਹਰਪ੍ਰੀਤ ਸਿੰਘ ਤੇ ਕਿਸਾਨ ਜਸਵਿੰਦਰ ਸਿੰਘ, ਰਵਿੰਦਰ ਸਿੰਘ, ਕਿਸ਼ਨ ਚੰਦ, ਗੁਰਮੇਲ ਸਿੰਘ, ਗੁਰਵਿੰਦਰ ਕੌਰ, ਸੁਖਪ੍ਰੀਤ ਕੌਰ, ਸੰਦੀਪ ਸਿੰਘ ਹਾਜ਼ਰ ਸਨ।



ਮਾਸਿਕ ਮੈਗਜ਼ੀਨ: ਵਰਿਆਮ
ਸੰਪਾਦਕ: ਡਾ. ਰਜਵੰਤ ਕੌਰ, ਨਰੈਣ ਸਿੰਘ ਅਤੇ ਸਮੂਹ ਵਰਿਆਮ ਪਰਿਵਾਰ
ਪ੍ਰਧਾਨ, ਨਾਮਧਾਰੀ ਸੰਗਤ ਜਲੰਧਰ ਮੋਬਾਇਲ: 98150-84646



ਆਪਣੇ ਪਿਤਾ ਕਾ. ਚੈਨ ਸਿੰਘ ਚੈਨ ਅਤੇ ਮਾਤਾ ਸੁਸ਼ੀਲਾ ਚੈਨ ਨੂੰ ਸ਼ਰਧਾਂਜਲੀ
ਵਲੋਂ: ਸਵਿਤਾ ਅਤੇ ਸਮੂਹ ਪਰਿਵਾਰ



ਕਿਸ਼ਨ ਕੁਮਾਰ
# 8, ਕੋਟ ਰਾਮਦਾਸ, ਨੇੜੇ ਰੇਲਵੇ ਬਿਹਾਰ, ਜਲੰਧਰ
98146 48143



ਬੇਗਮਪੁਰਾ ਬੁੱਕ ਸ਼ਾਪ ਨਵਾਂਸ਼ਹਿਰ
98140-78626, 94174-15062




ਗ਼ਦਰੀ ਬਾਬਿਆਂ ਦੇ ਸਾਲਾਨਾ ਮੇਲੇ ਦੀ ਸਫ਼ਲਤਾ ਲਈ ਅਦਾਰਾ 'ਨਵਾਂ ਜ਼ਮਾਨਾ' ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸੰਗਰਾਮੀ ਸ਼ੁਭ ਇਛਾਵਾਂ।
ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ
ਆਰ.ਐਮ.ਪੀ.ਆਈ.
ਜਾਗੋ ! ਜਥੇਬੰਦ ਹੋਵੋ !! ਜਮਾਤ ਰਹਿਤ, ਜਾਤ ਰਹਿਤ, ਨਾਰੀ ਮੁਕਤੀ ਵੱਲ ਸੇਧਤ।
ਸਾਂਝੀਵਾਲਤਾ 'ਤੇ ਆਧਾਰਤ ਨਿਆਂ ਸੰਗਤ, ਜਮਹੂਰੀ ਤੇ ਧਰਮ ਨਿਰਪੱਖ ਸਮਾਜ ਦੀ ਸਥਾਪਨਾ ਲਈ ਸੰਘਰਸ਼ ਕਰੋ !!!


## ਮੈਥੋਂ ਕਹਿ ਨਹੀਂ ਹੋਣਾ

..ਰੁੜ੍ਹਦੇ ਪਾਣੀਆਂ ਨੂੰ
ਤਰਦੇ ਆਲ੍ਹਣਿਆ ਨੂੰ
ਡੰਗਰਾਂ ਨੂੰ
ਜਨੌਰਾ ਨੂੰ
ਸਹਿਕਦੇ ਸੁਪਨਿਆਂ ਨੂੰ...
ਸ਼ਬਦ.. ਪੂਰੇ ਨਹੀਂ
ਰੰਗਾਂ ਦੇ ਅਰਥ.. ਸਮਝ
ਭਗਵੇਂ, ਪੀਲੇ, ਨੀਲੇ, ਚਿੱਟੇ
ਸਤਰੰਗੀ... ਜਿਹੇ
ਤੇਰੇ ਉਜੜਦੇ.. ਬਾਗ ਨੂੰ ਵੇਖ
ਰੋਟੀਆਂ ਸੇਕਦੇ ਨੇ
ਹੌਕਿਆਂ ਦਾ.. ਹੌਕਾ ਦੇ
ਤੇਰੇ ਤਨ ਨੂੰ ਮੈਲਾ ਕਰਦੇ ਨੇ...
ਕਦ ਤੱਕ.. ਰੁੜਦੇ ਰਵਾਂਗੇ
ਛੱਲਾਂ ਦੇ ਭਾਰ ਹੇਠ...
ਛੱਲਾਂ.. ਤਾਂ ਖ਼ੂਬਸੂਰਤ... ਹੁੰਦੀਆਂ
ਸਹਿਜ ਹੁੰਦੀਆਂ ਨੇ
ਬੇਖ਼ਬਰ.. ਮੁਹੱਬਤ ਵਾਂਗ



ਬਲਜੀਤ ਬੱਲ

ਜ਼ਰੂਰ ਕੋਈ..
ਛੇੜ ਛਾੜ ਕਰ ਗਿਆ ਹੋਣਾ...
ਦਖ਼ਲ ਅੰਦਾਜ਼ੀ... ਜੋ
ਇਹਨਾਂ ਨੂੰ...
ਮਨਜ਼ੂਰ ਨਹੀਂ
ਛੱਲਾਂ ਤਾਂ......
ਖ਼ੂਬਸੂਰਤ... ਹੁੰਦੀਆਂ
ਭਲਾ ਲੋਚਦੀਆਂ


## ਚੇਤਨਾ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ

| | | | |
|---|---|---|---|
| ਇਤਿਕਥਾ — ਨਾਵਲ — ਕਿਰਪਾਲ ਕਜ਼ਾਕ | ਹਮ ਐਸੇ ਅਪਰਾਧੀ — ਨਾਵਲ — ਅਜਮੇਰ ਸਿੰਘ ਦੀਵਾਨਾ | 1947 ਤ੍ਰਾਸਦੀ — ਕਹਾਣੀ-ਸੰਗ੍ਰਹਿ — ਡਾ. ਕੁਸੁਮ | ਇੱਕ ਕਟੋਰਾ ਚਾਨਣੀ — ਕਵਿਤਾ — ਜਸਵੰਤ ਜ਼ਫ਼ਰ |
| ਉੱਚਾ ਬੁਰਜ ਲਾਹੌਰ ਦਾ — ਨਾਵਲ — ਸ਼ਿਵਚਰਨ ਜੱਗੀ ਕੁੱਸਾ | ਅਣਸੁਣੇ ਚਿਹਰੇ — ਨਾਵਲ — ਕੁਪਿੰਦਰ ਸਿੰਘ ਰਾਮਗੜ੍ਹ | ਸੁਪਨਿਆਂ ਦਾ ਗਵਾਹ ਨਹੀਂ ਹੁੰਦਾ — ਕਹਾਣੀ-ਸੰਗ੍ਰਹਿ — ਸੰਦੀਪ ਸਮਰਾਲਾ | ਲੱਛੂ ਕਬਾੜੀਆ — ਨਾਟਕ — ਡਾ. ਸਾਹਿਬ ਸਿੰਘ |
| ਜੁਝਾਰੂ — ਨਾਵਲ — ਦਲਬੀਰ ਸਿੰਘ ਲੁਧਿਆਣਵੀ | ਸੁਖਜੀਤ ਦੀਆਂ ਚੋਣਵੀਆਂ ਕਹਾਣੀਆਂ — ਕਹਾਣੀ-ਸੰਗ੍ਰਹਿ — ਸੰਪਾਦਕ : ਜਪਜੀ | ਚੇਤੇ ਵਿੱਚ ਉਕਰੇ ਚਿਹਰੇ — ਸ਼ਬਦ ਚਿਤਰ — ਜਰਨੈਲ ਸਿੰਘ ਸੇਖਾ | ਵਣਧਾਰਾ — ਨਾਟਕ — ਸਵਰਾਜਬੀਰ |
| ਕਾਲੀ ਕੰਬਲੀ — ਨਾਵਲ — ਸੁਰਜੀਤ ਬਰਾੜ | ਖ਼ਤਰਾ ਤਾਂ ਹੈ — ਕਹਾਣੀ-ਸੰਗ੍ਰਹਿ — ਹਰਪ੍ਰੀਤ ਕੌਰ ਧੂਤ | ਲਾਹੌਰ ਨਾਲ ਗੱਲਾਂ — ਸਫ਼ਰਨਾਮਾ — ਰਵਿੰਦਰ ਸਹਿਰਾਅ | ਸਰਬੰਸਦਾਨੀ — ਨਾਟਕ — ਕੇਵਲ ਧਾਲੀਵਾਲ |
| ਖੋਰਾ — ਨਾਵਲ — ਧਰਮਪਾਲ ਸਾਹਿਲ | ਉਦਰੇਵਾਂ — ਕਹਾਣੀ-ਸੰਗ੍ਰਹਿ — ਗੁਰਦੇਵ ਸਿੰਘ ਬਰਾੜ | ਰੰਗਾਂ ਦੀ ਗੁਫ਼ਤਗੂ — ਕਾਵਿ-ਸੰਗ੍ਰਹਿ — ਮੱਖਣ ਮਾਨ | ਸੱਚਾ ਬੰਦਾ ਇਕੱਲਾ ਹੁੰਦਾ — ਨਾਟਕ — ਕੇਵਲ ਧਾਲੀਵਾਲ |





ਸੋਵੀਨਾਰ 2025
ਲੋਕ ਵਿਰਸਾ ਕਲਚਰਲ ਐਸੋਸੀਏਸ਼ਨ
ਐਬਟਸਫੋਰਡ, ਬੀ.ਸੀ ਵੱਲੋਂ

Lok Virsa Cultural Association Abbotsford BC


**Published By:**
Lok Virsa Cultural Association of BC Abbotsford

**Editorial Board**
Dr. Jatinderpal Singh Mundi
Gurdev Singh Buttar
Jarnail Singh Sekha
Harbans Dhanjal
Gurbaj S. Brar
Shanti Saroop

**Advisory Board**
Bhalinderjit Shingh (Lucky)
Dr. Sadhu Binning
Beant Singh Brar
Darshan Singh Dhaliwal
Dr. Vishesh Bhusan
Harmel Singh Bugra
Karamjit Singh Sidhu
Rajinder Singh Lali
Raj Bjhullar
Gurmail Singh Dhami
Tejveer Singh Pandher
Master Mal Singh
Nadeem Parmar
Dr. Kirpal Singh Kohli

**Design & Layour**
SAAB PARKASHAN
1,2 DESH BHAGAT YADGAR BUILDING
G.T. ROAD, JALANDHAR 144001
MOB. 98140-87063

We Thank all writers, magazines, historians and photographers whose material has been used in compiling this souvenir for Lok Virsa Cultural Association of BC

We sincerely apologies of those who we may have missed to give appropriate acknowledgment for their work in this Souvenir

The opinions expressed by writers do not necessarily reflect the view of the publisher information presented is compiled from sources believed to be accurate. However, the publisher assumes no responsibility for error or omissions


ਵਿਰਸਾ ਸ਼ਬਦ ਦਾ ਮੂਲ ਵਿਰਾਸਤ ਨਾਲ ਜੁੜਿਆ ਹੋਇਆ ਹੈ। ਵਿਰਾਸਤ ਤੋਂ ਭਾਵ ਆਪਣੇ ਪੁਰਖਾਂ ਪਾਸੋਂ ਮਿਲੀ ਚੱਲ ਅਚੱਲ ਜਾਇਦਾਦ ਨਾਲ ਹੁੰਦਾ ਹੈ, ਇਨ੍ਹਾਂ ਜਾਇਦਾਦਾਂ ਵਿੱਚ ਧਨ ਦੌਲਤ ਤੇ ਜ਼ਮੀਨ ਜਾਇਦਾਦ ਤੋਂ ਪਿਤਰੇ ਖੂਣ ਦਾ ਕਰੈਕਟਰ, ਸੋਚ, ਦਿਲ, ਦਿਮਾਗ, ਆਦਤਾਂ, ਕੰਮਕਾਰ ਤੇ ਕਾਰਵਿਹਾਰ ਆਦਿ ਬਹੁਤ ਕੁਝ ਹੋਰ ਵੀ ਹੁੰਦਾ ਹੈ। ਕਿਸੇ ਇਲਾਕੇ ਵਿੱਚ ਵਸਣ ਵਾਲੇ ਸਮੂਹ ਲੋਕਾਂ ਦਾ ਇਹ ਸਭ ਕੁਝ ਰਲਦਾ ਮਿਲਦਾ ਹੁੰਦਾ ਹੈ, ਇਸੇ ਨੂੰ ਹੀ ਅਸੀਂ ਲੋਕ-ਵਿਰਸਾ ਆਖਦੇ ਹਾਂ। ਪੀੜ੍ਹੀ ਦਰ ਪੀੜ੍ਹੀ ਇਸ ਵਿੱਚ ਕੁਝ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਤੇ ਇਨਸਾਨੀ ਜ਼ਿੰਦਗੀ ਵਾਂਗ ਆਪਣੇ ਚਾਲੇ ਤੁਰਿਆ ਰਹਿੰਦਾ ਹੈ। ਇਸ ਵਿੱਚ ਜਣ-ਸਮੂਹ ਦੇ ਕਿੱਤੇ, ਲੋਕ ਗਮੀਆਂ, ਖੁਸ਼ੀਆਂ, ਸੁਭਾਅ, ਮਨ-ਪ੍ਰਚਾਵੇ, ਵਿਆਹ-ਸ਼ਾਦੀਆਂ, ਮੇਲੇ, ਮੁਸਾਹਵੇ, ਲੜਾਈਆਂ-ਝਗੜੇ, ਮਰਨੇ-ਪਰਣੇ ਭਾਵ ਹਰ ਇੱਕ ਗਤੀ-ਵਿਧੀ ਦੀ ਪੂਰੀ ਤਸਵੀਰ ਹੁੰਦੀ ਹੈ ਤੇ ਇਹ ਕਿਸੇ ਦੇਸ਼ ਕੌਮ ਦੇ ਇਤਿਹਾਸ ਦੀ ਮੂੰਹ ਬੋਲਦੀ ਗਵਾਹੀ ਹੁੰਦੀ ਹੈ। ਜੋ ਨਵੀਆਂ ਪੀੜ੍ਹੀਆਂ ਨੂੰ ਅੱਗੇ ਤੁਰੇ ਜਾਣ ਦੀ ਸੇਧ ਦਿੰਦੀ ਰਹਿੰਦੀ ਹੈ ਅਤੇ ਅਗਲੀਆਂ ਪੀੜ੍ਹੀਆਂ ਨੂੰ ਪਹੁੰਚਦੇ ਕਰਨਾ ਹੋਰ ਵੀ ਵੱਧ ਜ਼ਰੂਰੀ ਹੁੰਦਾ ਹੈ। ਇਸ ਦੀ ਪੁਸ਼ਟੀ ਪੰਜਾਬ ਦੇ ਮਹਾਨ ਕਵੀ ਮੁਖਤਿਆਰ ਸਿੰਘ ਜ਼ਫਰ ਇਝ ਕਰਦੇ ਨੇ:

"ਕੌਮ ਬੁੱਤ ਤੇ ਰੂਹ ਇਤਿਹਾਸ ਹੁੰਦਾ,
ਬਾਝ ਰੂਹ ਦੇ ਬਣੇ ਨਾ ਗੱਲ ਕੋਈ
ਸਾਡੀ ਰਾਹ ਇਤਿਹਾਸ ਜਵਾਨੀਆਂ ਲਈ,
ਜਿਸ ਤੇ ਚੱਲ ਕੇ ਕੌਮ ਅਟੱਲ ਹੋਈ
ਜੇ ਨਾ ਜਾਏ ਇਤਿਹਾਸ ਵਡੇਰਿਆਂ ਦਾ
ਕਿਵੇਂ ਮਸਲੇ ਕਰਣਗੇ ਹੱਲ ਕੋਈ
ਜਿਹੜੀ ਕੌਮ ਇਤਿਹਾਸ ਨੂੰ ਭੁੱਲ ਜਾਵੇ,
ਸਮਝੋ ਅੱਜ ਮੋਈ ਨਹੀਂ ਤਾਂ ਕੱਲ, ਮੋਈ"

ਅੱਜ 29ਵਾਂ ਲੋਕ-ਵਿਰਸਾ ਮੇਲਾ ਪ੍ਰਬੰਧਕਾਂ ਸਹਿਯੋਗੀਆਂ ਅਤੇ ਦਰਸ਼ਕਾਂ ਦੇ ਸਿਦਕਾਂ ਦਾ ਸਬੂਤ ਦਿੰਦਾ ਹੋਇਆ ਹਾਮੀ ਭਰਦਾ ਹੈ ਕਿ ਇਹ ਕਾਰਜ ਬਹੁਤ ਹੀ ਲੋੜੀਂਦੇ ਤੇ ਬਹੁਤ ਪੱਖਾਂ ਤੋਂ ਜ਼ਰੂਰੀ ਵੀ ਹੈ। ਆਪ ਸਭ ਵੀਰ, ਭੈਣ-ਭਰਾ ਅਤੇ ਪਿਆਰੇ ਬੱਚੇ ਭਾਗਾਂ ਵਾਲੇ ਹੋ ਕਿ ਤੁਸੀਂ ਆਪਣੇ ਰਿਸ਼ਤਿਆਂ ਵਾਂਗ ਹੀ ਆਪਣਾ ਵਿਰਸਾ ਵੀ ਨਾਲ ਲੈ ਆਏ ਹੋ ਅਤੇ ਹਰ ਆਉਂਦੇ ਸਾਲ ਇਸ ਨੂੰ ਹੋਰ ਸੁੰਦਰ ਤੇ ਸਫਲ ਬਨਾਉਣ ਵਿੱਚ ਜੁੱਟੇ ਹੋਏ ਹੋ। (ਸ਼ਾਂਤੀ ਸਰੂਪ)



ਬਾਬਾ ਸੋਹਣ ਸਿੰਘ ਭਕਨਾ | ਲਾਲਾ ਹਰਦਿਆਲ | ਸ਼ਹੀਦ ਕਰਤਾਰ ਸਿੰਘ ਸਰਾਭਾ | ਸ਼ਹੀਦ ਊਧਮ ਸਿੰਘ
ਸ਼ਹੀਦ ਭਗਤ ਸਿੰਘ | ਸ਼ਹੀਦ ਸੁਖਦੇਵ | ਸ਼ਹੀਦ ਰਾਜਗੁਰੂ | ਲਾਲਾ ਲਾਜਪਤ ਰਾਏ

## A respectful Homage to Late Dr. V.K. Tewari

(25.2.1951 to 10.10.2016)




*penned by*
Sarita Tewari as tribute to him.

Dr. V.K. Tewari, a celebrated educationist, a renowned teacher-activist and a forceful orator devoted his entire life in the service of education, teacher's movement and social empowerment. A staunch supporter of democracy, secularism and equality, Dr. V.K. Tewari led the teachers movement from the front. He remained General Secretary, All India Federation of College and University Teachers Organisation (AIFUCTO) and Punjab and Chandigarh College Teachers Union (PCCTU) An orator par-excellence, Dr. V.K. Tewari drew crowds wherever and whenever he spoke whether it was Teachers rights, literature, politics or other social issues. He guided the destiny of one of the most prominent colleges of India, DAV College, Jalandhar from 2007-11, as its Principal. He died in harness as the Gen. Secy. of FISE. He leaves behind a rich legacy in the field of academics, Literature, Criticism and Unionism.



ਭਗਤ ਸਿੰਘ ਬਿਲਗਾ

ਗ਼ਦਰੀ ਬਾਬਾ ਭਗਤ ਸਿੰਘ ਬਿਲ਼ਗਾ
ਯਾਦਗਾਰ ਕਮੇਟੀ, ਬਿਲ਼ਗਾ (ਜਲੰਧਰ)
ਕਾਮਰੇਡ ਕੁਲਬੀਰ ਸਿੰਘ ਸੰਘੇੜਾ (ਪ੍ਰਧਾਨ)
ਪ੍ਰੋ. ਗੋਪਾਲ ਸਿੰਘ ਬੁੱਟਰ (ਮੀਤ ਪ੍ਰਧਾਨ)
ਕਾ. ਪ੍ਰਸ਼ੋਤਮ ਬਿਲਗਾ (ਮੀਡੀਆ ਇੰਚਾਰਜ)



ਪ੍ਰਧਾਨ, ਪਰਮਜੀਤ ਕਿਰਤੀ ਤਰਕਸ਼ੀਲ ਸੁਸਾਇਟੀ ਪੰਜਾਬ ਯੂਨਿਟ ਜਲੰਧਰ ਆਪਣੇ ਪਰਿਵਾਰ ਨਾਲ
ਵਿੱਤ ਮੁਖੀ, ਮਾਸਟਰ ਜਰਨੈਲ ਸਿੰਘ ਤਰਕਸ਼ੀਲ ਸੁਸਾਇਟੀ ਪੰਜਾਬ ਯੂਨਿਟ ਜਲੰਧਰ (ਰਿਟਾ. ਡੀਈਓ)



ਲੇਖਕਾ ਡਾ. ਰਜਨੀ ਆਪਣੀ ਬੇਟੀ ਅਲੀਸ਼ਾ ਨਾਲ





ਸਮਾਜ ਵਿਗਿਆਨ, ਇਤਿਹਾਸ, ਆਰਥਿਕਤਾ, ਸਾਹਿਤ, ਸਭਿਆਚਾਰ ਅਤੇ ਭਾਸ਼ਾ ਨੂੰ ਸਮਰਪਿਤ ਸਿਧਾਂਤਕ, ਅਗਾਂਹਵਧੂ ਤੇ ਵਿਗਿਆਨਕ ਕਿਤਾਬਾਂ ਕਿਫ਼ਾਇਤੀ ਦਰਾਂ 'ਤੇ ਛਾਪਣ ਦਾ ਅਦਾਰਾ
1, 2 ਦੇਸ਼ ਭਗਤ ਯਾਦਗਾਰ ਬਿਲਡਿੰਗ ਜੀ.ਟੀ. ਰੋਡ. ਜਲੰਧਰ
ਸੰਪਰਕ: 98140-87063, 95309-44063 (ਕੇਸਰ)



ਮਨਜੀਤ ਕੇਸਰ: 91156-99555

ਸਹਿਯੋਗ ਲਈ ਸਭਨਾਂ ਸਾਥੀਆਂ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਜੀ।



ਕੇਸਰ: 98140-87063


# 1 ਜਨਵਰੀ ਤੋਂ ਸੱਤਵੇਂ ਤਨਖਾਹ ਕਮਿਸ਼ਨ ਦੀ ਸਥਾਪਨਾ ਤੁਰੰਤ ਕਰੇ ਸਰਕਾਰ



**ਲੁਧਿਆਣਾ (ਰੈਕਟਰ ਕਥੂਰੀਆ)**-ਕੇਂਦਰ ਸਰਕਾਰ ਵੱਲੋਂ ਆਪਣੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਦੀ 1 ਜਨਵਰੀ ਤੋਂ ਸੁਧਾਈ ਕਰਨ ਲਈ ਪਿਛਲੇ ਦਿਨੀ ਅੱਠਵੇਂ ਕੇਂਦਰੀ ਤਨਖਾਹ ਕਮਿਸ਼ਨ ਦੀ ਸਥਾਪਨਾ ਕਰ ਦਿੱਤੀ ਗਈ ਹੈ ਤੇ ਟਰਮਜ਼ ਆਫ ਰੈਫਰੈਂਸ ਵੀ ਤੈਅ ਕਰ ਦਿੱਤੀਆਂ ਗਈਆਂ ਹਨ।ਦੂਜੇ ਪਾਸੇ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ ਆਪਣੇ ਪੌਣੇ ਚਾਰ ਸਾਲਾਂ ਦੇ ਰਾਜਭਾਗ ਦੌਰਾਨ ਹੁਣ ਤੱਕ ਨਾ ਤਾਂ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ 1 ਜਨਵਰੀ 2016 ਤੋਂ ਲਾਗੂ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਾਰੀਆਂ ਸਿਫਾਰਸ਼ਾਂ ਨੂੰ ਲਾਗੂ ਕਰ ਸਕੀ ਹੈ ਤੇ ਨਾ ਹੀ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਣਦਾ ਸਾਰਾ ਬਕਾਇਆ ਦੇਣ ਵਿੱਚ ਸਫਲ ਸਾਬਤ ਹੋਈ ਹੈ।ਪੰਜਾਬ ਸਰਕਾਰ ਦੀ ਇਸ ਨਾਂਹ ਪੱਖੀ ਪਹੁੰਚ ਦੀ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਵਿੱਚ ਵਿਆਪਕ ਨਿਖੇਧੀ ਹੋ ਰਹੀ ਹੈ ਤੇ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਦਿਨੋ ਦਿਨ ਤਿੱਖਾ ਹੋ ਰਿਹਾ ਹੈ।ਇਸ ਸਬੰਧ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਮੁੱਖ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਸੂਬਾਈ ਆਗੂ ਗੁਰਮੇਲ ਸਿੰਘ ਮੈਲਡੇ ਤੇ ਕੁਲਵੰਤ ਸਿੰਘ ਚਾਨੀ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਪਰਵੀਨ ਕੁਮਾਰ ਲੁਧਿਆਣਾ, ਪਰਮਿੰਦਰ ਪਾਲ ਸਿੰਘ ਕਾਲੀਆ ਤੇ ਟਹਿਲ ਸਿੰਘ ਸਰਾਭਾ, ਦਰਜਾ ਚਾਰ ਮੁਲਾਜ਼ਮਾਂ ਦੇ ਸੂਬਾਈ ਆਗੂ ਜਸਵਿੰਦਰ ਪਾਲ ਉੱਘੀ, ਰਾਜ ਕੁਮਾਰ ਰੰਗਾ ਤੇ ਸੁਰਿੰਦਰ ਸਿੰਘ ਬੈਂਸ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਤੁਰੰਤ ਪੰਜਾਬ ਦੇ ਸੱਤਵੇਂ ਤਨਖਾਹ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਤੇ ਇਸ ਦੀ ਰਿਪੋਰਟ 1 ਜਨਵਰੀ ਤੋਂ ਲਾਗੂ ਕੀਤੀ ਜਾਵੇ।ਇਸ ਤੋਂ ਇਲਾਵਾ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਮੁਲਾਜ਼ਮਾਂ ਨੂੰ ਪੇਂਡੂ ਭੱਤਾ ਅਤੇ ਹੋਰ ਭੱਤੇ ਦੇਣ ਸਬੰਧੀ ਅਤੇ ਪੈਨਸ਼ਨਰਾਂ ਲਈ 2.59 ਦਾ ਗੁਣਾਕ ਦੇਣ ਸਬੰਧੀ ਸਾਰੀਆਂ ਸਿਫਾਰਸ਼ਾਂ ਤੁਰੰਤ ਲਾਗੂ ਕੀਤੀਆਂ ਜਾਣ।

ਫੈਡਰੇਸਨ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਪਾਵਰਕੌਮ ਅਤੇ ਹੋਰ ਵਿਭਾਗਾਂ ਦੀਆਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਵੇਚਣ ਅਤੇ ਪਬਲਿਕ ਸੈਕਟਰ ਨੂੰ ਤਬਾਹ ਕਰਨ ਦੇ ਪੰਜਾਬ ਅਤੇ ਲੋਕ ਵਿਰੋਧੀ ਫੈਸਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਅਜਿਹੇ ਪੰਜਾਬ ਅਤੇ ਲੋਕ ਵਿਰੋਧੀ ਫੈਸਲੇ ਤੁਰੰਤ ਵਾਪਸ ਲਏ ਜਾਣ।

# ਮੁੱਖ ਮੰਤਰੀ ਨੇ ਆਰ ਟੀ ਓ ਦਫਤਰਾਂ ਸੰਬੰਧੀ ਕੰਮਕਾਜ ਸੇਵਾ ਕੇਂਦਰ ਰਾਹੀਂ ਕਰਕੇ ਸ਼ਲਾਘਾਯੋਗ ਫੈਸਲਾ ਲਿਆ : ਬਲਖੰਡੀ



**ਕੋਟ ਈਸੇ ਖਾਂ (ਅਰੋੜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ 'ਚ ਜੋ ਆਰ.ਟੀ.ਓ. ਦਫਤਰਾਂ ਦਾ ਜੋ ਕੰਮਕਾਰ ਸੇਵਾ ਕੇਂਦਰ ਅਤੇ ਆਨਲਾਈਨ ਰਾਹੀਂ ਕਰਨ ਦਾ ਫੈਸਲਾ ਲਿਆ ਗਿਆ ਹੈ, ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ ਅਤੇ ਇਸ ਨਾਲ ਲੋਕਾਂ ਨੂੰ ਅਨੇਕਾਂ ਮੁਸ਼ਕਿਲਾਂ ਤੋਂ ਨਿਯਾਤ ਮਿਲੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਬਲਦੇਵ ਸਿੰਘ ਬਲਖੰਡੀ ਨੇ ਕੀਤਾ।ਬਲਖੰਡੀ ਨੇ ਕਿਹਾ ਕਿ ਲੋਕਾਂ ਨੂੰ ਆਰ.ਟੀ.ਓ. ਦਫਤਰਾਂ ਵਿੱਚ ਆਪਣੇ ਕੰਮ-ਕਾਜ ਕਰਾਉਣ ਸਬੰਧੀ ਅਨੇਕਾ ਮੁਸ਼ਕਲਾਂ ਆਉਂਦੀਆਂ ਸਨ ਤੇ ਲੋਕਾਂ ਨੂੰ ਆਪਣੇ ਕੰਮ ਕਰਾਉਣ ਲਈ ਏਜੰਟਾਂ ਨੂੰ ਲੱਭਣਾ ਪੈਂਦਾ ਸੀ ਜਾਂ ਲੰਮੀਆਂ ਲੰਮੀਆਂ ਕਤਾਰਾਂ ਵਿੱਚ ਲੱਗ ਕੇ ਉਡੀਕ ਕਰਨੀ ਪੈਂਦੀ ਸੀ, ਪਰ ਹੁਣ ਜੋ ਉਨ੍ਹਾਂ ਨੇ ਇਹ ਸਾਰਾ ਕੰਮ ਸੇਵਾ ਕੇਂਦਰ ਰਾਹੀਂ ਕਰਾਉਣ ਦਾ ਐਲਾਨ ਕੀਤਾ ਹੈ। ਇਸ ਨਾਲ ਲੋਕਾਂ ਨੂੰ ਖੱਜਲ ਖੁਆਰੀ ਹੋਣੋਂ ਬਚੇਗੀ ਤੇ ਲੋਕਾਂ ਦੇ ਕੰਮ ਹੋਰਨਾਂ ਸੇਵਾਵਾਂ ਵਾਂਗ ਆਨਲਾਈਨ ਢੰਗ ਨਾਲ ਹੋਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਜੋ 1076 ਨੰਬਰ ਵੀ ਜਾਰੀ ਕੀਤਾ ਗਿਆ ਹੈ, ਜਿਸ ਰਾਹੀਂ ਲੋਕ ਘਰ ਬੈਠੇ ਡਰਾਈਵਿੰਗ ਲਾਇਸੰਸ, ਆਰ.ਸੀ. ਹੋਰ ਸਬੰਧਤ ਸੇਵਾਵਾਂ ਦਾ ਲਾਭ ਲੈ ਸਕਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਜੋ ਵੀ ਫੈਸਲੇ ਲਏ ਜਾ ਰਹੇ ਹਨ, ਉਹ ਲੋਕਾਂ ਦੇ ਹਿੱਤਾਂ ਲਈ ਹੀ ਲਏ ਜਾ ਰਹੇ ਹਨ ਤਾਂ ਜੁ ਲੋਕਾਂ ਨੂੰ ਦਫਤਰਾਂ ਵਿੱਚ ਖੱਜਲ ਖੁਆਰ ਨਾ ਹੋਣਾ ਪਵੇ।ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਮਾਨ ਸਾਹਿਬ ਵੱਲੋਂ ਇਤਿਹਾਸਕ ਫੈਸਲੇ ਹੀ ਲਏ ਗਏ ਹਨ।

# ਅਨਸਟੋਬਲ ਮਾਰਸ਼ਲ ਅਕੈਡਮੀ ਨੇ ਸਕੂਲ ਖੇਡਾਂ 'ਚ ਤਮਗੇ ਜਿੱਤੇ : ਭਾਵਨਾ ਬਾਂਸਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੀ ਅਨਸਟੋਬਲ ਮਾਰਸ਼ਲ ਅਕੈਡਮੀ ਦੇ ਖਿਡਾਰੀਆਂ ਨੇ ਕੱਲ੍ਹ ਜਲੰਧਰ ਵਿੱਚ 69ਵੀਆਂ ਪੰਜਾਬ ਸਕੂਲ ਖੇਡਾਂ ਵਿੱਚ ਸੋਨੇ ਤੇ ਕਾਂਸੀ ਦੇ ਤਗਮੇ ਜਿੱਤ ਕੇ ਮੋਗਾ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਹ ਜਾਣਕਾਰੀ ਸਾਂਝੀ ਕਰਦਿਆਂ ਅਨਸਟੋਬਲ ਮਾਰਸ਼ਲ ਅਕੈਡਮੀ ਦੀ ਮੁਖੀ ਤੇ ਇੱਕ ਉੱਘੀ ਸਮਾਜ ਸੇਵੀ ਭਾਵਨਾ ਬਾਂਸਲ ਨੇ ਕਿਹਾ ਕਿ 69ਵੀਆਂ ਪੰਜਾਬ ਸਕੂਲ ਖੇਡਾਂ, ਜਲੰਧਰ ਵਿੱਚ ਅੰਡਰ-14 ਕੁੜੀਆਂ ਦੇ ਵਰਗ ਵਿੱਚ ਅਨੁਕ੍ਰਿਤੀ ਨੇ 38 ਕਿਲੋਗ੍ਰਾਮ ਵਰਗ ਵਿੱਚ ਸੋਨੇ ਦਾ ਤਗਮਾ ਜਿੱਤਿਆ, ਜਦੋਂ ਕਿ ਕਮਲਪ੍ਰੀਤ ਕੌਰ ਨੇ 25 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਇਸੇ ਤਰ੍ਹਾਂ, ਰੌਨੀ ਨੇ 32 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਇਸੇ ਤਰ੍ਹਾਂ ਕੁੜੀਆਂ ਦੇ ਅੰਡਰ-17 ਵਰਗ ਵਿੱਚ, ਸ਼ਿਵਾਨੀ ਨੇ 35 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ, ਜਦੋਂ ਕਿ ਮੁੰਡਿਆਂ ਦੇ ਅੰਡਰ-19 ਵਰਗ ਵਿੱਚ, ਸਮਰ ਛਾਬੜਾ ਨੇ ਅੰਡਰ-63 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ, ਅਤੇ ਹਰਸ਼ ਨੇ 51 ਕਿਲੋਗ੍ਰਾਮ ਵਰਗ ਵਿੱਚ ਸੋਨ ਤਗਮਾ ਜਿੱਤਿਆ, ਜਿਸ ਨਾਲ ਮੋਗਾ ਜ਼ਿਲ੍ਹੇ ਦਾ ਨਾਮ ਰੌਸ਼ਨ ਹੋਇਆ। ਅੱਜ ਮੋਗਾ ਪਹੁੰਚਣ 'ਤੇ, ਖਿਡਾਰੀਆਂ ਦਾ ਅਕੈਡਮੀ ਮੁਖੀ ਭਾਵਨਾ ਬਾਂਸਲ ਅਤੇ ਕੋਚ ਪ੍ਰਿਆ ਨੇ ਸਵਾਗਤ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਤੇ ਤੋਹਫ਼ੇ ਦੇ ਕੇ ਉਤਸ਼ਾਹਤ ਕੀਤਾ।ਇਸ ਮੌਕੇ ਭਾਵਨਾ ਬਾਂਸਲ ਨੇ ਕਿਹਾ ਕਿ ਅਕੈਡਮੀ ਦੀ ਕੋਚ ਪ੍ਰਿਆ ਰਾਣੀ ਖਿਡਾਰੀਆਂ ਨੂੰ ਸ਼ਾਨਦਾਰ ਮਾਰਸ਼ਲ ਆਰਟਸ ਸਿਖਲਾਈ ਪ੍ਰਦਾਨ ਕਰਦੀ ਹੈ। ਨਤੀਜੇ ਵਜੋਂ, ਅਕੈਡਮੀ ਦੇ ਖਿਡਾਰੀ ਪਹਿਲਾਂ ਹੀ ਕਈ ਮਾਰਸ਼ਲ ਆਰਟਸ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਸਾਬਤ ਕਰ ਚੁੱਕੇ ਹਨ, ਸੋਨਾ, ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤ ਕੇ ਮੋਗਾ ਜ਼ਿਲ੍ਹੇ ਤੇ ਅਕੈਡਮੀ ਦਾ ਨਾਮ ਰੌਸ਼ਨ ਕਰ ਚੁੱਕੇ ਹਨ।

# ਖੇਤੀਬਾੜੀ ਵਿਕਾਸ ਅ.ਫ਼ਸਰਾਂ ਵੱਲੋਂ ਮੰਗਾਂ ਮਨਵਾਉਣ ਲਈ ਤਿੱਖੇ ਸੰਘਰਸ਼ ਦੀ ਚੇਤਾਵਨੀ



**ਫ਼ਰੀਦਕੋਟ (ਗੁਰਪ੍ਰੀਤ ਬੇਦੀ, ਡਿਸੂਜਾ)**

ਪਲਾਂਟ ਡਾਕਟਰਜ਼ ਸਰਵਿਸਜ਼ ਐਸੋਸੀਏਸ਼ਨ ਦੇ ਸੱਦੇ 'ਤੇ ਸਮੂਹ ਜ਼ਿਲ੍ਹਿਆਂ 'ਚ ਮੁੱਖ ਖੇਤੀਬਾੜੀ ਅ.ਫ਼ਸਰਾਂ ਰਾਹੀ ਪੰਜਾਬ ਸਰਕਾਰ ਨੂੰ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਸੰਬੰਧੀ ਮੈਮੋਰੰਡਮ ਦਿੱਤੇ ਗਏ।ਇਸ ਦੌਰਾਨ ਪੀ ਡੀ ਐਸ ਏ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਡਾ. ਨਵਿੰਦਰਪਾਲ ਸਿੰਘ ਤੇ ਸਮੂਹ ਜ਼ਿਲ੍ਹੇ ਦੇ ਖੇਤੀਬਾੜੀ ਵਿਕਾਸ ਅਫਸਰਾਂ ਵੱਲੋਂ ਮੁੱਖ ਖੇਤੀਬਾੜੀ ਅ.ਫ਼ਸਰ ਡਾ. ਕੁਲਵੰਤ ਸਿੰਘ ਤੇ ਜ਼ਿਲ੍ਹਾ ਸਿਖਲਾਈ ਅਫਸਰ ਡਾ. ਅਵੀਨਿੰਦਰਪਾਲ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ। ਪ੍ਰਧਾਨ ਨੇ ਕਿਹਾ ਕਿ ਕਿਸੇ ਵੀ ਮੁਲਾਜ਼ਮ ਦੀ ਸਮੇਂ ਸਿਰ ਪਦਉੱਨਤੀ ਹੋਣ ਨਾਲ ਉਸ ਦਾ ਮਨੋਬਲ ਉੱਚਾ ਹੁੰਦਾ ਹੈ ਤੇ ਉਹ ਹੋਰ ਤਨਦੇਹੀ ਨਾਲ ਲੋਕ ਹਿੱਤ ਵਿੱਚ ਕੰਮ ਕਰਦਾ ਹੈ, ਪ੍ਰੰਤੂ ਵਿਭਾਗ ਵਿੱਚ ਯੋਗ ਉਮੀਦਵਾਰ ਖੇਤੀਬਾੜੀ ਵਿਕਾਸ ਅ.ਫ਼ਸਰ ਤੋਂ ਖੇਤੀਬਾੜੀ ਅ.ਫ਼ਸਰ ਦੀ ਪਦਉੱਨਤੀ ਲਈ ਲੋੜੀਂਦੇ 6 ਸਾਲ ਦੇ ਉਲਟ 13 ਸਾਲ ਦਾ ਸਮਾਂ ਬੀਤਣ ਤੋਂ ਬਾਅਦ ਵੀ ਪਦਉੱਨਤੀ ਲਈ ਉਡੀਕ ਕਰ ਰਹੇ ਹਨ।ਪੰਜਾਬ ਸਰਕਾਰ ਦੀਆਂ ਸਖਤ ਹਦਾਇਤਾਂ ਹਨ ਕਿ ਹਰ ਸਾਲ ਪਦਉੱਨਤੀ ਲਈ ਨਾਂਅ ਵਿਚਾਰੇ ਜਾਣ, ਪਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ 'ਚ ਪਦਉਨਤੀ ਲਈ ਪਿਛਲੇ ਦੋ ਸਾਲ ਤੋਂ ਟਾਲਾ ਵੱਟਿਆ ਜਾ ਰਿਹਾ ਹੈ।ਵੱਖ-ਵੱਖ ਜ਼ਿਲ੍ਹਿਆਂ 'ਚ ਖੇਤੀਬਾੜੀ ਅ.ਫ਼ਸਰਾਂ ਦੀਆਂ 93 ਅਸਾਮੀਆਂ ਖਾਲੀ ਹਨ ਤੇ ਵਿਭਾਗ ਵਿੱਚ ਵੱਖ-ਵੱਖ ਆਸਾਮੀਆਂ ਲਈ ਸਾਰੇ ਕੇਡਰਾਂ ਦੀਆਂ ਤਰੱਕੀਆਂ ਹੋ ਚੁਕੀਆ ਹਨ, ਪਰ ਕੇਵਲ ਖੇਤੀਬਾੜੀ ਵਿਕਾਸ ਅ.ਫ਼ਸਰਾਂ ਨੂੰ ਤਰੱਕੀ ਤੋਂ ਵਾਂਝੇ ਰੱਖਣਾ ਸਰਾਸਰ ਨਾ-ਇਨਸਾਫ਼ੀ ਹੈ, ਜੋ ਕਿ ਬਰਦਾਸ਼ਤ ਤੋਂ ਬਾਹਰ ਹੈ।ਇਸ ਤੋਂ ਇਲਾਵਾ ਬਾਗਬਾਨੀ ਵਿਭਾਗ 'ਚ ਬਾਗਬਾਨੀ ਵਿਕਾਸ ਅ.ਫ਼ਸਰਾਂ ਦੀ ਲੰਮੇ ਸਮੇਂ ਤੋਂ ਤਰੱਕੀ ਨਹੀਂ ਹੋਈ ਹੈ ਤੇ ਕਈ ਅਧਿਕਾਰੀ 25 ਸਾਲ ਤੋਂ ਤਰੱਕੀ ਦੀ ਉਡੀਕ ਲਾਈ ਬੈਠੇ ਹਨ।ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਵਿਭਾਗ ਵਿਚ ਕੰਮ ਕਰਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਪੇਪੈਰਿਟੀ, ਜੋ ਵੈਟਨਰੀ ਅ.ਫ਼ਸਰਾਂ ਦੇ ਬਰਾਬਰ ਹੁਣ ਤੱਕ ਚੱਲਦੀ ਆ ਰਹੀ ਹੈ, ਪ੍ਰੰਤੂ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਉੱਚ ਅਧਿਕਾਰੀਆ ਵੱਲੋਂ ਜਾਣ-ਬੁੱਝ ਕੇ ਤਨਖਾਹ ਸਕੇਲ ਘਟਾਏ ਜਾਂ ਰਹੇ ਹਨ, ਜਿਸ ਕਾਰਨ ਸਾਨੂੰ ਮਜਬੂਰਨ ਸਰਕਾਰ ਖਿਲਾਫ ਸੰਘਰਸ਼ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਸਰਕਾਰ ਸਾਡੀਆਂ ਉਪਰੋਕਤ ਮੰਗਾਂ ਵੱਲ ਧਿਆਨ ਦੇਵੇ, ਨਹੀਂ ਤਾਂ ਅਸੀ ਸਰਕਾਰ ਖਿਲਾਫ ਤਿੱਖਾ ਸੰਘਰਸ਼ ਕਰਾਂਗੇ ।

# ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ਦਾ ਗਠਨ



**ਕੋਟਕਪੂਰਾ (ਰਛਪਾਲ ਭੁੱਲਰ)**-ਬਠਿੰਡਾ ਰੋਡ 'ਤੇ ਸਥਿਤ ਪੁੱਡਾ ਅਪਰੂਵਡ ਕਾਲੋਨੀ ਅਰਵਿੰਦ ਨਗਰ ਦੇ ਵਸਨੀਕਾਂ ਦੀ ਇੱਕ ਮੀਟਿੰਗ ਨਾਜ਼ਰ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਪਹਿਲਾਂ ਤੋਂ ਕੰਮ ਕਰ ਰਹੀ ਸੁਸਾਇਟੀ ਦੇ ਕੁੱਝ ਆਹੁਦੇਦਾਰਾਂ ਨਾਲ ਕਈ ਵਸਨੀਕਾਂ ਦੇ ਮਤਭੇਦ ਹੋਣ ਕਰਕੇ ਮੀਟਿੰਗ ਵਿੱਚ ਹਾਜ਼ਰ ਵਸਨੀਕਾਂ ਵੱਲੋਂ ਸਰਬਸੰਮਤੀ ਨਾਲ ਅਰਵਿੰਦ ਨਗਰ ਵਿਕਾਸ ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗਾਂ ਦੌਰਾਨ ਸਰਬਸੰਮਤੀ ਨਾਲ ਹੇਠ ਲਿਖੇ ਆਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਅਨੁਸਾਰ ਨਾਜ਼ਰ ਸਿੰਘ ਸਿੱਧੂ ਮੁੱਖ ਸਰਪ੍ਰਸਤ, ਦਰਸ਼ਨ ਸਿੰਘ ਆਹੂਜਾ ਮੁੱਖ ਸਲਾਹਕਾਰ, ਓਮ ਪ੍ਰਕਾਸ਼ ਗੋਇਲ ਚੇਅਰਮੈਨ, ਸੰਤੋਖ ਸਿੰਘ ਚਾਨਾ ਪ੍ਰਧਾਨ, ਅਜਮੇਰ ਸਿੰਘ ਬਰਾੜ ਸੀਨੀਅਰ ਮੀਤ ਪ੍ਰਧਾਨ, ਰਾਜਿੰਦਰ ਥਾਪਰ ਮੀਤ ਪ੍ਰਧਾਨ, ਪ੍ਰੇਮ ਚਾਵਲਾ ਜਨਰਲ ਸਕੱਤਰ, ਮਨਦੀਪ ਸਿੰਘ ਸਰਾਂ ਵਿੱਤ ਸਕੱਤਰ, ਸੁਖਰਾਜ ਸਿੰਘ ਚਾਨਾ ਜੁਆਇੰਟ ਸਕੱਤਰ, ਹਰਵਿੰਦਰ ਸਿੰਘ ਵੈਂਸੀ ਪ੍ਰੈਸ ਸਕੱਤਰ, ਮਾਸਟਰ ਲਖਵਿੰਦਰ ਸਿੰਘ ਆਰਗੇਨਾਇਜ਼ਰ ਸਕੱਤਰ, ਨਵਦੀਪ ਸਿੰਘ ਚਾਨਾ ਤਕਨੀਕੀ ਸਲਾਹਕਾਰ, ਲਖਵਿੰਦਰ ਅਰੋੜਾ, ਅਸ਼ੋਕ ਦਾਬੜਾ ਤੇ ਰਜਿੰਦਰ ਸਿੰਘ ਬਰਾੜ ਕਾਰਜਕਾਰਨੀ ਕਮੇਟੀ ਦੇ ਮੈਂਬਰ ਚੁਣੇ ਗਏ।ਵਿਕਾਸ ਕਮੇਟੀ ਦੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਅੱਗੇ ਦੱਸਿਆ ਕਿ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ਨੂੰ ਰਜਿਸਟਰਡ ਕਰਾਉਣ ਦਾ ਫੈਸਲਾ ਕੀਤਾ ਗਿਆ ਤੇ ਸਾਰੀ ਪ੍ਰਕਿਰਿਆ ਮੁਕੰਮਲ ਕਰਨ ਵਾਸਤੇ ਓਮ ਪ੍ਰਕਾਸ਼ ਗੋਇਲ ਚੇਅਰਮੈਨ ਦੀ ਡਿਊਟੀ ਲਾਈ ਗਈ।ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਦੌਰਾਨ ਕਾਰਜਕਾਰਨੀ ਕਮੇਟੀ 'ਚ ਵਾਧਾ ਕਰਨ ਤੇ ਕਾਰਜਕਾਰਨੀ ਕਮੇਟੀ ਦੀਆਂ ਹੋਣ ਵਾਲੀਆਂ ਮੀਟਿੰਗ 'ਚ ਲੋੜ ਪੈਣ 'ਤੇ ਸਪੈਸ਼ਲ ਇਨਵਾਇਟੀ ਬੁਲਾਉਣ ਲਈ ਸਮੁੱਚੀ ਕਾਰਜਕਾਰਨੀ ਕਮੇਟੀ ਨੂੰ ਅਧਿਕਾਰਤ ਕੀਤਾ ਗਿਆ।

# ਸਨਾਤਨ ਧਰਮ ਸਭਾ ਦੇ ਖਾਤਿਆਂ ਤੇ ਪ੍ਰਬੰਧਾਂ ਦੀ ਕਰਾਈ ਜਾਵੇ ਜਾਂਚ : ਹੰਸ ਰਾਜ ਬਜਾਜ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਸ੍ਰੀ ਸਨਾਤਨ ਧਰਮ ਸਭਾ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਹੰਸ ਰਾਜ ਬਜਾਜ ਨੇ ਸਭਾ ਦੀ ਪ੍ਰਬੰਧਕ ਕਮੇਟੀ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਸਭਾ ਦੇ ਖਾਤਿਆਂ, ਪ੍ਰਾਪਰਟੀਆਂ ਤੇ ਪ੍ਰਬੰਧਾਂ ਦੀ ਜਾਂਚ ਕਰਾਉਣ ਦੀ ਲੋੜ ਹੈ।ਉਨ੍ਹਾਂ ਦੱਸਿਆ ਕਿ ਸ੍ਰੀ ਸਨਾਤਨ ਧਰਮ ਸਭਾ ਸ਼ਹਿਰ ਵਿੱਚ ਸਕੂਲ, ਹਸਪਤਾਲ, ਮੰਦਰ ਤੇ ਹੋਰ ਧਾਰਮਿਕ ਤੇ ਸਮਾਜਿਕ ਅਦਾਰੇ ਚਲਾ ਰਹੀ ਹੈ, ਪਰ ਇਸ ਸਭਾ ਦੇ ਆਰਥਿਕ ਮਾਮਲੇ ਕਥਿਤ ਤੌਰ 'ਤੇ ਪੂਰੀ ਤਰ੍ਹਾਂ ਪਾਰਦਰਸ਼ੀ ਨਹੀਂ ਹਨ।ਉਨ੍ਹਾਂ ਅਨੁਸਾਰ ਸਭਾ ਦੀਆਂ ਜਾਇਦਾਦਾਂ ਤੇ ਆਮਦਨੀ ਦਾ ਹਿਸਾਬ-ਕਿਤਾਬ ਸਪੱਸ਼ਟ ਨਹੀਂ ਕੀਤਾ ਜਾ ਰਿਹਾ ਤੇ ਕਈ ਜਗ੍ਹਾ 'ਤੇ ਪ੍ਰੋਪਰਟੀਆਂ ਨੂੰ ਨਿੱਜੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ।ਬਜਾਜ ਨੇ ਦੋਸ਼ ਲਾਇਆ ਕਿ ਸਭਾ ਅੰਦਰ ਇਕ ਵਿਅਕਤੀ ਵਿਸ਼ੇਸ਼ ਵੱਲੋਂ ਅਸਰ ਰਸੂਖ ਨਾਲ ਆਪਣੇ ਹਿੱਤਾਂ ਲਈ ਸਭਾ ਦੇ ਸਾਧਨਾਂ ਦਾ ਗਲਤ ਲਾਭ ਲਿਆ ਹੈ।ਉਸ ਵਿਅਕਤੀ ਨੂੰ ਹਸਪਤਾਲ ਅੰਦਰ ਵਿਸ਼ੇਸ਼ ਦੁਕਾਨਾਂ ਦਾ ਅਧਿਕਾਰ ਦਿੱਤਾ ਗਿਆ ਹੈ, ਮੰਦਰ ਅੰਦਰ ਭੋਗ ਸਬੰਧੀ ਵਿਵਸਥਾ 'ਤੇ ਵੀ ਉਸਦੀ ਮਨੋਪਲੀ ਹੈ ਤੇ ਸਕੂਲਾਂ ਵਿੱਚ ਵੀ ਉਸਦੀ ਵਿਸ਼ੇਸ਼ ਭਾਗੀਦਾਰੀ ਹੈ।

ਇਸ ਨਾਲ ਨਾ ਸਿਰਫ ਪਾਰਦਰਸ਼ਤਾ ਤੇ ਅਸਰ ਪਿਆ ਹੈ, ਸਗੋਂ ਹੋਰ ਮੈਂਬਰਾਂ ਵਿਚ ਵੀ ਬੇਵਿਸ਼ਵਾਸੀ ਪਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਬਾਗੜੀਆਂ ਰੋਡ 'ਤੇ ਸਥਿਤ ਸਭਾ ਦੀ ਬਹੁਮੁੱਲੀ ਜਾਇਦਾਦ ਨੂੰ ਵੀ ਕਥਿਤ ਤੌਰ 'ਤੇ ਕੌਡੀਆਂ ਦੇ ਭਾਅ 'ਤੇ ਖੁਰਦ-ਬੁਰਦ ਕਰਨ ਦੀ ਸਾਜ਼ਿਸ਼ ਕੀਤੀ ਗਈ ਹੈ।ਉਨ੍ਹਾਂ ਇਸ ਨੂੰ ਸਭਾ ਦੇ ਆਦਰਸ਼ਾਂ ਤੇ ਲੋਕ ਹਿੱਤ ਦੇ ਖਿਲਾਫ ਦੱਸਦਿਆਂ ਕਿਹਾ ਕਿ ਜੇਕਰ ਇਹ ਮਾਮਲੇ ਦੀ ਸਮੁੱਚੀ ਜਾਂਚ ਨਾ ਹੋਈ ਤਾਂ ਧਰਮਿਕ ਤੇ ਸਮਾਜਿਕ ਸੰਸਥਾ 'ਤੇ ਲੋਕਾਂ ਦਾ ਭਰੋਸਾ ਉੱਠ ਸਕਦਾ ਹੈ।ਬਜਾਜ ਨੇ ਕਿਹਾ ਕਿ ਜਿਹੜੇ ਮੈਂਬਰ ਸਭਾ ਵਿੱਚ ਰਿਕਾਰਡ ਦੀ ਜਾਂਚ ਦੀ ਮੰਗ ਕਰਦੇ ਹਨ। ਉਨ੍ਹਾਂ ਨੂੰ ਕਮੇਟੀ 'ਚੋਂ ਬਿਨਾਂ ਕਾਰਨ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ।ਉਨ੍ਹਾਂ ਮੰਗ ਕੀਤੀ ਕਿ ਮੌਜੂਦਾ ਸਭਾ ਨੂੰ ਭੰਗ ਕਰਕੇ ਸਭਾ ਦੇ ਖਾਤਿਆਂ ਅਤੇ ਪ੍ਰਬੰਧਾਂ ਦੀ ਵਿਸ਼ੇਸ ਜਾਂਚ ਕਰਾਈ ਜਾਵੇ ਤਾਂ ਜੁ ਸਭਾ ਦੀ ਸਾਖ ਤੇ ਲੋਕ ਭਰੋਸਾ ਮੁੜ ਬਹਾਲ ਹੋ ਸਕੇ।ਸ੍ਰੀ ਸਨਾਤਨ ਧਰਮ ਸਭਾ (ਰਜਿ:) ਦੇ ਪ੍ਰਧਾਨ ਦਵਿੰਦਰ ਕੁਮਾਰ ਬਿੰਦਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੋਸ਼ਾਂ ਨੂੰ ਮੁੱਢੋਂ ਹੀ ਨਕਾਰਦਿਆਂ ਕਿਹਾ ਕਿ ਸਭਾ ਦਾ ਰਿਕਾਰਡ ਤੇ ਹਿਸਾਬ ਕਿਤਾਬ ਚਿੱਟੀ ਚਾਦਰ ਵਾਂਗ ਸਾਫ਼ ਹੈ ਤੇ ਸਭਾ ਦੇ ਕਿਸੇ ਵੀ ਕੰਮਕਾਰ ਵਿੱਚ ਰੱਤੀ ਭਰ ਵੀ ਊਣਤਾਈ ਨਹੀਂ ਹੈ।ਉਨ੍ਹਾਂ ਕਿਹਾ ਕਿ ਇਹ ਸਭਾ ਇੱਕ ਰਜਿਸਟਰਡ ਬਾਡੀ ਹੈ, ਜੋ ਆਪਣਾ ਸਲਾਨਾ ਇੰਨਕਮ ਟੈਕਸ ਰਿਟਰਨ ਭਰਦੀ ਹੈ ਤੇ ਸਭਾ ਦੀ ਆਮਦਨ ਅਤੇ ਖਰਚਿਆ ਦਾ ਸਲਾਨਾ ਆਡਿਟ ਕਰਵਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸਭਾ ਦੀ ਕਿਸੇ ਵੀ ਪ੍ਰਾਪਰਟੀ ਨੂੰ ਅੱਜ ਤੱਕ ਵੇਚਿਆ ਨਹੀਂ ਗਿਆ ਤੇ ਨਾ ਹੀ ਸਭਾ ਵੇਚ ਸਕਦੀ ਹੈ।ਭੋਗ ਦੀ ਦੁਕਾਨ ਸਬੰਧੀ ਉਨ੍ਹਾਂ ਕਿਹਾ ਕਿ ਸਬੰਧਤ ਵਿਅਕਤੀ ਵੱਲੋਂ ਹਰ ਸਾਲ ਸਭਾ ਪਾਸ ਕਿਰਾਇਆ ਜਮਾਂ ਕਰਾਇਆ ਜਾਂਦਾ ਹੈ।ਸਭਾ ਵੱਲੋਂ ਹਸਪਤਾਲ, ਸਕੂਲ, ਦੋ ਮੰਦਰ ਤੇ ਆਸ਼ਰਮ ਚਲਾਇਆ ਜਾ ਰਿਹਾ ਹੈ।ਸਭਾ ਲਗਾਤਾਰ ਲੋਕ ਹਿਤੈਸ਼ੀ ਕਾਰਜ ਕਰਦੀ ਆ ਰਹੀ ਹੈ।ਉਨ੍ਹਾਂ ਕਿਹਾ ਕਿ ਜਦੋਂ ਦਾ ਮੈਂ ਸਭਾ ਦਾ ਪ੍ਰਧਾਨ ਬਣਿਆ ਹਾਂ, ਉਦੋਂ ਤੋਂ ਸਭਾ ਦੇ ਅਦਾਰਿਆਂ, ਮੰਦਿਰਾਂ ਤੇ ਆਸ਼ਰਮਾਂ ਦਾ ਨਵੀਨੀਕਰਨ ਕੀਤਾ ਗਿਆ ਹੈ, ਜੋ ਹੋਇਆ ਇਹ ਨਵੀਨੀਕਰਨ ਆਪ ਖ਼ੁਦ ਮੂੰਹੋ ਬੋਲਦਾ ਹੈ।

1-Nov Page 11-Majha--25.qxd 10/31/2025 10:23 PM Page 1



# ਸ਼ੂਗਰ ਮਿਲ ਸ਼ੈੱਡ ਸਮੇਤ ਹੋਰ ਸਰਕਾਰੀ ਜਾਇਦਾਦਾਂ ਵੇਚਣ ਵਿਰੁੱਧ ਕਿਸਾਨਾਂ ਵੱਲੋਂ ਰੋਸ ਮਾਰਚ

ਤਰਨ ਤਾਰਨ: (ਰਣਜੀਤ ਸਿੰਘ ਵਲਟੋਹਾ)- ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਸਥਾਨਕ ਗਾਂਧੀ ਪਾਰਕ ਵਿਖੇ ਵਿਸ਼ਾਲ ਰੋਸ ਰੈਲੀ ਕਰਕੇ ਤਰਨ ਤਾਰਨ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ। ਰੈਲੀ ਦੀ ਪ੍ਰਧਾਨਗੀ ਦਲਜੀਤ ਸਿੰਘ ਦਿਆਲਪੁਰ, ਸਾਹਿਬ ਸਿੰਘ ਸੈਦੋ, ਦਲਵਿੰਦਰ ਸਿੰਘ ਨੁਸ਼ਹਿਰਾ ਪੰਨੂਆਂ, ਸੁਖਦੇਵ ਸਤਵੰਤ ਸਿੰਘ ਮੁਗਲਚੱਕ, ਤਰਸੇਮ ਸਿੰਘ ਲੁਹਾਰ, ਅਵਤਾਰ ਸਿੰਘ ਪਲਾਸੌਰ, ਦਿਲਬਾਗ ਸਿੰਘ ਲੱਖੋਵਾਲ, ਆਦਿ ਆਗੂਆਂ ਨੇ ਕੀਤੀ। ਰੋਸ ਰੈਲੀ ਵਿੱਚ ਜਮਹੂਰੀ ਕਿਸਾਨ ਸਭਾ ,ਕਿਰਤੀ ਕਿਸਾਨ ਯੂਨੀਅਨ ,ਕ੍ਰਾਂਤੀ ਕਿਸਾਨ ਯੂਨੀਅਨ,ਕੁਲ ਹਿੰਦ ਕਿਸਾਨ ਸਭਾ ,ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਟਾਂਡਾ , ਪੰਜਾਬ ਕਿਸਾਨ ਯੂਨੀਅਨ, ਬੀ ਕੇ ਯੂ ਲੱਖੋਵਾਲ ਆਦਿ ਯੂਨੀਅਨਾਂ ਨੇ ਭਾਗ ਲਿਆ ।ਇਸ ਮੌਕੇ ਬੋਲਦੇ ਹੋਏ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਸਰਕਾਰੀ ਜਾਇਦਾਦਾਂ ਵੇਚਣ ਦੀ ਨੀਤੀ ਦੀ ਨਿੰਦਾ ਕੀਤੀ ਅਤੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਸਰਕਾਰੀ ਜਾਇਦਾਦਾਂ ਅਤੇ ਸਰਕਾਰੀ ਸ਼ੂਗਰ ਮਿੱਲ ਸ਼ੈੱਡ ਨੂੰ ਵੇਚਣ ਦੀ ਤਜਵੀਜ ਵਾਪਸ ਲਵੇ ਅਤੇ ਇਹ ਸਹਿਕਾਰੀ ਮਿੱਲ ਖੰਡ ਮਿਲ ਮੁੜ ਤੋਂ ਚਾਲੂ ਕੀਤੀ ਜਾਵੇ । ਇਸ ਰੈਲੀ ਵਿੱਚ ਹਾਜ਼ਰ ਕਿਸਾਨਾਂ ਵੱਲੋਂ ਕੇਂਦਰੀ ਸਰਕਾਰ ਵੱਲੋਂ ਬਿਜਲੀ ਬਿੱਲ 2025 ਨੂੰ ਵਾਪਸ ਲੈਣ ਅਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਨਿਗਮ ਦੀਆਂ ਕੀਮਤੀ ਜਾਇਦਾਦਾਂ ਵੇਚਣ ਵਿਰੁੱਧ ਦੋ ਮਤੇ ਪਾਸ ਕੀਤੇ। ਰੈਲੀ ਤੋਂ ਬਾਅਦ ਕਿਸਾਨਾਂ ਵੱਲੋਂ ਸ਼ਹਿਰ ਵਿੱਚ ਜਬਰਦਸਤ ਰੋਸ ਮਾਰਚ ਕੱਢਿਆ ਗਿਆ ਅਤੇ ਪੰਜਾਬ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦੀ ਡਟ ਕੇ ਵਿਰੋਧਤਾ ਕੀਤੀ । ਚਾਰ ਨਵੰਬਰ 2025 ਨੂੰ ਡਿਪਟੀ ਕਮਿਸ਼ਨਰ ਤਰਨ ਤਾਰਨ ਦਫਤਰ ਵਿਖੇ ਕਿਸਾਨਾਂ ਵੱਲੋਂ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਅਨੁਸਾਰ ਡਿਪਟੀ ਕਮਿਸ਼ਨਰ ਨੂੰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਨਾਂ ਬਿਜਲੀ ਬਿੱਲ 2025 ਰੱਦ ਕਰਨ ਅਤੇ ਪੰਜਾਬ ਸਰਕਾਰ ਦਾ ਜਾਇਦਾਦਾਂ ਵੇਚਣ ਦਾ ਪ੍ਰਸਤਾਵ ਵਾਪਸ ਲੈਣ ਸਬੰਧੀ ਮੰਗ ਪੱਤਰ ਦਿੱਤੇ ਜਾਣਗੇ ਤੇ ਉਥੇ ਹੀ ਤਰਨ ਤਾਰਨ ਜਿਮਨੀ ਚੋਣ ਹਲਕੇ ਦੇ ਪਿੰਡਾਂ ਵਾਸਤੇ ਮੋਟਰਸਾਈਕਲ ਮਾਰਚ ਕੱਢਿਆ ਜਾਏਗਾ। ਇਹ ਮੋਟਰਸਾਈਕਲ ਮਾਰਚ 4,6 ,8 ਤੇ 10 ਨਵੰਬਰ ਨੂੰ ਲਗਾਤਾਰ ਹਲਕੇ ਦੇ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰੇਗਾ। ਰੈਲੀ ਵਿੱਚ ਮਨਜੀਤ ਸਿੰਘ ਬੱਗੂ , ਭੁਪਿੰਦਰ ਸਿੰਘ ਪੰਡੋਰੀ ਤਖਤ ਮਲ, ਹਰਜੀਤ ਸਿੰਘ ਚੀਤਾ ਸੀਨੀਅਰ ਮੀਤ ਪ੍ਰਧਾਨ, ਮਹਾਵੀਰ ਸਿੰਘ ਪਟੀ, ਨਛੱਤਰ ਸਿੰਘ ਮੁਗਲਚੱਕ,ਰਣਜੀਤ ਸਿੰਘ ਬਹਾਦਰ ਨਗਰ, ਦਲਵਿੰਦਰ ਸਿੰਘ ,ਸਤਪਾਲ ਸਿੰਘ ਨੱਥੋਕੇ ,ਜਸਵੀਰ ਸਿੰਘ ਪੰਨੂ, ਕੁਲਬੀਰ ਸਿੰਘ ਕਸੇਲ, ਸੁਲੱਖਣ ਸਿੰਘ ਤੁੜ ਆਦਿ ਆਗੂਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ।



# ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

ਧਾਰੀਵਾਲ : (ਮਨਦੀਪ ਸਿੰਘ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ,ਸ਼ਕੁੰਤਲ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਨੈਤਿਕ ਸਿੱਖਿਆ ਲਿਖਤਿਹਾਨ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦੇ ਹੋਏ, ਕੁਲਪ੍ਰੀਤ ਸਿੰਘ ਸਪੁੱਤਰ ਸਰਦਾਰ ਗੁਰਭੇਜ ਸਿੰਘ, ਜਪਨੀਤ ਕੌਰ ਸਪੁੱਤਰੀ ਸਰਦਾਰ ਸਰਦੂਲ ਸਿੰਘ ਅਤੇ ਗੁਰਮਨ ਸਿੰਘ ਸਪੁੱਤਰ ਸਰਦਾਰ ਗੁਰਮੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਗੁਰਨੂਰ ਸਿੰਘ ਸਪੁੱਤਰ ਸਰਦਾਰ ਹਰਵੰਤ ਸਿੰਘ ਨੇ ਦੂਜਾ ਸਥਾਨ ਅਤੇ ਗੁਰਕਰਮਵੀਰ ਸਿੰਘ ਸਪੁੱਤਰ ਸਰਦਾਰ ਗੁਰਮੁੱਖ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਇਹਨਾਂ ਵਿਦਿਆਰਥੀਆਂ ਨੇ ਨੈਤਿਕ ਸਿੱਖਿਆ ਦੇ ਅਗਲੇ ਪੜਾਅ ਕਵਿੱਜ਼ ਵਿੱਚ ਆਪਣੀ ਜਗ੍ਹਾ ਬਣਾਈ। ਸ਼ਹਿਨਾਜ਼ਦੀਪ ਕੌਰ ਸਪੁੱਤਰੀ ਸੁਖਦੇਵ ਸਿੰਘ, ਏਕਮਜੀਤ ਕੌਰ ਸਪੁੱਤਰੀ ਸਰਦਾਰ ਕੇਵਲ ਸਿੰਘ, ਮਨਸੀਰਤ ਕੌਰ ਸਪੁੱਤਰੀ ਸਰਦਾਰ ਗੁਰਪ੍ਰੀਤ ਸਿੰਘ, ਸਮਰੀਤ ਕੌਰ ਸਪੁੱਤਰੀ ਸਰਦਾਰ ਕੇਵਲ ਪ੍ਰੀਤ ਸਿੰਘ, ਤੈਨੀਰ ਕੌਰ ਸਪੁੱਤਰੀ ਸਰਦਾਰ ਅੰਮ੍ਰਿਤ ਪਾਲ ਸਿੰਘ, ਯੁਵਰਾਜ ਸਿੰਘ ਸਪੁੱਤਰ ਸਰਦਾਰ ਗੁਰਜੀਤ ਸਿੰਘ, ਜਸਪ੍ਰੀਤ ਕੌਰ ਸਪੁੱਤਰੀ ਸਰਦਾਰ ਗੁਰਵਿੰਦਰ ਸਿੰਘ, ਹਰਮਨ ਸਿੰਘ ਸਪੁੱਤਰ ਸਰਦਾਰ ਮਨਪ੍ਰੀਤ ਸਿੰਘ, ਜਪਨਜੀਤ ਸਿੰਘ ਸਪੁੱਤਰ ਸਰਦਾਰ ਸੰਦੀਪ ਸਿੰਘ, ਅਰਪਨ ਕੁਮਾਰੀ ਸਪੁੱਤਰੀ ਸ਼੍ਰੀ ਸੂਰਿਆ ਨਾਥਦੇਵ ਨੇ ਤਗਮੇ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਸਕੂਲ ਦੇ ਹੋਰ 61 ਵਿਦਿਆਰਥੀਆਂ ਨੇ ਸਰਟੀਫਿਕੇਟ ਪ੍ਰਾਪਤ ਕੀਤੇ ।ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਵੱਲੋਂ ਅਵਲ ਰਹੇ ਵਿਦਿਆਰਥੀਆਂ ਨੂੰ ਟਰਾਫ਼ੀ,ਤਮਗੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



# ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਦੇ ਪ੍ਰਬੰਧਾਂ ਦਾ ਜਾਇਜ਼ਾ



ਪਠਾਨਕੋਟ : ( ਦਵਿੰਦਰ ਸਿੰਘ ) -ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰੇਗੰਢ ਪੰਜਾਬ ਸਰਕਾਰ ਵੱਲੋਂ ਰਾਜ ਪੱਧਰ ਤੇ ਮਨਾਈ ਜਾ ਰਹੀ ਹੈ, ਜਿਸ ਦੇ ਸਬੰਧ ਵਿੱਚ ਦੇਸ਼ ਦੇ ਵੱਖ ਵੱਖ ਸਥਾਨਾਂ ਤੋਂ ਨਗਰ ਕੀਰਤਨ ਕੱਢੇ ਜਾਣੇ ਹਨ। ਇੱਕ ਨਗਰ ਕੀਰਤਨ 20 ਨਵੰਬਰ ਨੂੰ ਜੰਮੂ ਸ਼ਹਿਰ ਤੋਂ ਚੱਲ ਕੇ ਜਿਲ੍ਹਾ ਪਠਾਨਕੋਟ ਵਿਖੇ ਪਹੁੰਚ ਰਿਹਾ ਹੈ। ਜਿਸ ਸਬੰਧੀ ਡਿਪਟੀ ਕਮਿਸ਼ਨਰ ਪਠਾਨਕੋਟ ਡਾ. ਪੱਲਵੀ ਦੀ ਪ੍ਰਧਾਨਗੀ ਵਿੱਚ ਅਗਾਊਂ ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਜਾਇਜਾ ਲੈਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਇੱਕ ਰੀਵਿਊ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ , ਅਰਸ਼ਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ ( ਜ ) -ਕਮ-ਆਰ.ਟੀ.ਓ. ਪਠਾਨਕੋਟ, ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਧਾਰ ਕਲ੍ਹਾਂ, ਰਾਜੇਸ਼ ਗੁਪਤਾ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ, ਦਿਵਿਆ ਸਿੰਗਲਾ ਤਹਿਸੀਲਦਾਰ ਪਠਾਨਕੋਟ, ਸੰਜੀਵ ਪਠਾਨਿਆ ਤਹਿਸੀਲਦਾਰ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਸਨ। ਸ੍ਰੀਮਤੀ ਡਾ. ਪੱਲਵੀ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਗਰ ਕੀਰਤਨ 20 ਨਵੰਬਰ ਨੂੰ ਜੰਮੂ ਸ਼ਹਿਰ ਤੋਂ ਚੱਲ ਕੇ ਜਿਲ੍ਹਾ ਪਠਾਨਕੋਟ ਵਿਖੇ ਪਹੁੰਚ ਰਿਹਾ ਹੈ ਤੇ ਇਹ ਨਗਰ ਕੀਰਤਨ ਜਿਲ੍ਹਾ ਪਠਾਨਕੋਟ ਵਿਖੇ ਹੀ ਠਹਿਰੇਗਾ।

## ਜ਼ਿਲ੍ਹਾ ਚੋਣ ਅਫ਼ਸਰ ਨੇ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

ਪਠਾਨਕੋਟ : (ਦਵਿੰਦਰ ਸਿੰਘ)- ਮੁੱਖ ਚੋਣ ਅਫ਼ਸਰ, ਪੰਜਾਬ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਪਠਾਨਕੋਟ ਦੀ ਪ੍ਰਧਾਨਗੀ ਵਿੱਚ ਵਿਧਾਨ ਸਭਾ ਚੋਣ ਹਲਕਿਆਂ ਵਿਚ ਤਾਇਨਾਤ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਯੋਜਿਤ ਕੀਤੀ ਗਈ ।ਮੀਟਿੰਗ ਦੌਰਾਨ ਡਾ. ਪੱਲਵੀ ਨੇ ਜਾਣਕਾਰੀ ਦਿੰਦਿਆਂ ਸੁਧਾਈ ਨਾਲ ਸਬੰਧਤ ਪ੍ਰਾਪਤ ਹੋਣ ਵਾਲੇ ਫਾਰਮਾਂ ਦੇ ਨਿਪਟਾਰੇ ਸਬੰਧੀ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਅਤੇ ਨਿਰਧਾਰਤ ਸਮੇਂ ਅੰਦਰ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਿਪਟਾਰਾ ਕਰਨ ਸਬੰਧੀ ਹਦਾਇਤ ਵੀ ਕੀਤੀ ਗਈ।ਉਨ੍ਹਾਂ ਨੇ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਨੂੰ ਵੋਟਰ ਸੂਚੀ ਦੀ ਸੁਧਾਈ ਨਾਲ ਸਬੰਧਤ ਫਾਰਮਾਂ (6, 6 ਏ, 7, 8) ਸਬੰਧੀ ਹਫਤਾਵਰੀ ਮੀਟਿੰਗਾਂ ਕਰਨ ਲਈ ਅਤੇ ਕਮਿਸ਼ਨ ਵੱਲੋਂ ਨਵਾਂ ਲਾਂਚ ਕੀਤਾ ਪੋਰਟਲ ਬਾਰੇ ਵੀ ਦੱਸਿਆ।



## ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਝਬਾਲ ਵਿਖੇ ਮਨਾਇਆ ਰਾਸ਼ਟਰੀ ਏਕਤਾ ਦਿਵਸ

ਝਬਾਲ : ( ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਸ਼ੁੱਕਰਵਾਰ ਨੂੰ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਸਕੂਲ ਸ਼ਬਦ ਗਾਇਨ ਉਪਰੰਤ ਐੱਨ.ਸੀ.ਸੀ ਦੇ ਕੈਡਿਟਾਂ ਨੇ ਇੱਕ ਗੀਤ ਰਾਹੀਂ ਵਿਦਿਆਰਥੀਆਂ ਨੂੰ ਦੇਸ਼ ਵਿੱਚ ਏਕਤਾ ਬਣਾਈ ਰੱਖਣ ਦਾ ਸੁਨੇਹਾ ਦਿੱਤਾ ਅਤੇ ਮੈਡਮ ਕੰਵਲਜੀਤ ਕੌਰ ਵੱਲੋਂ ਰਾਸ਼ਟਰੀ ਏਕਤਾ ਦਿਵਸ ਮਨਾਉਣ ਦੇ ਮਹੱਤਵ 'ਤੇ ਚਾਨਣਾ ਪਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਇਸੇ ਨਾਲ ਸੰਬੰਧਤ ਸਹੁੰ ਚੁਕਾਈ ਗਈ। ਸਕੂਲ ਦੇ ਮੈਂਬਰ ਇੰਚਾਰਜ ਸ. ਮਨਜੀਤ ਸਿੰਘ ਢਿੱਲੋਂ, ਸ. ਆਦਰਸ਼ਪਿੰਦਰ ਸਿੰਘ ਮਾਨ, ਸ.ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖਣ ਦਾ ਸੰਦੇਸ਼ ਦਿੱਤਾ।



## ਰਾਸ਼ਟਰੀ ਏਕਤਾ ਦਿਵਸ ਮਨਾਇਆ

ਕਾਦੀਆਂ : (ਯਾਦਵਿੰਦਰ ਸਿੰਘ ਮਲਹੋਤਰਾ )-ਐੱਸ ਐੱਸ ਬਾਜਵਾ ਸਕੂਲ ਵਿੱਚ 31 ਅਕਤੂਬਰ 2025 ਨੂੰ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਇਹ ਦਿਨ ਰਾਸ਼ਟਰੀ ਸੇਵਾ ਯੋਜਨਾ (ਐੱਨ ਐੱਸ ਐੱਸ) ਸੰਸਥਾ ਅਧੀਨ 31 ਅਕਤੂਬਰ ਨੂੰ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਵਸ ਦੇ ਮੌਕੇ 'ਤੇ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਅਤੇ ਅਖੰਡਤਾ ਬਣਾਈ ਰੱਖਣ ਦੀ ਸਹੁੰ ਚੁਕਾਈ ਗਈ ਅਤੇ ਭਾਸ਼ਣ ਪੇਸ਼ ਕੀਤੇ ਗਏ। ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ, 11ਵੀਂ ਜਮਾਤ ਦੀ ਵਿਦਿਆਰਥਣ ਨਵਨੀਤ ਕੌਰ ਨੇ ਰਾਸ਼ਟਰੀ ਏਕਤਾ ਦਿਵਸ ਦੀ ਸਹੁੰ ਪੜ੍ਹੀ ਅਤੇ ਭਾਸ਼ਣ ਪੇਸ਼ ਕੀਤਾ। 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਲੇਖ ਲਿਖਣ, ਹੱਥ ਦੇ ਨਿਸ਼ਾਨ ਆਦਿ ਮੁਕਾਬਲੇ ਕਰਵਾਏ ਗਏ। ਸਕੂਲ ਦੇ ਡਾਇਰੈਕਟਰ ਐੱਮ ਐੱਲ ਸ਼ਰਮਾ (ਰਾਸ਼ਟਰੀ ਪੁਰਸਕਾਰ ਜੇਤੂ) ਨੇ ਸਰਦਾਰ ਵੱਲਭ ਭਾਈ ਪਟੇਲ ਦੇ ਜੀਵਨ 'ਤੇ ਚਾਨਣਾ ਪਾਇਆ ।ਸਕੂਲ ਦੇ ਚੇਅਰਮੈਨ ਡਾ. ਰਾਜੇਸ਼ ਸ਼ਰਮਾ ਅਤੇ ਕੋਆਰਡੀਨੇਟਰ ਸ਼ਾਲਿਨੀ ਸ਼ਰਮਾ ਨੇ ਬੱਚਿਆਂ ਨੂੰ ਰਾਸ਼ਟਰੀ ਏਕਤਾ ਦਿਵਸ ਦੀ ਵਧਾਈ ਦਿੱਤੀ। ਪ੍ਰਿੰਸੀਪਲ ਕੋਮਲ ਅਗਰਵਾਲ ਨੇ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਵਿੱਚ ਨਾ ਸਿਰਫ਼ ਸਰਦਾਰ ਵੱਲਭਭਾਈ ਪਟੇਲ ਦੇ ਭਾਰਤ ਦੀ ਏਕਤਾ ਵਿੱਚ ਯੋਗਦਾਨ ਨੂੰ ਉਜਾਗਰ ਕੀਤਾ ਗਿਆ , ਸਗੋਂ ਰਾਸ਼ਟਰੀ ਏਕਤਾ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ ਗਿਆ ਸੀ।



## ਏ ਬੀ ਕਾਲਜ ਦੀ ਸ਼ਿਵਾਨੀ ਨੇ ਜੂਡੋ 'ਚ ਜਿੱਤਿਆ ਸੋਨੇ ਦਾ ਤਗਮਾ

ਪਠਾਨਕੋਟ : (ਦਵਿੰਦਰ ਸਿੰਘ)- ਆਦਰਸ਼ ਭਾਰਤੀ ਮਹਾਵਿਦਿਆਲਿਆ ਪਠਾਨਕੋਟ ਦੀ ਵਿਦਿਆਰਥਣ ਸ਼ਿਵਾਨੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇੰਟਰ ਕਾਲਜ ਜੂਡੋ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਇਤਿਹਾਸ ਰਚ ਦਿੱਤਾ। ਪ੍ਰਿੰਸੀਪਲ ਕੁਲਦੀਪ ਕੁਮਾਰ ਗੁਪਤਾ ਨੇ ਖੇਡ ਵਿਭਾਗ ਦੇ ਮੁਖੀ ਡਾ. ਸਿਮਰਜੀਤ ਸਿੰਘ ਦੇ ਨਾਲ ਮਿਲ ਕੇ ਵਿਦਿਆਰਥਣ ਦਾ ਸਨਮਾਨ ਕੀਤਾ। ਪ੍ਰਿੰਸੀਪਲ ਨੇ ਸ਼ਿਵਾਨੀ ਨੂੰ ਸਨਮਾਨਿਤ ਕਰਦੇ ਹੋਏ ਕਿਹਾ ਕਿ ਇਹ ਉਪਲਬਧੀ ਪੂਰੇ ਕਾਲਜ ਪਰਿਵਾਰ ਲਈ ਮਾਣ ਦੀ ਗੱਲ ਹੈ। ਪ੍ਰਿੰਸੀਪਲ ਨੇ ਵਿਦਿਆਰਥਣ ਦੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਬੱਚਿਆਂ ਨੂੰ ਕਿਹਾ ਕਿ ਉਹ ਇਸ ਵਿਦਿਆਰਥਣ ਤੋਂ ਪ੍ਰੇਰਨਾ ਲੈ ਕੇ ਯੂਨੀਵਰਸਿਟੀ ਵੱਲੋਂ ਆਯੋਜਿਤ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ। ਉਨ੍ਹਾਂ ਨੇ ਇਸ ਸਫਲਤਾ ਦਾ ਸੇਹਰਾ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਸਿਮਰਜੀਤ ਸਿੰਘ ਨੂੰ ਦਿੱਤਾ।



## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਸਕੂਲ ਧਾਰੀਵਾਲ ਵਿਖੇ ਸਲਾਨਾ ਖੇਡਾਂ ਕਰਵਾਈਆਂ

ਧਾਰੀਵਾਲ : (ਮਨਦੀਪ ਸਿੰਘ ਵਿੱਕੀ) - ਸਾਹਿਬਜ਼ਾਦਾ ਜੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਵੱਲੋਂ 2025-26 ਦੀਆਂ ਦੋ ਰੋਜ਼ਾ ਸਲਾਨਾ ਖੇਡਾਂ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਦੇ ਪ੍ਰਬੰਧਾਂ ਹੇਠ ਕਰਵਾਈਆਂ ਗਈਆਂ। ਇਸ ਸਬੰਧੀ ਸਕੂਲ ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਨੇ ਦੱਸਿਆ ਕਿ ਸਲਾਨਾ ਖੇਡਾਂ ਦੇ ਪਹਿਲੇ ਦਿਨ ਸੀਨੀਅਰ ਵਰਗ ਵਿੱਚ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ ।ਇਸ ਦਿਨ ਦੀ ਸ਼ੁਰੂਆਤ ਸ਼ਬਦ ਗਾਇਨ ਅਤੇ ਬੈਲੂਨ ਸੈਰਾਮਨੀ ਨਾਲ ਕੀਤੀ ਗਈ । ਵੱਖ-ਵੱਖ ਪੰਜ ਹਾਊਸ ਸਤਲੁਜ, ਬਿਆਸ, ਰਾਵੀ, ਜਿਹਲਮ, ਚਨਾਬ ਦੇ ਅੰਤਰ ਹਾਊਸ ਮੁਕਾਬਲੇ ਕਰਵਾਏ ਗਏ। ਰੱਸਾ-ਕੱਸ਼ੀ ਵਿੱਚ ਚਨਾਬ ਹਾਊਸ ਨੇ ਬਾਜੀ ਮਾਰੀ ।ਬਾਲ ਪਿਕ ਐਂਡ ਪਾਸ ਵਿੱਚ ਚਨਾਬ ਹਾਊਸ ਪਹਿਲੇ ਨੰਬਰ 'ਤੇ, ਰਿਲੇਅ ਪਾਸ ਵਿੱਚ ਬਿਆਸ ਹਾਊਸ ਪਹਿਲੇ ਨੰਬਰ 'ਤੇ, ਕੱਪ ਅਤੇ ਲਾਕ ਵਿੱਚ ਚਨਾਬ ਹਾਊਸ ਪਹਿਲੇ ਨੰਬਰ 'ਤੇ, ਬਾਲ ਪਿਕਿੰਗ ਵਿੱਚ ਸਤਲੁਜ ਹਾਊਸ ਪਹਿਲੇ ਨੰਬਰ 'ਤੇ, ਹੁੱਲਾ ਹੂਪ ਵਿੱਚ ਜੇਹਲਮ ਹਾਊਸ ਪਹਿਲੇ ਨੰਬਰ 'ਤੇ ਅਤੇ ਓਵਰ ਆਲ ਚਨਾਬ ਹਾਊਸ ਨੇ ਸਭ ਤੋਂ ਜਿਆਦਾ ਮੁਕਾਬਲੇ ਜਿੱਤ ਕੇ ਟਰਾਫੀ 'ਤੇ ਬਾਜੀ ਮਾਰੀ। ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਤੇ ਸੀਨੀਅਰ ਅਧਿਆਪਕਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਪਿੰਸੀਪਲ ਨੇ ਪ੍ਰੋਗਰਾਮ ਤੇ ਖੇਡ ਮੁਕਾਬਲੇ ਕਰਵਾਉਣ ਲਈ ਸਕੂਲ ਦੇ ਡੀ ਪੀ ਅਧਿਆਪਕਾਵਾਂ ਪਲਵਿੰਦਰ ਕੌਰ ,ਅਮਨਦੀਪ ਕੌਰ ਅਤੇ ਸੋਨੀਆ ਦੀ ਪ੍ਰਸ਼ੰਸਾ ਕੀਤੀ ।



## ਪਿੰਡ ਦੁੱਗਰੀ ਵਿਖੇ ਕੀਰਤਨ ਸਮਾਗਮ ਅੱਜ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰੂ ਸਾਹਿਬ ਦੇ ਚਰਨ ਛੋਹ ਸਥਾਨਾਂ ਉੱਤੇ ਰੂਪਨਗਰ ਜ਼ਿਲ੍ਹੇ ਵਿੱਚ 1 ਨਵੰਬਰ ਤੋਂ ਕੀਰਤਨ ਸਮਾਗਮ ਕਰਵਾਏ ਜਾ ਰਹੇ ਹਨ, ਜਿਸ ਤਹਿਤ ਗੁਰਦੁਆਰਾ ਬੋਹੜ ਸਾਹਿਬ ਪਾਤਸਾਹੀ ਨੌਂਵੀ ਨਜ਼ਦੀਕੀ ਪਿੰਡ ਦੁੱਗਰੀ ਵਿਖੇ ਸਵੇਰੇ 8 ਵਜੇ ਤੋਂ 11 ਵਜੇ ਤੱਕ ਕੀਰਤਨ ਸਮਾਗਮ ਹੋਵੇਗਾ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਇਸ ਕੀਰਤਨ ਸਮਾਗਮ ਦੌਰਾਨ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜਨਗੇ।

# ਨਿਗਮ ਕਮਿਸ਼ਨਰ ਨੇ ਬਲਕ ਵਾਟਰ ਸਪਲਾਈ ਪ੍ਰੋਜੈਕਟ ਦੀ ਕੀਤੀ ਸਮੀਖਿਆ

ਅੰਮ੍ਰਿਤਸਰ : (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਨਗਰ ਨਿਗਮ ਦੇ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿਲ ਵੱਲੋਂ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਪ੍ਰੋਜੈਕਟ ਦੀ ਸਮੀਖਿਆ ਬੈਠਕ ਕੀਤੀ ਗਈ, ਜਿਸ ਵਿਚ ਇਸ ਪ੍ਰੋਜੈਕਟ ਤਹਿਤ ਹੁਣ ਤੱਕ ਹੋਏ ਕੰਮਾਂ ਦਾ ਜਾਇਜਾ ਲਿਆ ਗਿਆ। ਇਸ ਸਮੀਖਿਆ ਮੀਟਿੰਗ ਵਿੱਚ ਲਾਰਸਨ ਐਂਡ ਟੂਬਰੋ ਕੰਪਨੀ ਦੇ ਅਧਿਕਾਰੀਆਂ, ਨਿਗਮ ਅਧਿਕਾਰੀਆਂ ਅਤੇ ਪ੍ਰੋਜੈਕਟ ਲਈ ਨਿਯੁਕਤ ਸੁਤੰਤਰ ਵੈਰੀਫਿਕੇਸ਼ਨ ਏਜੰਸੀ ਦੇ ਅਧਿਕਾਰੀ ਸ਼ਾਮਿਲ ਹੋਏ। ਨਿਗਮ ਕਮਿਸ਼ਨਰ ਨੇ ਕੰਪਨੀ ਨੂੰ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਾਲ-ਨਾਲ ਕਰਮਚਾਰੀਆਂ ਦੀ ਗਿਣਤੀ ਵਿੱਚ ਵਾਧਾ ਕਰਨ ਦੇ ਆਦੇਸ਼ ਦਿੱਤੇ ਤਾਂ ਜੋ ਅਗਲੇ ਸਾਲ ਮਾਰਚ ਤੋਂ ਸ਼ਹਿਰ ਵਿੱਚ ਨਹਿਰੀ ਪਾਣੀ ਦੀ ਸਪਲਾਈ ਸ਼ੁਰੂ ਕੀਤੀ ਜਾ ਸਕੇ। ਇਸ ਮੌਕੇ ਪ੍ਰੋਜੈਕਟ ਮੈਨੇਜਰ ਕੁਲਦੀਪ ਸਿੰਘ ਸੈਣੀ (ਸਾਬਕਾ ਮੁੱਖ ਇੰਜੀਨੀਅਰ), ਡਿਪਟੀ ਪ੍ਰੋਜੈਕਟ ਮੈਨੇਜਰ ਨਰਿੰਦਰਪਾਲ ਸਿੰਘ, ਐਸ.ਈ. ਜੀਤਿਨ ਵਾਸੁਦੇਵਾ, ਐਲ ਐਂਡ ਟੀ ਦੇ ਪ੍ਰੋਜੈਕਟ ਮੈਨੇਜਰ ਰਾਹੁਲ ਪਟੇਲ, ਸੰਜੇ ਸਿੰਘ, ਸ਼ਿਵ ਕੁਮਾਰ ਸੋਨੀ, ਐਕਸੀਅਨ ਸੁਨੀਲ ਮਹਾਜਨ, ਅਸ਼ਵਨੀ ਕੁਮਾਰ, ਸੁਖਬੀਰ ਸਿੰਘ, ਐਸ.ਡੀ.ਓ. ਰਣਜੀਤ ਸਿੰਘ ਤੇ ਹਰਪ੍ਰੀਤ ਸਿੰਘ ਆਦਿ ਵੀ ਹਾਜ਼ਰ ਸਨ।



# ਵਿਜੀਲੈਂਸ ਇਮਾਨਦਾਰੀ ਨੂੰ ਪ੍ਰੇਰਿਤ ਕਰਨ ਦਾ ਮਿਸ਼ਨ : ਐੱਸ ਐੱਸ ਪੀ



ਅੰਮ੍ਰਿਤਸਰ : ( ਨਰਿੰਦਰ ਜੀਤ ਸਿੰਘ) - 2 ਨਵੰਬਰ ਤੱਕ ਮਨਾਏ ਜਾ ਰਹੇ ਵਿਜੀਲੈਂਸ ਜਾਗਰੂਕਤਾ ਹਫ਼ਤੇ ਦੇ ਦੌਰਾਨ, ਜੀ ਐਨ ਡੀ ਯੂ ਦੇ ਵਿਜੀਲੈਂਸ ਦਫ਼ਤਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਆਡੀਟੋਰੀਅਮ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ 'ਵਿਜੀਲੈਂਸ: ਸਾਡੀ ਸਾਂਝੀ ਜ਼ਿੰਮੇਵਾਰੀ' ਵਿਸ਼ੇ 'ਤੇ ਪ੍ਰੋਗਰਾਮ ਕਰਵਾਇਆ।

ਇਸ ਮੌਕੇ ਮੁੱਖ ਮਹਿਮਾਨ ਅਤੇ ਸਮਾਗਮ ਦੇ ਬੁਲਾਰੇ, ਐਸ ਐਸ ਪੀ ਵਿਜੀਲੈਂਸ ਬਿਊਰੋ ਸ. ਲਖਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਅਤੇ ਇਸ ਨੂੰ ਦੇਸ਼ ਦੀ ਤਰੱਕੀ ਅਤੇ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਸਭ ਤੋਂ ਵੱਡੀ ਰੁਕਾਵਟ ਦੱਸਿਆ। ਐਸ ਐਸ ਪੀ ਨੇ ਕਿਹਾ ਕਿ ਵਿਜੀਲੈਂਸ ਬਿਊਰੋ ਸਿਰਫ਼ ਇੱਕ ਜਾਂਚ ਏਜੰਸੀ ਨਹੀਂ ਹੈ, ਸਗੋਂ ਜਾਗਰੂਕਤਾ ਪੈਦਾ ਕਰਨ ਅਤੇ ਲੋਕਾਂ ਨੂੰ ਇਮਾਨਦਾਰੀ ਵੱਲ ਪ੍ਰੇਰਿਤ ਕਰਨ ਦਾ ਮਿਸ਼ਨ ਹੈ। ਉਹਨਾਂ ਕਿਹਾ ਕਿ ਸੱਚ ਦੀ ਆਵਾਜ਼ ਬੁਲੰਦ ਕਰਨਾ ਅੱਜ ਦੇਸ਼ ਦੀ ਸਭ ਤੋਂ ਵੱਡੀ ਸੇਵਾ ਹੈ । ਡਾ. ਪਲਵਿੰਦਰ ਸਿੰਘ, ਡੀਨ ਅਕਾਦਮਿਕ ਮਾਮਲੇ ਨੇ ਵਿਜੀਲੈਂਸ ਬਿਊਰੋ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਅਤੇ ਨਾਗਰਿਕਾਂ ਵਿੱਚ ਜਾਗਰੂਕਤਾ ਪੈਦਾ ਕਰਦੇ ਹਨ, ਭ੍ਰਿਸ਼ਟਾਚਾਰ ਮੁਕਤ ਸਮਾਜ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਜੀ ਐਨ ਡੀ ਯੂ ਦੇ ਮੁੱਖ ਵਿਜੀਲੈਂਸ ਅਫਸਰ ਡਾ. ਸੰਦੀਪ ਦੁਆ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਹਫ਼ਤੇ ਦੀਆਂ ਗਤੀਵਿਧੀਆਂ ਬਾਰੇ ਦੱਸਿਆ।ਪ੍ਰੋਗਰਾਮ ਦਾ ਅੰਤ ਡੀ ਐਸ ਪੀ ਵਿਜੀਲੈਂਸ, ਸ਼੍ਰੀ ਅਨੂਪ ਸੈਣੀ ਦੁਆਰਾ ਮੌਜੂਦ ਸਾਰਿਆਂ ਨੂੰ ਇਮਾਨਦਾਰੀ ਦੀ ਸਹੁੰ ਚੁਕਾਉਣ ਨਾਲ ਹੋਇਆ।

# ਆਪ ਉਮੀਦਵਾਰ ਹਰਮੀਤ ਸੰਧੂ ਦੇ ਹੱਕ 'ਚ ਲਹਿਰ ਤੇਜ਼, ਪੰਜਵੜ ਖੁਰਦ 'ਚ ਮਿਲਿਆ ਭਰਵਾਂ ਸਮਰਥਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਜਿਵੇਂ-ਜਿਵੇਂ ਨੇੜੇ ਆ ਰਹੀ ਹੈ, ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਚੋਣ ਲਹਿਰ ਲਗਾਤਾਰ ਤੇਜ਼ ਹੁੰਦੀ ਜਾ ਰਹੀ ਹੈ। ਆਪ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਪਿੰਡ ਪੰਜਵੜ ਖੁਰਦ ਦੇ ਵਸਨੀਕਾਂ ਨੇ ਪਾਰਟੀ ਦੀ ਕਾਰਗੁਜ਼ਾਰੀ 'ਤੇ ਮੋਹਰ ਲਾਉਂਦਿਆਂ ਹਰਮੀਤ ਸੰਧੂ ਦੀ ਜਿੱਤ ਨੂੰ ਯਕੀਨੀ ਬਣਾਉਣ ਦਾ ਐਲਾਨ ਕੀਤਾ।ਪਿੰਡ ਪੰਜਵੜ ਖੁਰਦ ਵਿਖੇ ਸਾਹਿਬ ਦੀਪ ਸਿੰਘ ਦੇ ਘਰ ਹੋਈ ਇਕ ਅਹਿਮ ਮੀਟਿੰਗ ਵਿੱਚ ਸਥਾਨਕ ਲੋਕਾਂ ਦਾ ਭਾਰੀ ਇਕੱਠ ਹੋਇਆ। ਇਸ ਮੀਟਿੰਗ ਦੌਰਾਨ ਪਾਰਟੀ ਆਗੂਆਂ ਨੇ ਲੋਕਾਂ ਨਾਲ ਆਪ ਸਰਕਾਰ ਦੀਆਂ ਨੀਤੀਆਂ ਅਤੇ ਹਲਕੇ ਦੇ ਵਿਕਾਸ ਸਬੰਧੀ ਵਿਚਾਰ ਸਾਂਝੇ ਕੀਤੇ।ਮੀਟਿੰਗ ਵਿੱਚ ਮੌਜੂਦ ਪਿੰਡ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਲੋਕ-ਪੱਖੀ ਕੰਮਾਂ, ਖਾਸ ਕਰਕੇ ਸਿਹਤ, ਸਿੱਖਿਆ ਅਤੇ ਬਿਜਲੀ ਦੇ ਖੇਤਰ ਵਿੱਚ ਆਏ ਸੁਧਾਰਾਂ ਦੀ ਸ਼ਲਾਘਾ ਕੀਤੀ। ਲੋਕਾਂ ਨੇ ਆਪ ਸਰਕਾਰ ਦੇ ਕੰਮਾਂ ਪ੍ਰਤੀ ਪੂਰੀ ਸਹਿਮਤੀ ਪ੍ਰਗਟਾਈ।ਇਸ ਮੌਕੇ ਪਿੰਡ ਵਾਸੀਆਂ ਨੇ ਭਰੋਸਾ ਦਿਵਾਇਆ ਕਿ ਉਹ ਆ ਰਹੀ ਜ਼ਿਮਨੀ ਚੋਣ ਵਿੱਚ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਦਾ ਤਨ-ਮਨ ਨਾਲ ਪੂਰਾ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਪਿੰਡ ਪੰਜਵੜ ਖੁਰਦ ਤੋਂ ਸੰਧੂ ਨੂੰ ਵੱਡੀ ਲੀਡ ਦਿਵਾਈ ਜਾਵੇਗੀ।



# ਬਜ਼ੁਰਗਾਂ ਦੇ ਵਿਹੜੇ 'ਚ ਮੁਫ਼ਤ ਜਨਰਲ ਮੈਡੀਕਲ ਚੈੱਕਅਪ ਕੈਂਪ ਲਗਾਇਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਬੀਤੇ ਦਿਨ ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਜੋ ਕਿ ਪਿਛਲੇ ਚਾਰ ਸਾਲ ਤੋਂ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਦੇ ਰਿਹਾ 'ਚ ਸਿਵਲ ਹਸਪਤਾਲ ਪਠਾਨਕੋਟ ਅਤੇ ਸੀ ਐਚ ਐਸ ਸੀ ਹਸਪਤਾਲ ਘਰੋਟਾ ਦੀ ਟੀਮ ਨੇ ਮਿਲ ਕੇ ਜਨਰਲ ਮੈਡੀਕਲ ਕੈਂਪ ਲਗਾਇਆ । ਜਿਸ ਵਿੱਚ ਡਾਕਟਰ ਤਨਵੀ ਭਰਦਵਾਜ, ਮਮਤਾ ਮਹਾਜਨ ਤੇ ਸੀਮਾ ਚੌਧਰੀ ਪਹੁੰਚੇ । ਉਹਨਾਂ ਨੇ ਬਜ਼ੁਰਗਾਂ ਦੇ ਨਾਲ ਦੁੱਖ ਸਾਂਝੇ ਕੀਤੇ ਉਹਨਾਂ ਦਾ ਹਾਲ ਚਾਲ ਜਾਣਿਆ । ਫਿਰ ਉਹਨਾਂ ਸ਼ੂਗਰ ਅਤੇ ਬੀ ਪੀ ਦੇ ਟੈਸਟ ਵੀ ਕੀਤੇ ।ਡਾਕਟਰ ਕਿਰਨ ਅਤੇ ਡਾਕਟਰ ਤਨਵੀ ਨੇ ਬਜ਼ੁਰਗਾਂ ਨੂੰ ਕਿਹਾ ਜੋ ਕੁੱਝ ਵੀ ਤੁਹਾਡੇ ਨਾਲ ਪਿੱਛੇ ਬੀਤਿਆ ਹੈ ਤੁਹਾਨੂੰ ਉਸ ਨੂੰ ਰੱਬ ਦਾ ਭਾਣਾ ਸਮਝ ਕੇ ਭੁੱਲ ਜਾਣਾ ਚਾਹੀਦਾ ਹੈ । ਇਸ ਦੇ ਨਾਲ ਹੀ ਸੀ ਐਚ ਐਸ ਸੀ ਘਰੋਟੇ ਦੀ ਸਾਰੀ ਟੀਮ ਨੇ ਆਸ਼ਰਮ ਵਿੱਚ ਕੀਟਨਾਸ਼ਕ ਸਪਰੇ ਕੀਤੀ। ਉਹਨਾਂ ਨੇ ਕਿਹਾ ਕਿ ਹੜ੍ਹ ਆਉਣ ਕਰਕੇ ਜਿਹੜਾ ਪਾਣੀ ਇੱਕਠਾ ਹੋ ਗਿਆ ਹੈ ਨਾਲ ਭਿਆਨਕ ਬਿਮਾਰੀਆਂ ਜਿਵੇਂ ਡੇਂਗੂ, ਮਲੇਰੀਆ ,ਵਰਗੀਆਂ ਭਿਆਨਕ ਬਿਮਾਰੀਆਂ ਲੱਗ ਸਕਦੀਆਂ ਹਨ। ਇਸ ਕਰਕੇ ਸਾਨੂੰ ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਨਾਲ ਸਾਨੂੰ ਆਪਣੇ ਆਲੇ ਦੁਆਲੇ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਜੋ ਖੁਸ਼ੀ ਸਾਨੂੰ ਇਸ ਬਿਰਧ ਘਰ ਵਿੱਚ ਆ ਕੇ ਮਿਲ਼ਦੀ ਹੈ, ਅਸੀਂ ਉਸ ਨੂੰ ਆਪਣੇ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦੇ ।ਸਾਰੀ ਗੱਲਬਾਤ ਸੁਣਨ ਤੋਂ ਬਾਅਦ ਉਹਨਾਂ ਨੇ ਆਸਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੂੰ ਕਿਹਾ ਕਿ ਅਸੀਂ ਤੁਹਾਨੂੰ ਇਹਨਾਂ ਬਜ਼ੁਰਗਾਂ ਦੀ ਫ੍ਰੀ ਦਵਾਈਆ ਵੀ ਮੁਹਈਆ ਕਰਵਾਵਾਂਗੇ। ਉਹਨਾਂ ਵਾਅਦਾ ਕੀਤਾ ਕਿ ਅਸੀਂ ਹਮੇਸ਼ਾ ਹੀ ਤੁਹਾਡੇ ਨਾਲ ਜੁੜੇ ਰਹਾਂਗੇ ਤੇ ਬਜ਼ੁਰਗਾਂ ਦੀ ਸੇਵਾ ਮਿਲਜੁਲ ਕੇ ਕਰਾਂਗੇ। ਆਈ ਹੋਈ ਟੀਮ ਦਾ ਆਸ਼ਰਮ ਪ੍ਰਬੰਧਕ/ਸੁਪਰਡੈਂਟ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਨੇ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਆਸ਼ਰਮ ਸਮੂਹ ਸਟਾਫ ਕੁਆਰਡੀਨੇਟਰ ਇੰਦਰਜੀਤ ਕੌਰ, ਸਵਿਤਾ, ਰੂਪ ਰਾਣੀ, ਰਾਜ ਰਾਣੀ, ਪੂਜਾ ਦੇਵੀ, ਕਮਲੇਸ਼ ਕੁਮਾਰੀ, ਰਮੇਸ਼ ਚੰਦਰ, ਵਿਪਨ ਕੁਮਾਰ ਆਦਿ ਮੌਜੂਦ ਸਨ।



# ਗੁਰਦਾਸਪੁਰ ਜ਼ਿਲ੍ਹੇ 'ਚ ਝੋਨੇ ਦੀ ਖਰੀਦ 5 ਲੱਖ ਮੀਟਰਕ ਟਨ ਤੋਂ ਟੱਪੀ

ਗੁਰਦਾਸਪੁਰ (ਜਨਕ ਮਹਾਜਨ)- ਜ਼ਿਲ੍ਹੇ ਦੀਆਂ ਦਾਣਾ ਮੰਡੀਆਂ ਵਿਚ ਝੋਨੇ ਦੀ ਖਰੀਦ ਪ੍ਰਕਿਰਿਆ ਨਿਰਵਿਘਨ ਜਾਰੀ ਹੈ ਅਤੇ ਮੰਡੀਆਂ ਵਿੱਚ 559240 ਮੀਟਰਕ ਟਨ ਆਮਦ ਵਿਚੋਂ 548291 ਮੀਟਰਕ ਟਨ ਦੀ ਖਰੀਦ ਹੋ ਚੁੱਕੀ ਹੈ। ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਨੇ ਦੱਸਿਆ ਕਿ ਜ਼ਿਲ੍ਹੇ ਭਰ ਦੀਆਂ ਮੰਡੀਆਂ ਵਿਚ ਖਰੀਦ, ਚੁਕਾਈ ਤੇ ਅਦਾਇਗੀ ਨਿਯਮਿਤ ਸਮੇਂ ਅੰਦਰ ਨਿਰਵਿਘਨ ਜਾਰੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਨਗਰੇਨ ਵਲੋਂ ਸਭ ਤੋਂ ਵੱਧ 212457 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ। ਇਸੇ ਤਰ੍ਹਾਂ ਮਾਰਕਫੈੱਡ ਵਲੋਂ 145459 ਮੀਟਰਕ ਟਨ, ਪਨਸਪ ਵਲੋਂ 107235 ਮੀਟਰਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵਲੋਂ 88882 ਮੀਟਰਕ ਟਨ, ਐੱਫ.ਸੀ.ਆਈ. ਵਲੋਂ 250 ਮੀਟਰਕ ਟਨ ਅਤੇ ਵਪਾਰੀਆਂ ਵਲੋਂ 08 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ। ਉਨ੍ਹਾਂ ਕਿਹਾ ਕਿ ਝੋਨੇ ਦੀ ਲਿਫ਼ਟਿੰਗ ਵੀ ਨਾਲੋ-ਨਾਲ ਯਕੀਨੀ ਬਣਾਈ ਗਈ ਹੈ ਜਿਸ ਤਹਿਤ ਨਿਰਧਾਰਤ 72 ਘੰਟੇ ਦੇ ਸਮੇਂ ਅੰਦਰ ਚੁਕਾਈ ਯਕੀਨੀ ਬਣਾਈ ਗਈ ਹੈ ਅਤੇ 98 ਫੀਸਦੀ ਝੋਨੇ ਦੀ ਫਸਲ ਦੀ ਚੁਕਾਈ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਵਿਕੇ ਝੋਨੇ ਦੀ ਅਦਾਇਗੀ ਯਕੀਨੀ ਬਣਾਉਣ ਸਦਕਾ ਹੁਣ ਤੱਕ 1278.70 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿਚ ਟਰਾਂਸਫਰ ਕੀਤੇ ਜਾ ਚੁੱਕੇ ਹਨ।



## ਆਮ ਆਦਮੀ ਪਾਰਟੀ 2027 'ਚ ਦੁਬਾਰਾ ਸਰਕਾਰ ਬਣਾਵੇਗੀ : ਗਿੱਲ

ਅਜਨਾਲਾ (ਸੁਖਤਿੰਦਰ ਸਿੰਘ): ਤਰਨ ਤਾਰਨ ਵਿਖੇ ਹੋ ਰਹੀ ਜਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰ ਰਹੀ ਹੈ, ਕਿਉਂਕਿ ਤਰਨ ਤਾਰਨ ਦੇ ਲੋਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਵਿਰੋਧੀ ਪਾਰਟੀਆਂ ਕੋਲ ਸਵਾਏ ਝੂਠਾ ਭੰਡੀ ਪ੍ਰਚਾਰ ਕਰਨ ਤੋਂ ਬਿਨਾਂ ਕੋਈ ਮੁੱਦਾ ਨਹੀਂ ਹੈ । ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਰਾਜਾਸਾਂਸੀ ਤੋਂ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਨੇ ਕੀਤਾ! ਉਹਨਾਂ ਕਿਹਾ ਕਿ ਤਰਨ ਤਾਰਨ ਦੇ ਲੋਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਜੋ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਕਰਕੇ ਦਿਖਾਏ, ਉਹ ਕੰਮ ਕਾਂਗਰਸ ਅਕਾਲੀ ਦਲ ਤੇ ਭਾਜਪਾ ਗੱਠਜੋੜ ਦੀਆਂ ਸਰਕਾਰਾਂ ਨੇ ਪਿਛਲੇ 70 ਸਾਲਾਂ ਵਿੱਚ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਥੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ 2027 ਵਿੱਚ ਦੁਬਾਰਾ ਸਰਕਾਰ ਬਣਾਉਣ ਦਾ ਮੁੱਢ ਬੰਨ੍ਹੇਗੀ।

## ਦਾਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾਫ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਭੈਣੀ ਮੀਆਂ ਖਾਂ ਪੁਲਿਸ ਨੇ ਦਾਜ਼-ਦਹੇਜ਼ ਦੀ ਮੰਗ ਕਰਨ ਵਾਲੇ ਪਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਜਾਂਚ ਦੌਰਾਨ ਪਾਇਆ ਕਿ ਰਾਜਬੀਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਗੋਰਸ਼ੀਆ ਦਾ ਵਿਆਹ ਸ਼ਮਸ਼ੇਰ ਸਿੰਘ ਪੁੱਤਰ ਕੁੰਨਣ ਸਿੰਘ ਵਾਸੀ ਪਿੰਡ ਪੱਤੀ ਗੁਰੂ ਨਾਨਕ ਨਗਰ ਬਾਗੜੀਆ ਦੀ ਲੜਕੀ ਨਾਲ 29 ਸਤੰਬਰ 2019 ਨੂੰ ਹੋਇਆ ਸੀ। ਉਸ ਦਾ ਪਤੀ ਰਾਜਬੀਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਗੋਰਸੀਆ ਉਸ ਨੂੰ ਦਾਜ-ਦਹੇਜ ਲਈ ਅਤੇ ਸਰੀਰਕ ਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦਾ ਹੈ। ਪੁਲਿਸ ਨੇ ਰਾਜਬੀਰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਕਰਨਬੀਰ ਸਿੰਘ ਬੁਰਜ਼ ਵੱਡੇ ਫਰਕ ਨਾਲ ਜਿੱਤੇਗਾ : ਬਾਜਵਾ ਤੇ ਹੋਰ



ਝਬਾਲ : (ਹਰਜਿੰਦਰ ਸਿੰਘ ਸੋਨੀ) - ਪ੍ਰਤਾਪ ਸਿੰਘ ਬਾਜਵਾ , ਰਮਨਜੀਤ ਸਿੰਘ ਸਿੱਕੀ,ਕਾਂਗਰਸ ਪਾਰਟੀ ਪੰਜਾਬ ਦੇ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਹੈ ਕਿ ਕਰਨਬੀਰ ਸਿੰਘ ਬੁਰਜ ਬਹੁਤ ਵੱਡੀ ਲੀਡ ਨਾਲ ਜਿੱਤਣਗੇ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ 'ਸਾਰੇ ਹਲਕੇ ਵਿੱਚ ਜਾਣ 'ਤੇ ਪਤਾ ਲੱਗਦਾ ਹੈ ਕਿ ਲੋਕ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਲਈ ਬਹੁਤ ਉਤਾਵਲੇ ਹਨ।ਹਰ ਵਿਅਕਤੀ 11 ਤਰੀਕ ਉਡੀਕ ਕਰ ਰਿਹਾ ਹੈ, ਆਪ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ ਕਿਉਂਕਿ ਸਰਕਾਰ ਨੇ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ।' ਅਕਾਲੀ ਦਲ ਦੀ ਗੱਲ ਕਰਦਿਆਂ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਦੀ ਇੰਨੀ ਮਾੜੀ ਹਾਲਤ ਕਦੇ ਨਹੀਂ ਦੇਖੀ ਕਿ ਇਨ੍ਹਾਂ ਨੂੰ ਕੋਈ ਉਮੀਦਵਾਰ ਹੀ ਨਹੀਂ ਲੱਭਾ ।ਹਲਕੇ ਤੋਂ ਬਾਹਰੀ ਉਮੀਦਵਾਰ ਲਿਆ ਕੇ ਚੋਣ ਮੈਦਾਨ ਵਿੱਚ ਉਤਾਰਨਾ ਪਿਆ ।

# ਹੜ੍ਹ ਪੀੜਤਾਂ ਨੂੰ ਲੋੜੀਂਦਾ ਸਮਾਨ ਵੰਡਿਆ

ਫਤਿਹਗੜ੍ਹ ਚੂੜੀਆ : (ਜਸਦੇਵ ਸਿੰਘ ਮਾਨ) - ਖਾਲਸਾ ਜੀ ਫਾਊਂਡੇਸ਼ਨ ਵੱਲੋਂ ਫਤਿਹਗੜ੍ਹ ਚੂੜੀਆਂ ਵਿਖੇ ਹੜ੍ਹ ਪੀੜਤਾਂ ਨੂੰ ਡਬਲ-ਬੈੱਡ, ਗੱਦੇ ਅਤੇ ਅਲਮਾਰੀਆਂ ਵੰਡੀਆਂ ਗਈਆਂ।

ਇਸ ਮੌਕੇ ਸੰਸਥਾ ਦੇ ਮੁੱਖੀ ਭਾਈ ਗੁਰਭੇਜ ਸਿੰਘ ਖਾਲਸਾ ਨੇ ਦੱਸਿਆ ਕਿ ਹੜਾਂ ਮੌਕੇ ਵੀ ਕਿਸ਼ਤੀ ਰਾਹੀ ਧੁੱਸੀ ਬੰਨ੍ਹ ਨੇੜਲੇ ਪਿੰਡਾਂ ਵਿੱਚ ਪਹੁੰਚ ਕਰਕੇ ਸੰਸਥਾ ਮੈਬਰਾਂ ਵੱਲੋਂ ਹਰ-ਸੰਭਵ ਮਦਦ ਕੀਤੀ ਗਈ ਸੀ। ਹੜ੍ਹਾਂ ਤੋਂ ਬਾਅਦ ਜਿੰਨ੍ਹਾਂ ਦਾ ਮਾਲ ਡੰਗਰ ਮਰ ਗਿਆ ਜਾਂ ਪਾਣੀ 'ਚ ਰੁੜ੍ਹ ਗਿਆ, ਜਿੰਨ੍ਹਾ ਦਾ ਫਰਨੀਚਰ ਦਾ ਸਮਾਨ ਖਰਾਬ ਹੋਇਆ ਉਨਾਂ ਦੀ ਸੂਚੀ ਬਣਾਈ ਸੀ। ਉਨ੍ਹਾਂ ਨੂੰ ਲੋੜ ਅਨੁਸਾਰ ਫਰਨੀਚਰ ਤੇ ਹੋਰ ਸਮਾਨ ਦਿੱਤਾ ਗਿਆ।

]ਖਾਲਸਾ ਵੱਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਸੇਵਾਦਾਰਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਗਿਆ, ਜਿੰਨ੍ਹਾਂ ਨੇ ਇਸ ਕਾਰਜ ਵਿੱਚ ਵੱਧ ਚੜ੍ਹ ਕੇ ਸਹਿਯੋਗ ਦਿੱਤਾ।



## ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਯੋਗਦਾਨ ਪਾਉਣ ਦੀ ਲੋੜ : ਰੰਧਾਵਾ ਭੱਟੀਕੇ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਉਘੇ ਕਾਰੋਬਾਰੀ ਐਨ ਆਰ ਆਈ ਰਘਬੀਰ ਸਿੰਘ ਰੰਧਾਵਾ ਭੱਟੀਕੇ ਕਨੇਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਧਰਤੀ ਉਪਰ ਰੁੱਖਾਂ ਦੀ ਹੋਂਦ ਬਹੁਤ ਜ਼ਰੂਰੀ ਹੈ ਅਤੇ ਵਾਤਾਵਰਣ ਦੀ ਸ਼ੁਧੀ ਲਈ ਹਰੇਕ ਵਿਅਕਤੀ ਨੂੰ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ। ਉਹਨਾ ਕਿਹਾ ਕਿ ਦੂਸ਼ਿਤ ਹੋ ਰਿਹਾ ਵਾਤਾਵਰਣ ਗੰਭੀਰ ਅਤੇ ਚਿੰਤਾ ਵਾਲਾ ਵਿਸ਼ਾ ਹੈ। ਇਸ ਸਬੰਧੀ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਉਹਨਾਂ ਕਿਹਾ ਕਿ ਹਰ ਮਨੁੱਖ ਲਗਾਵੇ ਇਕ ਰੁੱਖ ਤਾਂ ਜੋ ਤਪਸ਼ ਅਤੇ ਪ੍ਰਦੂਸ਼ਣ ਤੋਂ ਰਾਹਤ ਮਿਲ ਸਕੇ। ਉਹਨਾਂ ਕਿਹਾ ਕਿ ਜਿਨ੍ਹਾਂ ਜ਼ਰੂਰੀ ਹੈ ਰੁੱਖਾਂ ਦਾ ਲਗਾਉਣਾ, ਉਸ ਤੋਂ ਜ਼ਰੂਰੀ ਹੈ ਰੁਖਾਂ ਦੀ ਸੰਭਾਲ ਕਰਨਾ।



# ਕੁਲਵੀਰ ਸਿੰਘ ਜੌਹਲ ਸਰੰਗੀ ਮਾਸਟਰ ਦਾ ਢਾਡੀ ਜਥਾ ਪੰਜਾਬ ਪਰਤਿਆ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਕੈਨੇਡਾ ਵਿੱਚ ਸਰੀ, ਪ੍ਰਿੰਸ ਜੌਰਜ, ਮਾਂਟਰੀਅਲ, ਬਰੈਂਪਟਨ ਟਰਾਂਟੋ ਵਿਖੇ ਅਨੇਕਾਂ ਹੀ ਸੰਗਤਾਂ ਨੂੰ ਢਾਡੀ ਜਥੇ ਰਾਹੀਂ ਗੁਰੂ ਇਤਿਹਾਸ ਨਾਲ ਜੋੜ ਕੇ ਭਾਈ ਕੁਲਵੀਰ ਸਿੰਘ ਜੌਹਲ ਸਰੰਗੀ ਮਾਸਟਰ ਦਾ ਢਾਡੀ ਜਥਾ ਵਾਪਿਸ ਪੰਜਾਬ ਪਰਤਿਆ ਹੈ।

ਕੁਲਵੀਰ ਸਿੰਘ ਜੌਹਲ ਸਰੰਗੀ ਮਾਸਟਰ ਨੇ ਕਿਹਾ ਕਿ ਕਨੇਡਾ ਦੀਆਂ ਸੰਗਤਾਂ ਵੱਲੋਂ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ ਅਤੇ ਭਾਵਨਾ ਵਿਖਾਉਂਦਿਆਂ ਹੋਇਆਂ ਵੱਖ ਵੱਖ ਧਾਰਮਿਕ ਸਮਾਗਮਾਂ ਵਿੱਚ ਵੱਡੀ ਗਿਣਤੀ ਵਿੱਚ ਪੁੱਜ ਕੇ ਗੁਰੂ ਇਤਿਹਾਸ ਅਤੇ ਢਾਡੀ ਵਾਰਾਂ ਦਾ ਆਨੰਦ ਮਾਣਿਆ। ਉਹ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਮਿਲੇ ਪਿਆਰ ਸਤਿਕਾਰ ਨੂੰ ਉਹ ਹਮੇਸ਼ਾ ਯਾਦ ਰੱਖਣਗੇ।

# ਤਰਨ ਤਾਰਨ 'ਚ ਦਰਜਨਾਂ ਕਾਂਗਰਸੀ ਪਰਵਾਰ 'ਆਪ' 'ਚ ਸ਼ਾਮਲ

ਤਰਨਤਾਰਨ : (ਪ੍ਰਿਤਪਾਲ ਸਿੰਘ)- ਤਰਨਤਾਰਨ ਜਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਰਾਜਨੀਤਿਕ ਹੁਲਾਰਾ ਮਿਲਿਆ ਹੈ। ਵੀਰਵਾਰ ਨੂੰ ਸੈਂਕੜੇ ਕਾਂਗਰਸੀ ਪਰਿਵਾਰ ਆਪਣੀ ਪਾਰਟੀ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ। ਸਾਰੇ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਪਣਾ ਪੂਰਾ ਵਿਸ਼ਵਾਸ ਪ੍ਰਗਟ ਕੀਤਾ ਅਤੇ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।ਡੇਰਾ ਬਾਬਾ ਨਾਨਕ ਮਾਰਕੀਟ ਕਮੇਟੀ ਦੇ ਚੇਅਰਮੈਨ ਰਣਜੀਤ ਸਿੰਘ ਬਾਠ ਦੀ ਰਹਿਨੁਮਾਈ 'ਚ 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਗੁਰਸਿਮਰਨ ਸਿੰਘ, ਗੁਰਪ੍ਰੀਤ ਸਿੰਘ, ਆਲਮਦੀਪ ਸਿੰਘ, ਮਨਦੀਪ ਸਿੰਘ, ਮੇਜਰ ਸਿੰਘ, ਨੰਦ ਲਾਲ ਅਤੇ ਫਰਮਾਨ ਸ਼ਾਮਲ ਹਨ ।'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ,ਵਿਧਾਇਕ ਚੇਤਨ ਸਿੰਘ ਜੋੜੇਮਾਜਰਾ ਅਤੇ ਚੇਅਰਮੈਨ ਗੁਰਦੇਵ ਸਿੰਘ ਲਾਖਨਾ ਨੇ ਪਾਰਟੀ ਵਿੱਚ ਆਏ ਆਗੂਆਂ ਦਾ ਨਿੱਘਾ ਸਵਾਗਤ ਕੀਤਾ।ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵੀ ਨੌਜਵਾਨ ਆਗੂਆਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਜ਼ਿਮਨੀ ਚੋਣ ਭਾਵੇਂ ਸਰਕਾਰ ਬਣਾਉਣ ਜਾਂ ਬਦਲਣ ਦੀ ਚੋਣ ਨਹੀਂ ਹੈ, ਪਰ ਇਹ ਚੋਣ ਪੰਜਾਬ ਦੇ ਆਪਸੀ ਭਾਈਚਾਰੇ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੇ ਪਿਛਲੇ ਸਾਢੇ ਤਿੰਨ ਸਾਲਾਂ ਦੇ ਲੋਕ-ਪੱਖੀ ਕੰਮਾਂ 'ਤੇ ਮੋਹਰ ਲਾਉਣ ਦੀ ਚੋਣ ਹੈ।



# ਬਾਬਾ ਮਿੱਢ ਦੀ ਯਾਦ 'ਚ ਸਲਾਨਾ ਪੇਂਡੂ ਖੇਡ ਤੇ ਸੱਭਿਆਚਾਰਕ ਮੇਲਾ ਕਰਵਾਇਆ

ਧਾਰੀਵਾਲ : (ਮਨਦੀਪ ਸਿੰਘ ਵਿੱਕੀ) - ਪਿੰਡ ਫੈਜਉੱਲਾਚੱਕ ਗ੍ਰਾਮ ਪੰਚਾਇਤ ਅਤੇ ਗੁਰਾਇਆ ਯੂਥ ਕਲੱਬ ਵਲੋਂ ਐਨ ਆਰ ਆਈ ਵੀਰਾਂ ਅਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਬਾਬਾ ਮਿੱਢ ਜੀ ਦੀ ਯਾਦ ਵਿੱਚ ਸਲਾਨਾ ਛੇ ਰੋਜ਼ਾ ਜੋੜ ਮੇਲਾ ਮਨਾਇਆ ਗਿਆ। ਟੂਰਨਾਂਮੈਂਟ ਦਾ ਉਦਘਾਟਨ ਪਿੰਡ ਦੀ ਸਰਪੰਚ ਕੁਲਵੰਤ ਕੌਰ ਦੇ ਪਤੀ ਸੀਨੀਅਰ ਆਗੂ ਰਛਪਾਲ ਸਿੰਘ ਗੋਰਾਇਆ ਨੇ ਕੀਤਾ। ਫੁੱਟਬਾਲ ਟੂਰਨਾਮੈਂਟ ਦੌਰਾਨ ਜੂਨੀਅਰ ਵਰਗ ਮੁਕਾਬਲੇ ਵਿੱਚ ਫੈਜਉੱਲਾਚੱਕ ਦੀ ਟੀਮ ਨੇ ਬੂਲੇਵਾਲ ਦੀ ਟੀਮ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਸੀਨੀਅਰ ਵਰਗ ਦੇ ਫਾਈਨਲ ਮੁਕਾਬਲੇ ਵਿੱਚ ਕਾਲਾ ਅਫਗਾਨਾ ਦੀ ਟੀਮ ਨੇ ਬਹਿਬਲਚੱਕ ਦੀ ਟੀਮ ਨੂੰ ਹਰਾ ਕੇ ਜਿੱਤ ਹਾਸਲ ਕੀਤੀ। ਇਸ ਦੌਰਾਨ ਧਾਰਮਿਕ ਦੀਵਾਨ ਵਿੱਚ ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤ ਨੂੰ ਨਿਹਾਲ ਕੀਤਾ। ਮੇਲੇ ਦੇ ਅਖੀਰਲੇ ਦਿਨ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਮੇਲੇ ਆਪਸੀ ਭਾਈਚਾਰਕ ਸਾਂਝ ਵਧਾਉਂਦੇ ਹਨ। ਉਨ੍ਹਾਂ ਕਿਹਾ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਵੱਲ ਵਧੇਰੇ ਰੁਚੀ ਰੱਖਣੀ ਚਾਹੀਦੀ ਹੈ। ਇਸ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵਿੱਚ ਗਾਇਕ ਸਤ ਸਲਾਮਤ ਜੋਗਾ ਨੇ ਆਪਣੇ ਚਰਚਿੱਤ ਗੀਤਾਂ ਨਾਲ ਸ਼ਰੋਤਿਆਂ ਨੂੰ ਲੰਮਾ ਸਮਾਂ ਕੀਲੀ ਰੱਖਿਆ। ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿੱਚ ਨਾਨਕਸਰ ਕਲੱਬ ਗੁਰਦਾਸਪੁਰ ਦੀ ਟੀਮ ਨੇ ਸੰਤ ਬਾਬਾ ਹਜਾਰਾ ਸਿੰਘ ਲਾਇਨਜ਼ ਕਲੱਬ ਦੀ ਟੀਮ ਨੂੰ 28-18 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਮਾਲੀ ਦੀ ਕੁਸ਼ਤੀ ਪਹਿਲਵਾਨ ਗੌਰਵ ਅਜਨਾਲਾ ਨੇ ਪਹਿਲਵਾਨ ਆਰਿਫ ਘੁੰਮਣ ਕਲਾਂ ਨੂੰ ਢਾਹ ਕੇ ਜਿੱਤੀ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਅਤੇ ਜੇਤੂਆਂ ਨੂੰ ਨਕਦ ਇਨਾਮ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



# ਜ਼ਿਮਨੀ ਚੋਣ ਦੌਰਾਨ ਪੰਜਾਬ ਸਰਕਾਰ ਨੂੰ ਘੇਰਨ ਦੀ ਤਿਆਰੀ 'ਚ ਨੈਸ਼ਨਲ ਹੈਲਥ ਮਿਸ਼ਨ ਦੇ ਕੱਚੇ ਸਿਹਤ ਮੁਲਾਜ਼ਮ

ਚੋਹਲਾ ਸਾਹਿਬ (ਰਮਨ ਚੱਢਾ)-ਸਿਹਤ ਵਿਭਾਗ ਵਿੱਚ ਯੋਗ ਪ੍ਰਣਾਲੀ ਰਾਹੀਂ ਭਰਤੀ ਕੀਤੇ ਨੈਸ਼ਨਲ ਹੈਲਥ ਮਿਸ਼ਨ ਅਧੀਨ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਠੇਕੇ 'ਤੇ ਕੰਮ ਕਰਦੇ ਕੱਚੇ ਸਿਹਤ ਮੁਲਾਜ਼ਮਾਂ ਨਾਲ ਪੱਕੇ ਵਾਅਦੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਆਪਣੇ ਵਾਅਦਿਆਂ ਤੋਂ ਭੱਜਦੀ ਨਜ਼ਰ ਆ ਰਹੀ ਹੈ ।ਪਿਛਲੀਆਂ ਸਰਕਾਰਾਂ ਵਾਂਗ ਐਨ.ਐਚ.ਐਮ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਸਬੰਧ ਵਿੱਚ ਚਾਰ ਸਾਲ ਬੀਤ ਜਾਣ ਤੋਂ ਬਾਅਦ ਵੀ ਮੌਜੂਦਾ ਪੰਜਾਬ ਸਰਕਾਰ ਨੇ ਲਾਰਾ ਲਾਊ ਅਤੇ ਡੰਗ ਟਪਾਊ ਨੀਤੀ ਅਪਣਾਉਂਦਿਆਂ ਐਨ.ਐਚ.ਐਮ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਜਿਵੇਂ ਬਰਾਬਰ ਯੋਗਤਾ-ਬਰਾਬਰ ਕੰਮ- ਬਰਾਬਰ ਤਨਖਾਹਾਂ ਅਤੇ ਗ੍ਰੇਚੁਟੀ ਵਰਗੀਆਂ ਅਹਿਮ ਵਿੱਤੀ ਮੰਗਾਂ ਨੂੰ ਪੂਰਾ ਕਰਨ ਲਈ ਅਜੇ ਤੱਕ ਕੋਈ ਸਪੱਸ਼ਟ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ। ਪਹਿਲੀਆਂ ਸਰਕਾਰਾਂ ਦੇ ਉਲਟ ਮੌਜੂਦਾ ਭਗਵੰਤ ਮਾਨ ਸਰਕਾਰ ਵੱਲੋਂ ਚਾਰ ਸਾਲਾਂ ਵਿੱਚ ਨੈਸ਼ਨਲ ਹੈਲਥ ਮਿਸ਼ਨ ਦੇ ਕੱਚੇ ਸਿਹਤ ਮੁਲਾਜ਼ਮਾਂ ਲਈ ਇੱਕ ਧੇਲੇ ਦਾ ਵੀ ਐਲਾਨ ਨਹੀਂ ਕੀਤਾ ਜਿਸ ਕਰਕੇ ਐਨ.ਐਚ.ਐਮ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਐਨ ਐਚ ਐਮ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਆਪਣਾ ਰੋਸ ਪ੍ਰਗਟਾਉਂਦਿਆਂ 6 ਨਵੰਬਰ ਨੂੰ ਤਰਨ ਤਾਰਨ ਜ਼ਿਮਨੀ ਚੋਣਾਂ ਦੌਰਾਨ ਪੰਜਾਬ ਸਰਕਾਰ ਖਿਲਾਫ ਪਰਚੇ ਵੰਡ ਕੇ ਪੰਜਾਬ ਸਰਕਾਰ ਨੂੰ ਘੇਰਨ ਦਾ ਐਲਾਨ ਕੀਤਾ ਹੈ। ਨਿਗੂਣੀਆਂ ਤਨਖਾਹਾਂ ਵਿੱਚ ਵਾਧਾ ਅਤੇ ਹੋਰ ਹੱਕੀ ਮੰਗਾਂ ਸੰਬੰਧੀ ਪਿਛਲੇ 2 ਸਾਲਾਂ ਦੌਰਾਨ ਕੀਤੀਆਂ ਗਈਆਂ ਲੱਗਭੱਗ 30-35 ਦੇ ਕਰੀਬ ਮੀਟਿੰਗਾਂ ਵਿਚ ਵੀ ਕੋਈ ਹੱਲ ਨਹੀਂ ਕੀਤਾ ਗਿਆ ਅਤੇ ਮੀਟਿੰਗਾਂ ਦੌਰਾਨ ਸਿਰਫ਼ ਲਾਰਿਆਂ ਦੀ ਪੰਡ ਦੇ ਸਿਵਾ ਕੁਝ ਵੀ ਨਹੀਂ ਦਿੱਤਾ ਗਿਆ। ਇਹਨਾਂ ਗੱਲਾਂ ਦਾ ਪ੍ਰਗਟਾਵਾ ਐਨ.ਐਚ.ਐਮ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੂਬਾ ਆਗੂ ਸੰਦੀਪ ਕੌਰ ਅਤੇ ਗੁਲਸ਼ਨ ਸ਼ਰਮਾ ਵਲੋਂ ਪ੍ਰੈਸ ਨਾਲ ਗੱਲਬਾਤ ਦੌਰਾਨ ਕੀਤਾ ਗਿਆ । ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀ ਨੈਸ਼ਨਲ ਹੈਲਥ ਮਿਸ਼ਨ ਇੰਪਲਾਈਜ਼ ਯੂਨੀਅਨ 6 ਨਵੰਬਰ ਨੂੰ ਨੈਸ਼ਨਲ ਹੈਲਥ ਮਿਸ਼ਨ ਦੇ ਕੱਚੇ ਕਾਮੇ ਤਰਨ ਤਾਰਨ ਵਿੱਚ ਹੋ ਰਹੀ ਜ਼ਿਮਨੀ ਚੋਣ 'ਚ ਸੂਬਾ ਪੱਧਰੀ ਰੋਸ ਰੈਲੀ ਕਰਕੇ ਭਗਵੰਤ ਮਾਨ ਦੀ ਆਪ ਸਰਕਾਰ ਦਾ ਪਿੱਟ ਸਿਆਪਾ ਕਰਣਨਗੇ । ਉਹਨਾਂ ਕਿਹਾ ਇਸ ਰੋਸ ਚ ਪੰਜਾਬ ਭਰ ਤੋਂ ਐਨ ਐਚ ਐਮ ਦੇ ਲਗਭਗ 9000 ਕੱਚੇ ਮੁਲਾਜ਼ਮ ਹਿੱਸਾ ਲੈਣਗੇ। ਇਸ ਮੌਕੇ ਜਸਵੀਰ ਸਿੰਘ ਜ਼ਿਲ੍ਹਾ ਪ੍ਰਧਾਨ, ਮਨਦੀਪ ਸਿੰਘ ਜਨਰਲ ਸਕੱਤਰ, ਲਵਲੀਨ ਕੌਰ ਡੀ ਪੀ ਐੱਮ ਤਰਨ ਤਾਰਨ, ਅਰੁਸ਼ ਭੱਲਾ ਤਰਨ ਤਾਰਨ ਕੋਆਰਡੀਨੇਟਰ, ਸੁਰਿੰਦਰ ਸਿੰਘ ਕੋਆਰਡੀਨੇਟਰ, ਵਿਸ਼ਾਲ ਕੁਮਾਰ ਬਲਾਕ ਅੰਕੜਾ ਸਹਾਇਕ, ਅਮਨਦੀਪ ਸਿੰਘ, ਪਰਮਿੰਦਰ ਸਿੰਘ ਪ੍ਰੈਸ ਸਕੱਤਰ, ਕੁਲਵਿੰਦਰ ਸਿੰਘ ਪ੍ਰੈਸ ਸਕੱਤਰ, ਸਿਮਰਨ ਸਿੰਘ, ਰਮਿੰਦਰ ਕੌਰ, ਚਰਨਜੀਤ ਸਿੰਘ, ਵਿੱਦਿਆ, ਜੁਗਰਾਜ ਸਿੰਘ, ਕਮਲਜੀਤ ਸਿੰਘ, ਸੰਦੀਪ ਕੁਮਾਰ, ਨੀਰੂ ਮੰਨਣ, ਅਮਰਜੀਤ ਕੌਰ, ਬਲਜੀਤ ਸਿੰਘ, ਹਰਜਿੰਦਰ ਸਿੰਘ, ਪਰਵੀਨ ਕੌਰ, ਕਰਮਜੀਤ ਕੌਰ, ਸਵਰੂਪ ਕੌਰ, ਰਵਿੰਦਰ ਕੌਰ, ਪ੍ਰੀਤਪਾਲ ਕੌਰ, ਕੁਲਵੰਤ ਕੌਰ ਅਕਾਊਂਟੈਂਟ, ਮਨਜਿੰਦਰ ਸਿੰਘ, ਗੁਰਪ੍ਰੀਤ ਕੌਰ ਅਕਾਊਂਟੈਂਟ, ਗੁਰਜੀਤ ਸਿੰਘ, ਜਗਦੀਪ ਕੌਰ, ਗੁਰਤੇਜ ਸਿੰਘ ਫਾਰਮਾਸਿਸਟ, ਡਾਕਟਰ ਚੰਦਨ ਸ਼ਰਮਾ, ਡਾਕਟਰ ਜੇ ਪੀ ਸਿੰਘ, ਅਮਨਦੀਪ ਕੌਰ ਸਟਾਫ਼ ਨਰਸ, ਮੀਨੂ ਅਤੇ ਕੁਲਵੰਤ ਸਿੰਘ ਸੂਚਨਾ ਸਹਾਇਕ ਕਰਮਚਾਰੀ ਹਾਜ਼ਰ ਹਨ ।



# 'ਗ਼ਦਰੀ ਬਾਬਿਆਂ' ਦੇ ਮੇਲੇ ਨੂੰ ਸਮਰਪਿਤ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ

## ਧੰਨਵਾਦ

'ਮੇਲਾ ਗ਼ਦਰੀ ਬਾਬਿਆਂ ਦਾ' ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਲਈ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ।

ਬਲਵਿੰਦਰ ਸਿੰਘ ਵਜੀਦਕੇ
ਪ੍ਰਤੀਨਿਧ ਮਹਿਲ ਕਲਾਂ
ਮੋ: 94177-57111

ਪ੍ਰਦੀਪ ਸਿੰਘ ਲੋਹਗੜ੍ਹ
ਪ੍ਰਤੀਨਿਧ ਮਹਿਲ ਕਲਾਂ
ਮੋ: 99156-42326

## ਸਾਡੇ ਮਾਰਗ ਦਰਸ਼ਕ

ਅਵਤਾਰ ਸਿੰਘ ਅਣਖੀ
ਸੀਨੀਅਰ ਪੱਤਰਕਾਰ
ਸਰਪ੍ਰਸਤ ਪ੍ਰੈਸ ਕਲੱਬ ਮਹਿਲ ਕਲਾਂ

ਬਲਜਿੰਦਰ ਸਿੰਘ ਢਿੱਲੋਂ
ਸੀਨੀਅਰ ਪੱਤਰਕਾਰ
ਪ੍ਰਧਾਨ ਪ੍ਰੈਸ ਕਲੱਬ ਮਹਿਲ ਕਲਾਂ

## ਮਹਿਲ ਕਲਾਂ ਸਪਲੀਮੈਂਟ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸਹਿਯੋਗੀ

ਹਰਵਿੰਦਰ ਕੁਮਾਰ ਜਿੰਦਲ, ਉੱਘੇ ਕਾਰੋਬਾਰੀ
ਹਰਦੀਪ ਸਿੰਘ ਬੀਹਲਾ
ਜਗਦੀਪ ਸਿੰਘ ਮਠਾੜੂ, ਮਹਿਲ ਪਲਾਈਵੁੱਡ
ਮੰਗਤ ਸਿੰਘ ਸਿੱਧੂ, ਸਮਾਜ ਸੇਵੀ
ਰਵੀ ਧਨੇਰ, ਕਿਸਾਨ ਆਗੂ
ਬਲਜੀਤ ਸਿੰਘ ਪੰਡੋਰੀ, ਲੋਕ ਸੰਪਰਕ ਵਿਭਾਗ
ਡਾ: ਜਗਰਾਜ ਸਿੰਘ ਹੈਪੀ, ਛਾਪਾ
ਭਾਈ ਜਗਸੀਰ ਸਿੰਘ, ਪ੍ਰਸਿੱਧ ਰਾਗੀ
ਡਾ: ਅੰਮ੍ਰਿਤ ਸਿੰਘ, ਨੰਬਰਦਾਰ ਲੋਹਗੜ੍ਹ
ਗੁਰਪ੍ਰੀਤ ਸਿੰਘ ਅਣਖੀ, ਪੱਤਰਕਾਰ
ਮਾ: ਹਰਮਨਜੀਤ ਸਿੰਘ, ਕੁਤਬਾ
ਕੁਲਵੀਰ ਸਿੰਘ ਔਲਖ, ਇੰਜਨੀਅਰ
ਜਗਮੋਹਨ ਸ਼ਾਹ, ਰਾਏਸਰ
ਤਰਨ ਬਾਜਵਾ, ਛਾਪਾ
ਭਾਈ ਰਾਜਵਿੰਦਰ ਸਿੰਘ, ਪ੍ਰਸਿੱਧ ਰਾਗੀ

## ਸੰਦੇਸ਼

ਭਾਈ ਲਾਲੋਆਂ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਰੋਜ਼ਾਨਾ ਨਵਾਂ ਜ਼ਮਾਨਾ ਵੱਲੋਂ ਮੇਲਾ ਗ਼ਦਰੀ ਬਾਬਿਆਂ ਨੂੰ ਸਮਰਪਿਤ ਮਹਿਲ ਕਲਾਂ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਜਾਣੇ 'ਤੇ ਸਮੂਹ ਪਾਠਕਾਂ ਨੂੰ ਲੱਖ ਲੱਖ ਵਧਾਈ

ਕਾਮਰੇਡ ਸੁਰਿੰਦਰ ਸਿੰਘ, ਜਲਾਲਦੀਵਾਲ ਟਰੱਸਟੀ ਦੇਸ਼ ਭਗਤ ਯਾਦਗਾਰੀ ਕਮੇਟੀ
ਕੁਲਵੰਤ ਸਿੰਘ ਪੰਡੋਰੀ, ਵਿਧਾਇਕ ਮਹਿਲ ਕਲਾਂ ਅਤੇ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ
ਡਾ: ਅਮਨਦੀਪ ਸਿੰਘ ਟੱਲੇਵਾਲੀਆ, ਪ੍ਰਸਿੱਧ ਡਾਕਟਰ ਅਤੇ ਲੇਖਕ ਬਰਨਾਲਾ
ਮਹੰਤ ਕਿਰਨ, ਸਮਾਜ ਸੇਵਿਕਾ
ਸੁਸ਼ੀਲ ਕੁਮਾਰ ਗੋਇਲ, ਐਮ.ਡੀ. ਹੋਲੀ ਹਾਰਟ ਸਕੂਲ
ਜਗਸੀਰ ਸਿੰਘ ਸਹਿਜੜਾ, ਪੱਤਰਕਾਰ
ਜਗਦੀਪ ਸਿੰਘ ਅਣਖੀ, ਆਸਟ੍ਰੇਲੀਆ

ਸ੍ਰੀ ਰਾਹੁਲ ਗਾਂਧੀ, ਸੀਨੀਅਰ ਆਗੂ ਕਾਂਗਰਸ
ਸ. ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ
ਸ. ਚਰਨਜੀਤ ਸਿੰਘ ਚੰਨੀ, ਸਾਬਕਾ ਮੁੱਖ ਮੰਤਰੀ, ਪੰਜਾਬ
ਸ. ਪ੍ਰਤਾਪ ਸਿੰਘ ਬਾਜਵਾ, ਨੇਤਾ ਵਿਰੋਧੀ ਧਿਰ, ਕਾਂਗਰਸ

ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ 'ਤੇ ਸੀਨੀਅਰ ਪੱਤਰਕਾਰ ਬਲਵਿੰਦਰ ਸਿੰਘ ਵਜੀਦਕੇ ਅਤੇ ਪੱਤਰਕਾਰ ਪ੍ਰਦੀਪ ਸਿੰਘ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ

ਸ. ਗੁਰਮੇਲ ਸਿੰਘ ਮੌੜ
ਸੀਨੀਅਰ ਕਾਂਗਰਸੀ ਆਗੂ ਹਲਕਾ ਮਹਿਲ ਕਲਾਂ (ਬਰਨਾਲਾ)

## ਨਿੱਘੀ ਸ਼ਰਧਾਂਜਲੀ

ਸੱਚਖੰਡ ਵਾਸੀ ਸੰਤ ਜਸਵੀਰ ਸਿੰਘ ਖਾਲਸਾ, ਕਾਲਾਮਾਲਾ ਸਾਹਿਬ ਛਾਪਾ
ਕਾਮਰੇਡ ਪ੍ਰੀਤਮ ਸਿੰਘ ਦਰਦੀ, ਲੈਨਿਨ ਕਿਤਾਬ ਘਰ ਮਹਿਲ ਕਲਾਂ

'ਮੇਲਾ ਗਦਰੀ ਬਾਬਿਆਂ ਦਾ' ਨੂੰ ਸਮਰਪਿਤ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ 'ਤੇ ਉੱਦਮੀ ਪੱਤਰਕਾਰ ਪ੍ਰਦੀਪ ਸਿੰਘ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਮੁਬਾਰਕਾਂ

**ਮਨਜੀਤ ਸਿੰਘ ਧਨੇਸਰ ਲੋਹਗੜ੍ਹ**

## ਘਰ ਦੀ ਰੌਣਕ

ਹਰਜਾਪ ਸਿੰਘ ਅਸਟ੍ਰੇਲੀਆ
ਵਿਪਨਪ੍ਰੀਤ ਕੌਰ

'ਮੇਲਾ ਗਦਰੀ ਬਾਬਿਆਂ ਦਾ' ਨੂੰ ਸਮਰਪਿਤ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਲੱਖ-ਲੱਖ ਮੁਬਾਰਕਾਂ

ਸ: ਸਿਮਰਨਜੀਤ ਸਿੰਘ ਮਾਨ, ਕੌਮੀ ਪ੍ਰਧਾਨ
ਸ. ਗੁਰਜੰਟ ਸਿੰਘ ਕੱਟੂ, ਹਲਕਾ ਇੰਚਾਰਜ ਮਹਿਲ ਕਲਾਂ


/punjabkitabgharau /punjabkitabgharau /punjabkitabghar /punjabkitabghar

Australia's No. 1 Punjabi Book Store

**ਪੰਜਾਬ ਕਿਤਾਬ ਘਰ**
ਮੈਲਬੌਰਨ (ਆਸਟ੍ਰੇਲੀਆ)

◆ ਸਿੱਖ ਇਤਿਹਾਸ ◆ ਉਸਾਰੂ ਸਾਹਿਤ ◆ ਬਾਲ ਸਾਹਿਤ ◆ ਕਾਇਦੇ

www.punjabkitabghar.com +61 414 498 719


'ਮੇਲਾ ਗ਼ਦਰੀ ਬਾਬਿਆਂ ਦਾ' ਨੂੰ ਸਮਰਪਿਤ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ 'ਤੇ ਮੁਬਾਰਕਾਂ

ਬਾਬਾ ਸ਼ੇਰ ਸਿੰਘ ਖਾਲਸਾ ਮਹਿਲ ਕਲਾਂ
ਪ੍ਰਧਾਨ ਗੁ: ਪ੍ਰਬੰਧਕ ਕਮੇਟੀ ਛੇਵੀਂ ਪਾਤਸ਼ਾਹੀ ਮਹਿਲ ਕਲਾਂ

'ਮੇਲਾ ਗਦਰੀ ਬਾਬਿਆਂ ਦਾ' ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਪੱਤਰਕਾਰ ਪ੍ਰਦੀਪ ਸਿੰਘ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ

**ਲੱਖ-ਲੱਖ ਵਧਾਈਆਂ!**

ਸ. ਕੁਲਵੰਤ ਸਿੰਘ ਪੰਡੋਰੀ, ਵਿਧਾਇਕ
ਚੇਅਰਮੈਨ, ਵਿਸ਼ੇਸ਼ ਅਧਿਕਾਰ ਕਮੇਟੀ, ਪੰਜਾਬ ਵਿਧਾਨ ਸਭਾ

ਅਰੁਣ ਕੁਮਾਰ ਬਾਂਸਲ (ਅੱਪੂ)
ਹਲਕਾ ਕੁਆਰਡੀਨੇਟਰ, ਯੂਥ ਵਿੰਗ

ਸਰਪੰਚ ਬੀਬੀ ਕਿਰਨਾ ਰਾਣੀ ਬਾਂਸਲ

ਵਲੋਂ : ਅਰੁਣ ਬਾਂਸਲ, ਕੁਆਰਡੀਨੇਟਰ ਯੂਥ ਵਿੰਗ ਹਲਕਾ ਮਹਿਲ ਕਲਾਂ ਮੋ: 79731-48008

ਸਵ. ਸੁਖਦੇਵ ਸਿੰਘ ਢੀਂਡਸਾ, ਸਾਬਕਾ ਮੈਂਬਰ ਰਾਜ ਸਭਾ
ਸ. ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਕੈਬਨਿਟ ਮੰਤਰੀ

ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਸਮੂਹ ਪਾਠਕਾਂ ਨੂੰ

**ਲੱਖ-ਲੱਖ ਵਧਾਈਆਂ!**

ਸਵ. ਕੁਲਰਾਜ ਸਿੰਘ ਗਿੱਲ

**ਰੂਬਲ ਗਿੱਲ ਕੈਨੇਡਾ**
ਯੂਥ ਆਗੂ ਅਤੇ ਕਾਰੋਬਾਰੀ ਮੋ: 97809-00003

'ਮੇਲਾ ਗ਼ਦਰੀ ਬਾਬਿਆਂ ਦਾ' ਨੂੰ ਸਮਰਪਿਤ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ 'ਤੇ ਸੀਨੀਅਰ ਪੱਤਰਕਾਰ ਬਲਵਿੰਦਰ ਵਜੀਦਕੇ ਅਤੇ ਉੱਦਮੀ ਪੱਤਰਕਾਰ ਪ੍ਰਦੀਪ ਸਿੰਘ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਮੁਬਾਰਕਾਂ

**ਸ: ਸਰਬਜੀਤ ਸਿੰਘ ਸੰਭੂ**
ਸਰਪੰਚ ਪਿੰਡ ਮਹਿਲ ਕਲਾਂ ਸੋਢੇ




ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ 'ਤੇ ਸਾਡੇ ਪਿੰਡ ਦਾ ਮਾਣ ਪੱਤਰਕਾਰ ਪ੍ਰਦੀਪ ਸਿੰਘ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ

ਸਰਪੰਚ ਹਰਜਿੰਦਰ ਕੌਰ
ਪੰਚ ਬੇਅੰਤ ਸਿੰਘ
ਪੰਚ ਬੰਤ ਸਿੰਘ
ਪੰਚ ਗੁਰਪ੍ਰੀਤ ਸਿੰਘ
ਪੰਚ ਗੁਰਮੇਲ ਸਿੰਘ
ਪੰਚ ਬੀਰਪਾਲ ਕੌਰ
ਪੰਚ ਪਰਮਜੀਤ ਕੌਰ
ਪੰਚ ਸੁਰਨਜੀਤ ਕੌਰ
ਪੰਚ ਨਿਰਪਾਲ ਸਿੰਘ
ਗੁਰਵਿੰਦਰ ਸਿੰਘ ਰਿੰਕੂ

ਵੱਲੋਂ : ਗ੍ਰਾਂਮ ਪੰਚਾਇਤ ਲੋਹਗੜ੍ਹ (ਬਰਨਾਲਾ)

ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ 'ਤੇ ਨੌਜਵਾਨ ਪੱਤਰਕਾਰ ਪ੍ਰਦੀਪ ਸਿੰਘ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ

ਮਹੰਤ ਜਤਿੰਦਰ ਸਿੰਘ, ਮੁੱਖ ਸੇਵਾਦਾਰ ਨਿਰਮਲੇ ਡੇਰਾ ਲੋਹਗੜ੍ਹ
ਮਹੰਤ ਚਮਕੌਰ ਸਿੰਘ ਲੋਹਗੜ੍ਹ, ਪ੍ਰਧਾਨ ਨਿਰਮਲ ਮਾਲਵਾ ਸਾਧੂ ਸੰਗ

ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਜਾਣ 'ਤੇ ਉੱਦਮੀ ਪੱਤਰਕਾਰ ਪ੍ਰਦੀਪ ਸਿੰਘ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ

ਸਰਪੰਚ ਗੁਰਦੀਪ ਸਿੰਘ ਛਾਪਾ, ਬਲਾਕ ਪ੍ਰਧਾਨ ਆਪ ਮਹਿਲ ਕਲਾਂ
ਭਿੰਦਰ ਸਿੰਘ, ਨਾਮਧਾਰੀਆ ਛਾਪਾ




'ਮੇਲਾ ਗ਼ਦਰੀ ਬਾਬਿਆਂ ਦਾ' ਮੌਕੇ ਮਹਾਨ ਸੂਰਬੀਰਾਂ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਦੇ ਹਾਂ

ਅਮਰਿੰਦਰ ਸਿੰਘ ਰਾਜਾ ਵੜਿੰਗ, ਸੂਬਾ ਪ੍ਰਧਾਨ ਕਾਂਗਰਸ
ਚਰਨਜੀਤ ਸਿੰਘ ਚੰਨੀ, ਮੈਂਬਰ ਪਾਰਲੀਮੈਂਟ
ਕੁਲਦੀਪ ਸਿੰਘ ਕਾਲਾ ਢਿੱਲੋਂ, ਵਿਧਾਇਕ ਬਰਨਾਲਾ
ਐਡਵੋਕੇਟ ਜਸਵੀਰ ਸਿੰਘ ਖੇੜੀ, ਹਲਕਾ ਆਗੂ ਮਹਿਲ ਕਲਾਂ
ਜਸਮੇਲ ਸਿੰਘ ਡੇਅਰੀਵਾਲਾ, ਜ਼ਿਲ੍ਹਾ ਚੇਅਰਮੈਨ ਐਸ ਸੀ ਵਿੰਗ ਕਾਂਗਰਸ
ਪਰਮਿੰਦਰ ਸਿੰਘ ਸ਼ੰਮੀ, ਬਲਾਕ ਪ੍ਰਧਾਨ ਮਹਿਲ ਕਲਾਂ
ਜਸਮੇਲ ਸਿੰਘ ਬੜੀ, ਬਲਾਕ ਪ੍ਰਧਾਨ ਸ਼ੇਰਪੁਰ
ਗੁਰਮੇਲ ਸਿੰਘ ਮੌੜ, ਸੀਨੀਅਰ ਆਗੂ
ਜਰਨੈਲ ਸਿੰਘ ਠੁੱਲੀਵਾਲ, ਸੀਨੀਅਰ ਆਗੂ
ਡਾ: ਅਮਰਜੀਤ ਸਿੰਘ ਮਹਿਲ ਕਲਾਂ, ਸੀਨੀਅਰ ਆਗੂ

ਵੱਲੋਂ : ਸਮੂਹ ਆਗੂ, ਵਰਕਰ ਕਾਂਗਰਸੀ ਪਾਰਟੀ ਬਲਾਕ ਮਹਿਲ ਕਲਾਂ (ਬਰਨਾਲਾ)

ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਰੋਜ਼ਾਨਾ ਨਵਾਂ ਜਮਾਨਾਂ ਵੱਲੋਂ ਮੇਲਾ ਗ਼ਦਰੀ ਬਾਬਿਆਂ ਦਾ ਮੌਕੇ 'ਤੇ ਮਹਿਲ ਕਲਾਂ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਜਾਣੇ 'ਤੇ ਸਮੂਹ ਕਿਰਤੀ ਲੋਕਾਂ ਨੂੰ ਲਾਲ ਸਲਾਮ

ਅਰਵਿੰਦ ਕੇਜਰੀਵਾਲ, ਕੌਮੀ ਕਨਵੀਨਰ ਆਪ
ਮਨੀਸ਼ ਸਿਸੋਦੀਆ, ਪੰਜਾਬ ਇੰਚਾਰਜ
ਭਗਵੰਤ ਮਾਨ, ਮੁੱਖ ਮੰਤਰੀ ਪੰਜਾਬ
ਗੁਰਮੀਤ ਸਿੰਘ ਮੀਤ ਹੇਅਰ, ਐਮ.ਪੀ. ਸੰਗਰੂਰ
ਕੁਲਵੰਤ ਸਿੰਘ ਪੰਡੋਰੀ, ਵਿਧਾਇਕ ਮਹਿਲ ਕਲਾਂ
ਸੁਖਵਿੰਦਰ ਦਾਸ ਬਾਵਾ, ਚੇਅਰਮੈਨ ਮਾਰਕਿਟ ਕਮੇਟੀ
ਗੁਰਜੀਤ ਸਿੰਘ ਧਾਲੀਵਾਲ, ਬਲਾਕ ਪ੍ਰਧਾਨ
ਸਤੀਸ਼ ਕੁਮਾਰ ਬਾਂਸਲ, ਸੀਨੀਅਰ ਆਗੂ
ਅਵਤਾਰ ਸਿੰਘ ਖਾਲਸਾ, ਮਹਿਲ ਖੁਰਦ

ਵੱਲੋਂ : ਸਮੂਹ ਆਗੂ, ਵਰਕਰ ਆਮ ਆਦਮੀ ਪਾਰਟੀ ਬਲਾਕ ਮਹਿਲ ਕਲਾਂ (ਬਰਨਾਲਾ)

ਅਰਵਿੰਦ ਕੇਜਰੀਵਾਲ, ਕੌਮੀ ਕਨਵੀਨਰ ਆਪ
ਭਗਵੰਤ ਮਾਨ, ਮੁੱਖ ਮੰਤਰੀ ਆਪ
ਗੁਰਮੀਤ ਸਿੰਘ ਮੀਤ ਹੇਅਰ, ਐਮ.ਪੀ. ਸੰਗਰੂਰ

'ਮੇਲਾ ਗ਼ਦਰੀ ਬਾਬਿਆਂ ਦਾ' ਮੌਕੇ ਮਹਾਨ ਸੂਰਬੀਰਾਂ ਦੀ ਲਾਸਾਨੀ ਕੁਰਬਾਨੀ ਨੂੰ ਪ੍ਰਣਾਮ ਕਰਦੇ ਹਾਂ

ਕੁਲਵੰਤ ਸਿੰਘ ਪੰਡੋਰੀ, ਵਿਧਾਇਕ ਮਹਿਲ ਕਲਾਂ
ਗੁਰਪ੍ਰੀਤ ਸਿੰਘ ਗੁਰੀ ਔਲਖ, ਹਲਕਾ ਕੋਆਰਡੀਨੇਟਰ ਵਪਾਰ ਮੰਡਲ